@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 11 November 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 11 ਨਵੰਬਰ 2024, 27 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 1, qpatrika@gmail.com ਫੋਨ : 9971359517 www.qaumipatrika.org

## ਮਹਾਰਾਸ਼ਟਰ 'ਚ ਵਿਧਾਇਕ ਦੇ ਬੇਟੇ ਨੇ ਅਗਵਾ ਦਾ ਕੀਤਾ ਦਾਅਵਾ

ਪੁਣੇ 10 ਨਵੰਬਰ। ਮਹਾਰਾਸਟਰ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਰਾਸਟਰਵਾਦੀ ਕਾਂਗਰਸ ਪਾਰਟੀ (ਸਰਦ ਚੰਦਰ ਪਵਾਰ) ਦੇ ਵਿਧਾਇਕ ਅਸ਼ੋਕ ਪਵਾਰ ਦੇ ਪੁੱਤਰ ਨੇ ਦੋਸ ਲਾਇਆ ਹੈ ਕਿ ਕੁਝ ਵਿਅਕਤੀਆਂ ਨੇ ਉਸ ਨੂੰ ਅਗਵਾ ਕਰ ਲਿਆ ਤੇ ਉਸ ਕੋਲੋਂ 10 ਕਰੋੜ ਰੁਪਏ ਦੀ ਮੰਗ ਕੀਤੀ। ਪੁਲਸ ਨੇ ਐਤਵਾਰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸਨੀਵਾਰ ਇਸ ਸਬੰਧੀ ਇਕ ਔਰਤ ਸਮੇਤ 4 ਵਿਅਕਤੀਆਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਹੈ। ਇਸ 'ਚ ਕਿਹਾ ਗਿਆ ਹੈ ਕਿ ਮੁਲਜਮਾਂ ਨੇ ਪੁਣੇ ਜ਼ਿਲੇ ਦੇ ਸ਼ਿਰੂਰ ਤੋਂ ਵਿਧਾਇਕ ਅਸ਼ੋਕ ਪਵਾਰ ਦੇ ਪੁੱਤਰ ਰਿਸੀਰਾਜ ਪਵਾਰ ਨੂੰ ਕੁਝ ਲੋਕਾਂ ਨੂੰ ਮਿਲਣ ਲਈ ਬੁਲਾਇਆ ਜੋ ਕਥਿਤ ਤੌਰ 'ਤੇ ਐੱਨ.ਸੀ.ਪੀ. (ਸਰਦ ਚੰਦਰ ਪਵਾਰ) 'ਚ ਸਾਮਲ ਹੋਣਾ ਚਾਹੁੰਦੇ



ਸਨ। ਐੱਫ. ਆਈ. ਆਰ. ਅਨੁਸਾਰ ਮੁਲਜਮ ਉਸ ਨੂੰ ਆਪਣੇ ਮੋਟਰਸਾਈਕਲ 'ਤੇ ਇਕ ਬੰਗਲੇ 'ਚ ਲੈ ਗਏ। ਉੱਥੇ ਉਸ ਨੂੰ ਇਕ ਅਣਪਛਾਤੀ ਔਰਤ ਨਾਲ ਅਸਲੀਲ ਵੀਡੀਓ ਬਣਾਉਣ ਲਈ ਮਜਬੂਰ ਕੀਤਾ ਗਿਆ। ਮੁਲਜਮਾਂ ਨੇ ਵੀਡੀਓ ਨੂੰ ਸੋਸਲ ਮੀਡੀਆ 'ਤੇ ਵਾਇਰਲ ਨਾ ਕਰਨ ਦੇ ਬਦਲੇ 'ਚ ਕਥਿਤ ਤੌਰ 'ਤੇ 10 ਕਰੋੜ ਰੁਪਏ ਦੀ ਮੰਗ ਕੀਤੀ। ਰਿਸੀਰਾਜ ਇਸ ਰਕਮ ਦਾ ਪ੍ਰਬੰਧ ਕਰਨ ਦੇ ਬਹਾਨੇ ਉੱਥੋਂ ਖਿਸਕ ਆਇਆ। ਬਾਅਦ 'ਚ ਉਹ ਪੁਲਸ ਕੋਲ ਗਿਆ ਤੇ ਸ਼ਿਕਾਇਤ ਦਰਜ ਕਰਵਾਈ।

## ਕਾਂਗਰਸ ਆਗੂ ਮਤੀਨ ਅਹਿਮਦ 'ਆਪ' 'ਚ ਹੋਏ ਸ਼ਾਮਲ

ਨਵੀਂ ਦਿੱਲੀ 10 ਨਵੰਬਰ। ਕਾਂਗਰਸ ਆਗੂ ਅਤੇ ਸੀਲਮਪੁਰ ਤੋਂ 5 ਵਾਰ ਵਿਧਾਇਕ ਰਹੇ ਮਤੀਨ ਅਹਿਮਦ ਐਤਵਾਰ ਨੂੰ ਆਮ ਆਦਮੀ ਪਾਰਟੀ (ਆਪ) 'ਚ ਸ਼ਾਮਲ ਹੋ ਗਏ। ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੇ ਬੇਟੇ ਅਤੇ ਨੂੰਹ ਵੀ 'ਆਪ' 'ਚ ਸ਼ਾਮਲ ਹੋਏ ਸਨ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਾਂਗਰਸ



ਦੀ ਦਿੱਲੀ ਇਕਾਈ ਦੇ ਸੀਨੀਅਰ ਨੇਤਾ ਅਹਿਮਦ ਦੇ ਪਾਰਟੀ 'ਚ ਸ਼ਾਮਲ ਹੋਣ ਦਾ ਰਸਮੀ ਐਲਾਨ ਕੀਤਾ। ਕੇਜਰੀਵਾਲ ਨੇ ਪਾਰਟੀ 'ਚ ਸ਼ਾਮਲ ਹੋਏ ਨਵੇਂ ਮੈਂਬਰ ਦਾ ਸਵਾਗਤ ਕਰਦੇ ਹੋਏ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਯਮੁਨਾ ਪਾਰ ਖੇਤਰ 'ਚ ਚੌਧਰੀ ਮਤੀਨ ਅਹਿਮਦ ਜੀ ਜਨਤਾ ਵਿਚਾਲੇ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੇ ਆਏ ਹਨ।" ਅਹਿਮਦ ਦੇ ਬੇਟੇ ਚੌਧਰੀ ਜ਼ੁਬੈਰ ਅਹਿਮਦ ਅਤੇ ਉਨ੍ਹਾਂ ਦੀ ਕੌਂਸਲਰ ਪਤਨੀ ਸ਼ਗੁਫਾ ਚੌਧਰੀ 29 ਅਕਤੂਬਰ ਨੂੰ 'ਆਪ' 'ਚ ਸ਼ਾਮਲ ਹੋ ਗਏ ਸਨ।

## ਭਾਜਪਾ ਵਿਧਾਇਕ ਦੇ ਚਚੇਰੇ ਭਰਾ ਦਾ ਕੁੱਟ-ਕੁੱਟ ਕੇ ਕਤਲ

ਨੈਸ਼ਨਲ ਡੈਸਕ 10 ਨਵੰਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਵਿਧਾਇਕ ਬਾਬੂ ਰਾਮ ਪਾਸਵਾਨ ਦੇ ਚਚੇਰੇ ਭਰਾ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ। ਇਹ ਜਾਣਕਾਰੀ ਐਤਵਾਰ ਨੂੰ ਪੁਲਸ ਅਧਿਕਾਰੀ ਨੇ ਦਿੱਤੀ। ਇਹ ਘਟਨਾ ਉੱਤਰ ਪ੍ਰਦੇਸ਼ 'ਚ ਪੀਲੀਭੀਤ ਜ਼ਿਲ੍ਹੇ ਦੇ ਘੁੰਘਚਾਈ ਖੇਤਰ 'ਚ ਵਾਪਰੀ। ਸਰਕਿਲ ਅਫਸਰ (ਸੀਓ) ਵਿਸ਼ਾਲ ਚੌਧਰੀ ਨੇ ਦੱਸਿਆ ਕਿ ਸ਼ਿਕਾਇਤ ਅਨੁਸਾਰ ਮ੍ਰਿਤਕ ਫੂਲਚੰਦ ਦਾ ਆਪਣੇ ਗੁਆਂਢੀ ਮਹੇਂਦਰ ਨਾਲ ਵਿਵਾਦ ਚੱਲ ਰਿਹਾ ਸੀ। ਉਨ੍ਹਾਂ ਦੱਸਿਆ,"ਸ਼ਨੀਵਾਰ ਸਵੇਰੇ ਮਹੇਂਦਰ ਦੇ ਪਰਿਵਾਰ ਦੇ ਮੈਂਬਰ ਫੂਲਚੰਦ ਦੇ ਘਰ ਪਹੁੰਚੇ ਅਤੇ ਹੱਥੋਪਾਈ ਕੀਤੀ।" ਉਨ੍ਹਾਂ ਦੱਸਿਆ ਕਿ ਮਹੇਂਦਰ ਦੇ ਪਰਿਵਾਰ ਵਲੋਂ ਫੂਲਚੰਦ ਦੀ ਨਾਬਾਲਗ ਪੋਤੀ ਨੂੰ ਘੜੀਸਣ ਦੀ ਕੋਸ਼ਿਸ਼ ਤੋਂ ਬਾਅਦ ਦੋਹਾਂ ਪੱਖਾਂ ਵਿਚਾਲੇ ਫਿਰ ਤੋਂ ਹੱਥੋਪਾਈ ਸ਼ੁਰੂ ਹੋ ਗਈ। ਇਸ ਦੌਰਾਨ ਮਹੇਂਦਰ ਦੇ ਪਰਿਵਾਰ ਦੇ ਮੈਂਬਰਾਂ ਨੇ ਫੂਲਚੰਦ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੀ ਕੁੱਟਮਾਰ ਕਰ ਦਿੱਤੀ। ਸੀਓ ਨੇ ਦੱਸਿਆ ਕਿ ਜਖਮੀਆਂ ਨੂੰ ਸਿਹਤ ਕੇਂਦਰ 'ਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਫੂਲਚੰਦ ਦੀ ਮੌਤ ਹੋ ਗਈ। ਪੁਲਸ ਸੁਪਰਡੈਂਟ (ਐੱਸ.ਪੀ.) ਅਵਿਨਾਸ਼ ਪਾਂਡੇ ਨੇ ਦੱਸਿਆ ਕਿ ਘੁਘਚਾਈ ਥਾਣੇ ਦੇ ਅਧੀਨ ਉਦਰਾ ਪਿੰਡ 'ਚ ਕੁੱਟਮਾਰ ਦੌਰਾਨ ਫੂਲਚੰਦ (70) ਦੀ ਮੌਤ ਹੋ ਗਈ।

# ਅਨੁਸੂਚਿਤ ਜਾਤੀ, ਐੱਸਟੀ, ਦਲਿਤ ਆਦਿਵਾਸੀਆਂ ਦੀ ਏਕਤਾ ਕਾਰਨ ਖਤਮ ਹੋ ਰਿਹੈ ਕਾਂਗਰਸ ਦਾ ਸਮਰਥਨ: ਮੋਦੀ

**ਸਿੰਮੀ ਕੌਰ ਬੱਬਰ**

ਨਾਂਦੇੜ 10 ਨਵੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਕਿ ਅਨੁਸੂਚਿਤ ਜਾਤੀ (ਐੱਸਟੀ), ਅਨੁਸੂਚਿਤ ਕਬੀਲਿਆਂ (ਐੱਸਟੀ), ਦਲਿਤਾਂ ਅਤੇ ਆਦਿਵਾਸੀਆਂ ਦੀ ਏਕਤਾ ਕਾਰਨ ਕਾਂਗਰਸ ਨੂੰ ਸਾਲ ਦਰ ਸਾਲ ਸਮਰਥਨ ਗੁਆ ਰਿਹਾ ਹੈ। ਮੋਦੀ ਨੇ ਕਿਹਾ, "ਕਾਂਗਰਸ ਦੇ ਲੋਕ 'ਭਾਰਤ ਦਾ ਸੰਵਿਧਾਨ' ਲਿਖੀ ਲਾਲ ਕਿਤਾਬ ਦਿਖਾ ਰਹੇ ਹਨ, ਜਿਸ ਦੇ ਅੰਦਰਲੇ ਪੰਨੇ ਖਾਲੀ ਹਨ।" ਮਹਾਰਾਸਟਰ ਦੇ ਨਾਂਦੇੜ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਮੋਦੀ ਨੇ ਕਸਮੀਰ ਵਿੱਚ ਧਾਰਾ 370 ਨੂੰ ਬਹਾਲ ਕਰਨ ਦੀ ਵਿਰੋਧੀ ਪਾਰਟੀ ਦੀ ਮੰਗ ਦਾ ਹਵਾਲਾ ਦਿੰਦੇ ਹੋਏ ਪੁੱਛਿਆ, "ਕਾਂਗਰਸ ਦੇ ਲੋਕ ਧਾਰਾ 370 ਨੂੰ ਇੰਨਾ ਪਿਆਰ ਕਿਉਂ ਕਰਦੇ ਹਨ?" ਉਨ੍ਹਾਂ ਦੋਸ ਲਾਇਆ ਕਿ 'ਭਾਰਤ ਦੇ ਸੰਵਿਧਾਨ' ਬਾਰੇ ਲਿਖੀ ਲਾਲ ਕਿਤਾਬ ਦੇ ਪੰਨੇ ਖਾਲੀ ਹਨ ਅਤੇ ਇਹ ਡਾ: ਬਾਬਾ ਸਾਹਿਬ ਅੰਬੇਡਕਰ ਪ੍ਰਤੀ ਕਾਂਗਰਸ ਦੀ ਅਣਗਹਿਲੀ ਅਤੇ ਨਫਰਤ ਦਾ ਸਬੂਤ ਹੈ। ਮੋਦੀ ਨੇ ਕਿਹਾ, "ਕਾਂਗਰਸ ਦੇ ਇਸ ਮੂਰਖ ਅਤੇ ਮੰਦਭਾਗੇ ਸਿਆਸੀ ਡਰਾਮੇ ਤੋਂ ਪੂਰਾ



ਦੇਸ ਹੈਰਾਨ ਹੈ।" ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ, "ਅੱਜ ਪੂਰੇ ਮਹਾਰਾਸਟਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਮਹਾਯੁਤੀ ਲਈ ਸਮਰਥਨ ਦੀ ਲਹਿਰ ਹੈ। ਅੱਜ ਹਰ ਕਿਸੇ ਦੇ ਬੁੱਲਾਂ 'ਤੇ ਇਕ ਹੀ ਨਾਅਰਾ ਹੈ, ਭਾਜਪਾ-ਮਹਾਯੁਤੀ ਆਹ, ਗਤੀ ਆ। ਮਹਾਰਾਸਟਰਾਚੀ ਪ੍ਰਗਤੀ ਆਹੇ (ਸਿਰਫ ਭਾਜਪਾ-ਮਹਾਂ ਗਠਜੋੜ ਹੀ ਮਹਾਰਾਸਟਰ ਦੀ ਤੇਜੀ ਨਾਲ ਤਰੱਕੀ ਨੂੰ ਯਕੀਨੀ ਬਣਾਏਗਾ)।" ਉਨ੍ਹਾਂ ਕਿਹਾ, "ਅੱਜ ਦੇਸ ਵਿਕਸਿਤ ਭਾਰਤ ਦੇ ਟੀਚੇ ਨਾਲ ਅੱਗੇ ਵਧ ਰਿਹਾ ਹੈ ਅਤੇ ਦੇਸ ਦੇ ਲੋਕ ਜਾਣਦੇ ਹਨ ਕਿ ਇਸ ਟੀਚੇ ਨੂੰ ਹਾਸਲ ਕਰਨ ਲਈ ਸਿਰਫ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਹੀ ਗੰਭੀਰਤਾ ਨਾਲ ਕੰਮ ਕਰ ਰਹੀਆਂ ਹਨ।" ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਦੇਸ ਦੇ ਲੋਕ ਭਾਜਪਾ ਅਤੇ ਐਨਡੀਏ ਸਰਕਾਰਾਂ ਨੂੰ ਵਾਰ-ਵਾਰ ਚੁਣ ਰਹੇ ਹਨ। ਉਨ੍ਹਾਂ ਕਿਹਾ ਕਿ ਮਹਾਰਾਸਟਰ ਦੇ ਲੋਕ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ, ਜੋ ਹੋਇਆ ਉਹ ਦੁਹਰਾਉਣ ਜਾ ਰਹੇ ਹਨ, ਜਿੱਥੇ ਭਾਜਪਾ ਨੇ ਹੁਣ ਤੱਕ ਸਭ ਤੋਂ ਵੱਧ ਸੀਟਾਂ ਜਿੱਤੀਆਂ ਹਨ। ਮੋਦੀ ਨੇ ਕਿਹਾ ਕਿ ਉਹ ਖੁਸ ਹਨ ਕਿ ਮਹਾਰਾਸਟਰ ਦੀ ਮਹਾਯੁਤੀ ਸਰਕਾਰ ਔਰਤਾਂ ਦੇ ਸਸਕਤੀਕਰਨ ਨੂੰ ਸਮਰਪਿਤ ਹੈ।

## ਦੋ ਯਾਤਰੀਆਂ ਤੋਂ ਏਅਰਪੋਰਟ 'ਤੇ ਮਿਲੀ 1.36 ਕਰੋੜ ਰੁਪਏ ਦੀ ਸੋਨੇ ਦੀ ਭਸਮ

ਮੁੰਬਈ 10 ਨਵੰਬਰ। ਕਸਟਮ ਵਿਭਾਗ ਦੀ ਏਅਰ ਇੰਟੈਲੀਜੈਂਸ ਯੂਨਿਟ (ਏ.ਆਈ.ਯੂ.) ਨੇ ਮਹਾਰਾਸਟਰ ਦੇ ਮੁੰਬਈ ਅੰਤਰਰਾਸਟਰੀ ਹਵਾਈ ਅੱਡੇ 'ਤੇ 1.36 ਕਰੋੜ ਰੁਪਏ ਮੁੱਲ ਦੀ 24 ਕੈਰੇਟ ਸੋਨੇ ਦੀ ਭਸਮ ਬਰਾਮਦ ਕੀਤੀ ਹੈ। ਇਕ ਅਧਿਕਾਰੀ



ਨੇ ਦੱਸਿਆ ਕਿ ਇਸ ਮਾਮਲੇ 'ਚ ਦੋ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ। ਏਅਰ ਇੰਟੈਲੀਜੈਂਸ ਯੂਨਿਟ ਦੇ ਇਕ ਅਧਿਕਾਰੀ ਨੇ ਕਿਹਾ ਕਿ ਕਸਟਮ ਅਧਿਕਾਰੀਆਂ ਨੇ ਇਕ ਯਾਤਰੀ ਨੂੰ ਰੋਕਿਆ ਜਦੋਂ ਉਹ ਸਟਾਫ ਦੇ ਟਾਇਲਟ ਤੋਂ ਬਾਹਰ ਆ ਰਿਹਾ ਸੀ। ਉਸ ਦੇ ਨਾਲ ਛੱਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸਟਰੀ ਹਵਾਈ ਅੱਡੇ ਦਾ ਇਕ ਨਿੱਜੀ ਕਰਮਚਾਰੀ ਵੀ ਸੀ, ਜੋ ਕਿ ਇਕ ਬੈਗ ਲੈ ਕੇ ਚੱਲ ਰਿਹਾ ਸੀ। ਉਨ੍ਹਾਂ ਨੇ ਬੈਗ ਵਿਚ ਰੱਖੇ ਅੰਡਰਵੀਅਰ ਵਿਚ ਸੋਨੇ ਦੀ ਭਸਮ ਲੁਕਾਈ ਹੋਈ ਸੀ।

## ਫਰਜੀ ਆਧਾਰ ਕਾਰਡ ਬਣਾਉਣ ਵਾਲੇ ਕਾਰੋਬਾਰ ਦਾ ਪਰਦਾਫਾਸ਼, ਵਸੂਲੇ ਜਾਂਦੇ ਸਨ 20 ਹਜਾਰ ਰੁਪਏ

ਨੈਸ਼ਨਲ ਡੈਸਕ 10 ਨਵੰਬਰ। ਫਰਜੀ ਆਧਾਰ ਕਾਰਡ ਬਣਾਉਣ ਵਾਲੇ ਕਾਰੋਬਾਰ ਦਾ ਪਰਦਾਫਾਸ਼ ਹੋਇਆ ਹੈ। ਪੁਲਸ ਨੇ ਇਸ ਮਾਮਲੇ 'ਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਦੱਸਿਆ ਕਿ ਗ੍ਰਿਫਤਾਰ ਸੋਨਾਈ ਸਰਕਾਰ ਨੇਪਾਲੀ ਨਾਗਰਿਕਾਂ ਲਈ ਫਰਜੀ ਆਧਾਰ ਕਾਰਡ ਬਣਾਉਣ ਦਾ ਕਾਰੋਬਾਰ ਕਰ ਰਿਹਾ ਸੀ। ਇਹ ਫਰਜੀ ਆਧਾਰ ਕਾਰਡ ਬਣਾਉਣ ਵਾਲੇ ਕਾਰੋਬਾਰ ਦਾ ਪਰਦਾਫਾਸ਼ ਪੱਛਮੀ ਬੰਗਾਲ ਦੇ ਸਿਲੀਗੁੜੀ 'ਚ ਭਾਰਤ-ਨੇਪਾਲ ਸਰਹੱਦ ਕੋਲ ਹੋਇਆ ਹੈ। ਹਰੇਕ ਆਧਾਰ ਕਾਰਡ ਲਈ 10 ਹਜਾਰ ਰੁਪਏ ਤੋਂ ਲੈ ਕੇ 20 ਹਜਾਰ ਰੁਪਏ ਤੱਕ ਵਸੂਲੇ ਜਾਂਦੇ ਸਨ। ਪੁਲਸ ਨੇ ਖੋਰੀਬਾੜੀ ਦੇ ਬਤਾਸੀ ਬਦਰਾਜੋਤ 'ਚ ਇਕ ਆਨਲਾਈਨ ਸੈਂਟਰ 'ਤੇ ਛਾਪੇਮਾਰੀ ਕੀਤੀ ਅਤੇ ਤਿੰਨ ਆਧਾਰ ਕਾਰਡ ਸਮੇਤ ਕਈ ਦਸਤਾਵੇਜ ਬਰਾਮਦ ਕੀਤੇ। ਇਸ ਤੋਂ ਇਲਾਵਾ ਕੰਪਿਊਟਰ, ਹਾਰਡ ਡਿਸਕ, ਪ੍ਰਿੰਟਰ ਵੀ ਜਬਤ ਕੀਤੇ ਗਏ। ਨਕਸਲਬਾੜੀ ਦੀ ਐੱਸ.ਡੀ.ਪੀ.ਓ. ਨੇਹਾ ਜੈਨ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਆਨਲਾਈਨ ਸੈਂਟਰ 'ਤੇ ਛਾਪੇਮਾਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਰਿਮਾਂਡ 'ਤੇ ਲੈ ਕੇ ਅੱਗੇ ਦੀ ਜਾਂਚ ਸ਼ੁਰੂ ਕੀਤੀ ਜਾਵੇਗੀ। ਇਸ ਮਾਮਲੇ 'ਚ ਪੁਲਸ ਨੇ ਬੰਗਲਾਦੇਸ਼ ਅਤੇ ਨੇਪਾਲ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਗਿਰੋਹ ਦਾ ਸ਼ਿਕਾਰ ਨਾ ਬਣਨ। ਸਿਲੀਗੁੜੀ ਪੁਲਸ ਦੀ ਇਸ ਕਾਰਵਾਈ ਨਾਲ ਫਰਜੀ ਆਧਾਰ ਕਾਰਡ ਬਣਾਉਣ ਦੇ ਕਾਰੋਬਾਰ 'ਤੇ ਵੱਡਾ ਝਟਕਾ ਲੱਗਾ ਹੈ। ਨਵੀਂ ਦਿੱਲੀ- ਰਾਊਜ ਐਵੇਨਿਊ ਕੋਰਟ ਸਥਿਤ ਸਪੈਸ਼ਲ ਜੱਜ ਕਾਵੇਰੀ ਬਾਵੇਜਾ ਦੀ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਦੇ ਇਕ ਮਾਮਲੇ 'ਚ ਮੁਲਜਮ ਸਾਬਕਾ ਕਾਂਗਰਸੀ ਨੇਤਾ ਸੱਜਣ ਕੁਮਾਰ ਖਿਲਾਫ ਦਰਜ ਮਾਮਲੇ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ।

# ਭਾਰਤ 25 ਸਾਲਾਂ 'ਚ 35,000 ਅਰਬ ਅਮਰੀਕੀ ਡਾਲਰ ਦੀ ਅਰਥਵਿਵਸਥਾ ਬਣ ਜਾਵੇਗਾ: ਗੋਇਲ

**ਏਜੰਸੀਆਂ**

ਪਣਜੀ 10 ਨਵੰਬਰ। ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਭਾਰਤ ਦੀ ਵਿਕਾਸ ਕਹਾਣੀ ਅਗਲੇ 25 ਸਾਲਾਂ ਵਿਚ ਦੇਸ ਦੀ ਮੌਜੂਦਾ 3,500 ਅਰਬ ਡਾਲਰ ਦੀ ਅਰਥਵਿਵਸਥਾ ਨੂੰ 35,000 ਅਰਬ ਅਮਰੀਕੀ ਡਾਲਰ ਤੱਕ ਲੈ ਜਾਵੇਗੀ। 'ਅਮੇਜ਼ਿੰਗ ਗੋਆ ਗਲੋਬਲ ਬਿਜਨੈੱਸ ਸਮਿਟ' 2024 ਦੇ ਉਦਘਾਟਨੀ ਸੈਸਨ ਨੂੰ ਸੰਬੋਧਨ ਕਰਦੇ ਹੋਏ ਗੋਇਲ ਨੇ ਕਿਹਾ ਕਿ 21ਵੀਂ ਸਦੀ ਭਾਰਤ ਦੀ ਹੈ ਅਤੇ ਇਹ ਤਿੰਨ ਸਾਲਾਂ ਵਿੱਚ ਤੀਜੀ ਸਭ ਤੋਂ ਵੱਡੀ ਵਿਸਵ ਅਰਥਵਿਵਸਥਾ ਬਣਨ ਦੇ ਰਾਹ 'ਤੇ ਹੈ। 'ਵਾਈਬ੍ਰੈਂਟ ਗੋਆ ਫਾਊਂਡੇਸਨ' ਦੀ ਪਹਿਲਕਦਮੀ 'ਤੇ ਆਯੋਜਿਤ ਸੰਮੇਲਨ ਦੇ ਉਦਘਾਟਨੀ ਸਮਾਰੋਹ 'ਚ ਮੁੱਖ ਮੰਤਰੀ ਪ੍ਰਮੋਦ ਸਾਵੰਤ, ਸਾਬਕਾ ਕੇਂਦਰੀ ਮੰਤਰੀ ਸੁਰੇਸ ਪ੍ਰਭੂ ਸਮੇਤ ਕਈ ਹੋਰ ਸਖਸੀਅਤਾਂ ਮੌਜੂਦ ਰਹੀਆਂ। ਗੋਇਲ ਨੇ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਹੀ ਕਿਹਾ ਹੈ ਕਿ 21ਵੀਂ ਸਦੀ ਭਾਰਤ ਦੀ ਸਦੀ ਹੈ... ਅੱਜ ਅਸੀਂ ਜੋ ਕਰ ਰਹੇ ਹਾਂ, ਉਹ ਸਭ ਤੋਂ ਵਧੀਆ ਅਤੇ ਵਿਆਪਕ ਹੈ। ਅਸੀਂ 2047 ਤੱਕ ਭਾਰਤ ਨੂੰ ਇੱਕ ਵਿਕਸਤ ਅਤੇ ਖੁਸ਼ਹਾਲ ਰਾਸਟਰ ਬਣਾਉਣ ਲਈ ਕੇਂਦਰਿਤ ਦ੍ਰਿਸਟੀਕੋਣ ਨਾਲ ਕੰਮ ਕਰ ਰਹੇ ਹਾਂ, ਜਦੋਂ (2047 ਵਿੱਚ) ਅਸੀਂ ਆਜਾਦੀ ਦੀ 100ਵੀਂ ਵਰ੍ਹੇਗੰਢ ਮਨਾਵਾਂਗੇ।" ਮੰਤਰੀ ਨੇ ਕਿਹਾ ਕਿ ਭਾਰਤ ਦੀ ਵਿਕਾਸ ਕਹਾਣੀ ਅਗਲੇ 25 ਸਾਲਾਂ ਵਿੱਚ ਸਾਡੀ ਆਰਥਿਕਤਾ ਨੂੰ 3,500 ਬਿਲੀਅਨ ਅਮਰੀਕੀ ਡਾਲਰ ਤੋਂ 35,000 ਅਰਬ ਅਮਰੀਕੀ ਡਾਲਰ ਤੱਕ ਲੈ ਜਾਵੇਗੀ। ਗੋਇਲ ਨੇ ਕਿਹਾ, "ਇਹ 10 ਗੁਣਾ ਵਾਧਾ



ਭਾਰਤ ਦੀ ਮਜਬੂਤ ਆਰਥਿਕ ਬੁਨਿਆਦ 'ਤੇ ਆਧਾਰਿਤ ਹੈ। ਅਸੀਂ ਸਭ ਤੋਂ ਤੇਜੀ ਨਾਲ ਵਧ ਰਹੀ ਅਰਥਵਿਵਸਥਾ ਹਾਂ। ਘੱਟ ਮੁਦਰਾਸਫੀਤੀ, ਮਜਬੂਤ ਵਿਦੇਸੀ ਮੁਦਰਾ ਭੰਡਾਰ ਅਤੇ ਨਿਵੇਸਕਾਂ ਲਈ ਅਨੁਕੂਲ ਮਾਹੌਲ ਦੇ ਕਾਰਨ, ਦੇਸ ਨੂੰ 10 ਸਾਲਾਂ ਵਿੱਚ ਉਸ ਤੋਂ ਪਿਛਲੇ ਦਹਾਕੇ ਦੇ ਮੁਕਾਬਲੇ ਦੁੱਗਣਾ ਸਿੱਧਾ ਵਿਦੇਸੀ ਨਿਵੇਸ () ਆਇਆ ਹੈ। ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਇਸ ਮੌਕੇ ਕਿਹਾ ਕਿ, "ਅੱਜ ਅਸੀਂ ਇੱਥੇ ਨਵੇਂ ਗੋਆ ਨੂੰ ਪੇਸ ਕਰਨ ਲਈ ਆਏ ਹਾਂ, ਜੋ ਕਿ ਭਵਿੱਖ ਵਿੱਚ ਇੱਕ ਜੀਵੰਤ ਨਿਵੇਸ ਸਥਾਨ ਵਜੋਂ ਉਭਰਨ ਲਈ ਤਿਆਰ ਹੈ। ਅਸੀਂ ਸੈਰ-ਸਪਾਟੇ ਤੋਂ ਅੱਗੇ ਵੱਧ ਕੇ ਰਾਜ ਨੂੰ ਉੱਭਰ ਰਹੇ ਉਦਯੋਗਾਂ ਦਾ ਇੱਕ ਪ੍ਰਫੁੱਲਤ ਕੇਂਦਰ ਬਣਾਉਣ ਲਈ ਕੰਮ ਕਰ ਰਹੇ ਹਾਂ, ਜਿਸ ਨਾਲ ਗੋਆ ਨੂੰ ਵਿਸਵ ਦੇ ਨਕਸੇ 'ਤੇ ਮਾਨਤਾ ਮਿਲੇਗੀ।" ਸਾਬਕਾ ਕੇਂਦਰੀ ਮੰਤਰੀ ਸੁਰੇਸ ਪ੍ਰਭੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਭਾਰਤ ਜੋਖਮ ਵਿਸਲੇਸਣ ਦੇ ਮਾਮਲੇ ਵਿਚ ਸਭ ਤੋਂ ਘੱਟ ਜੋਖਮ ਵਾਲੇ ਦੇਸਾਂ ਵਿੱਚੋਂ ਇਕ ਹੈ। ਇਸ ਤਿੰਨ ਦਿਨਾਂ 'ਅਮੇਜ਼ਿੰਗ ਗੋਆ ਗਲੋਬਲ ਬਿਜਨੈੱਸ ਸਮਿਟ' 2024 ਵਿਚ ਤੱਟਵਰਤੀ ਰਾਜ ਵਿੱਚ ਨਿਵੇਸ ਆਕਰਸ਼ਿਤ ਕਰਨ ਲਈ ਵੱਖ-ਵੱਖ ਸੈਸਨ, ਬਿਜਨੈੱਸ-ਟੂ-ਬਿਜਨੈੱਸ ਮੀਟਿੰਗਾਂ ਅਤੇ ਹੋਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

# ਰਾਹੁਲ ਨੇ ਵਿਖਾਈ ਸੰਵਿਧਾਨ ਦੀ ਫਰਜੀ ਕਾਪੀ: ਅਮਿਤ ਸਾਹ

**ਨਵਦੀਪ ਸਿੰਘ ਸਾਹਨੀ**

ਰਾਂਚੀ/ਪਲਾਮੂ 10 ਨਵੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਸੰਵਿਧਾਨ ਦੀ ਫਰਜੀ ਕਾਪੀ ਵਿਖਾ ਕੇ ਸੰਵਿਧਾਨ ਦਾ ਅਪਮਾਨ ਕਰਨ ਅਤੇ ਉਸ ਮਜਾਕ ਉਡਾਉਣ ਦਾ ਦੋਸ ਲਾਇਆ ਹੈ। ਪਲਾਮੂ 'ਚ ਭਾਜਪਾ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੋਸ ਲਾਇਆ ਕਿ ਰਾਹੁਲ ਗਾਂਧੀ ਵੱਖ-ਵੱਖ ਥਾਂਵਾਂ 'ਤੇ ਸੰਵਿਧਾਨ ਦੀ ਜੋ ਕਾਪੀ ਵਿਖਾਉਂਦੇ ਹਨ, 2 ਦਿਨ ਪਹਿਲਾਂ ਉਨ੍ਹਾਂ ਦਾ ਪਰਦਾਫਾਸ ਹੋ ਗਿਆ। ਕਿਸੇ ਨੂੰ ਸੰਵਿਧਾਨ ਦੀ ਉਹ ਕਾਪੀ ਮਿਲ ਗਈ, ਜੋ ਉਹ ਦਿਖਾਉਂਦੇ ਹਨ। ਉਸ ਕਾਪੀ ਦੇ ਮੁੱਖ ਪੰਨੇ 'ਤੇ ਭਾਰਤ ਦਾ ਸੰਵਿਧਾਨ ਲਿਖਿਆ ਸੀ ਪਰ ਉਸ 'ਚ ਕੋਈ ਸਮੱਗਰੀ ਨਹੀਂ ਸੀ... ਸੰਵਿਧਾਨ ਦਾ ਮਜਾਕ ਨਾ ਉਡਾਓ। ਇਹ ਭਰੋਸੇ ਦਾ ਸਵਾਲ ਹੈ। ਸੰਵਿਧਾਨ ਦੀ ਫਰਜੀ ਕਾਪੀ ਦਿਖਾ ਕੇ, ਤੁਸੀਂ ਭੀਮ ਰਾਵ ਅੰਬੇਡਕਰ ਅਤੇ ਸੰਵਿਧਾਨ ਸਭਾ ਦਾ ਅਪਮਾਨ ਕੀਤਾ ਹੈ। ਕਾਂਗਰਸ ਪਾਰਟੀ ਨੇ ਸੰਵਿਧਾਨ ਦਾ ਮਜਾਕ ਬਣਾ ਦਿੱਤਾ ਹੈ।"




ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੈ। ਸ਼ਾਹ ਨੇ ਦੋਸ਼ ਲਗਾਇਆ ਕਿ ਕਾਂਗਰਸ 'ਓਬੀਸੀ, ਆਦਿਵਾਸੀਆਂ ਅਤੇ ਦਲਿਤਾਂ ਦਾ ਰਾਖਵਾਂਕਰਨ ਖੋਹਣ 'ਤੇ ਲੱਗੀ ਹੋਈ ਹੈ ਅਤੇ ਉਸ ਨੇ ਇਸ ਨੂੰ ਘੱਟ ਗਿਣਤੀਆਂ ਨੂੰ ਦੇਣ ਦੀ ਯੋਜਨਾ ਬਣਾਈ ਹੈ।" ਉਨ੍ਹਾਂ ਕਿਹਾ,"ਕਾਂਗਰਸ ਹੋਰ ਪਿਛੜਾ ਵਰਗ (ਓਬੀਸੀ) ਨੂੰ ਰਾਖਵਾਂਕਰਨ ਦੇ ਖ਼ਿਲਾਫ ਹੈ, ਉਸ ਨੇ ਮਹਾਰਾਸ਼ਟਰ 'ਚ ਉਲੇਮਾਵਾਂ ਦੇ ਇਕ ਵਫਦ ਨਾਲ ਮੁਲਾਕਾਤ ਦੌਰਾਨ ਘੱਟ ਗਿਣਤੀਆਂ ਨੂੰ 10 ਫੀਸਦੀ ਰਾਖਵਾਂਕਰਨ ਦਾ ਵਾਅਦਾ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਭਾਜਪਾ ਕਦੇ ਧਰਮ ਦੇ ਆਧਾਰ 'ਤੇ ਰਾਖਵਾਂਕਰਨ ਨਹੀਂ ਦੇਵੇਗੀ।" ਉਨ੍ਹਾਂ ਨੇ ਕਸ਼ਮੀਰ 'ਚ ਧਾਰਾ 370 ਬਹਾਲ ਕਰਨ ਦੀਆਂ ਕਾਂਗਰਸ ਦੀਆਂ ਕੋਸ਼ਿਸ਼ਾਂ ਲਈ ਉਸ 'ਤੇ ਨਿਸ਼ਾਨਾ ਵਿੰਨ੍ਹਿਆ। ਸ਼ਾਹ ਨੇ ਕਿਹਾ,"ਕਸ਼ਮੀਰ ਭਾਰਤ ਦਾ ਅਭਿੰਨ ਅੰਗ ਹੈ। ਮੈਂ ਰਾਹੁਲ ਗਾਂਧੀ ਨੂੰ ਚੁਣੌਤੀ ਦਿੰਦਾ ਹਾਂ ਕਿ ਤੁਹਾਡੀ ਚੌਥੀ ਪੀੜ੍ਹੀ ਵੀ ਧਾਰਾ 370 ਵਾਪਸ ਨਹੀਂ ਲਿਆ ਸਕਦੀ।"

## ਯੂ.ਪੀ. ਨੂੰ ਮਿਲੀ 'ਡਬਲ ਡੈਕਰ' ਇਲੈਕਟ੍ਰਿਕ ਬੱਸ, ਔਰਤਾਂ ਨੂੰ ਹੋਵੇਗਾ ਫਾਇਦਾ

ਲਖਨਊ 10 ਨਵੰਬਰ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਰਾਜਧਾਨੀ ਲਖਨਊ ਵਿਚ ਸੂਬੇ ਦੀ ਪਹਿਲੀ ਡਬਲ ਡੈਕਰ ਇਲੈਕਟ੍ਰਿਕ (ਈ. ਵੀ.) ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਪਹਿਲੀ ਡਬਲ ਡੈਕਰ ਈ. ਵੀ. ਬੱਸ ਰਾਹੀਂ ਆਵਾਜਾਈ ਵਿਚ ਸੁਧਾਰ ਹੋਵੇਗਾ। ਇਹ ਵਾਤਾਵਰਣ ਸੁਰੱਖਿਆ ਵਿਚ ਇਕ ਅਹਿਮ ਕਦਮ ਸਾਬਤ ਹੋਵੇਗਾ। ਇਲੈਕਟ੍ਰਿਕ ਹੋਣ ਕਾਰਨ ਇਹ ਬੱਸ ਪ੍ਰਦੂਸਣ ਨੂੰ ਘੱਟ ਕਰਨ 'ਚ ਮਦਦਗਾਰ ਸਾਬਤ ਹੋਵੇਗੀ। ਆਉਣ ਵਾਲੇ ਸਮੇਂ ਵਿਚ ਅਜਿਹੀਆਂ ਬੱਸਾਂ ਸੂਬੇ ਦੇ ਹੋਰ ਵੱਡੇ ਸਹਿਰਾਂ ਵਿਚ ਵੀ ਚਲਾਈਆਂ ਜਾਣਗੀਆਂ। ਡਬਲ ਡੈਕਰ ਇਲੈਕਟ੍ਰਿਕ ਬੱਸ ਸੇਵਾ ਸੁਰੂ ਹੋਣ ਦੇ ਨਾਲ ਹੀ ਇਸ ਦਾ ਸੰਚਾਲਨ ਵੀ ਸੁਰੂ ਹੋ ਗਿਆ ਹੈ। ਇਸ ਬੱਸ ਰਾਹੀਂ ਸਫਰ ਕਰਨ ਲਈ ਯਾਤਰੀਆਂ ਨੂੰ 30 ਕਿਲੋਮੀਟਰ ਦੇ ਸਫਰ ਲਈ 45 ਰੁਪਏ ਦਾ ਕਿਰਾਇਆ ਦੇਣਾ ਪਵੇਗਾ। ਯੋਗੀ ਨੇ ਡਬਲ ਡੇਕਰ ਇਲੈਕਟ੍ਰਿਕ ਬੱਸ ਵਿਚ ਸਫਰ ਕਰਨ ਵਾਲੀਆਂ ਔਰਤਾਂ ਲਈ ਟਿਕਟ 'ਤੇ 50 ਫੀਸਦੀ ਦੀ ਛੋਟ ਦਾ ਐਲਾਨ ਕੀਤਾ। ਉਨ੍ਹਾਂ ਨੇ ਹਰ ਸ਼ਨੀਵਾਰ ਸਵੇਰੇ ਹੈਰੀਟੇਜ ਰੂਟ 'ਤੇ ਚੱਲਣ ਵਾਲੀਆਂ ਸੇਵਾਵਾਂ 'ਤੇ ਔਰਤਾਂ ਲਈ ਮੁਫਤ ਯਾਤਰਾ ਦਾ ਵੀ ਐਲਾਨ ਕੀਤਾ। ਇਸ ਤੋਂ ਇਲਾਵਾ ਔਰਤਾਂ ਦੀ ਸੁਰੱਖਿਆ ਲਈ 5 ਸੀ. ਸੀ. ਟੀ. ਵੀ. ਕੈਮਰੇ ਅਤੇ ਇਕ ਪੈਨਿਕ ਬਟਨ ਲਾਇਆ ਗਿਆ ਹੈ।

# ਬਾਬਾ ਸਿੱਦੀਕੀ ਕਤਲ ਕੇਸ 'ਚ ਐੱਸ. ਟੀ. ਐੱਫ. ਨੂੰ ਮਿਲੀ ਵੱਡੀ ਸਫਲਤਾ, ਮੁੱਖ ਦੋਸ਼ੀ ਗ੍ਰਿਫਤਾਰ

**ਤੇਜਿੰਦਰ ਕੌਰ ਬੱਬਰ**


ਨੈਸ਼ਨਲ ਡੈਸਕ 10 ਨਵੰਬਰ। ਮੁੰਬਈ ਨੇਤਾ ਬਾਬਾ ਸਿੱਦੀਕੀ ਦੇ ਕਤਲ ਮਾਮਲੇ 'ਚ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਐਤਵਾਰ ਨੂੰ ਮੁੱਖ ਸੂਟਰ ਸ਼ਿਵਕੁਮਾਰ ਨੂੰ ਉੱਤਰ ਪ੍ਰਦੇਸ ਦੇ ਬਹਿਰਾਇਚ ਜ਼ਿਲ੍ਹੇ ਦੇ ਨਾਨਪਾੜਾ ਇਲਾਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਹ ਗ੍ਰਿਫਤਾਰੀ ਉੱਤਰ ਪ੍ਰਦੇਸ ਦੀ ਮੁੰਬਈ ਕ੍ਰਾਈਮ ਬ੍ਰਾਂਚ ਅਤੇ ਸਪੈਸਲ ਟਾਸਕ ਫੋਰਸ (ਐੱਸ.ਟੀ.ਐੱਫ.) ਦੇ ਸਾਂਝੇ ਆਪਰੇਸਨ ਦੌਰਾਨ ਹੋਈ ਹੈ। ਸ਼ਿਵਕੁਮਾਰ ਨੂੰ ਨੇਪਾਲ ਭੱਜਣ ਦੀ ਕੋਸ਼ਿਸ਼ ਕਰਦਿਆਂ ਫੜਿਆ ਗਿਆ, ਜਿੱਥੇ ਐਸ.ਟੀ.ਐਫ. ਨੇ ਜਾਲ ਵਿਛਾ ਕੇ ਉਸ ਨੂੰ ਸਮੇਂ ਸਿਰ ਫੜ ਲਿਆ। ਐਸ.ਟੀ.ਐਫ. ਦੀ ਟੀਮ ਦੀ ਅਗਵਾਈ ਪਰਮੀਸ ਕੁਮਾਰ ਸੁਕਲਾ ਕਰ ਰਹੇ ਸਨ ਅਤੇ ਇਸ ਗ੍ਰਿਫਤਾਰੀ ਵਿੱਚ ਸਬ-ਇੰਸਪੈਕਟਰ ਜਾਵੇਦ ਆਲਮ ਸਿੱਦੀਕੀ ਵੀ ਸਾਮਲ ਸਨ। ਪੁਲਸ ਅਨੁਸਾਰ ਸ਼ਿਵਕੁਮਾਰ ਉਰਫ ਸ਼ਿਵਾ ਗੌਤਮ ਨੂੰ ਸਰਨ ਦੇਣ ਅਤੇ ਨੇਪਾਲ ਭੱਜਣ ਵਿੱਚ ਮਦਦ ਕਰਨ ਦੇ ਦੋਸ ਵਿੱਚ ਚਾਰ ਹੋਰ ਵਿਅਕਤੀਆਂ ਅਨੁਰਾਗ ਕਸਯਪ, ਗਿਆਨ ਪ੍ਰਕਾਸ ਤ੍ਰਿਪਾਠੀ, ਆਕਾਸ ਸ੍ਰੀਵਾਸਤਵ ਅਤੇ ਅਖਿਲੇਂਦਰ ਪ੍ਰਤਾਪ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਵਕੁਮਾਰ ਦੀ ਗ੍ਰਿਫਤਾਰੀ ਨਾਲ ਪੁਲਸ ਨੂੰ ਉਮੀਦ ਹੈ ਕਿ ਇਸ ਮਾਮਲੇ 'ਚ ਹੋਰ ਵੀ ਖੁਲਾਸੇ ਹੋਣਗੇ, ਜੋ ਇਸ ਕਤਲ ਦੇ ਪਿੱਛੇ ਦੀ ਸਾਜ਼ਿਸ਼ ਨੂੰ ਸਮਝਣ 'ਚ ਮਦਦਗਾਰ ਸਾਬਤ ਹੋਣਗੇ। ਬਾਬਾ ਸਿੱਦੀਕੀ ਕਤਲ ਕਾਂਡ ਦੇ ਮੁੱਖ ਸੂਟਰ ਸ਼ਿਵਕੁਮਾਰ ਨੇ ਯੂਪੀ ਪੁਲਿਸ ਦੀ ਪੁੱਛਗਿੱਛ ਦੌਰਾਨ ਵੱਡਾ ਖੁਲਾਸਾ ਕੀਤਾ ਹੈ। ਸ਼ਿਵ ਕੁਮਾਰ ਨੇ ਪੁੱਛਗਿੱਛ ਦੌਰਾਨ ਦੱਸਿਆ



ਕਿ ਉਹ ਲੋਰੇਂਸ ਬਿਸਨੋਈ ਗੈਂਗ ਨਾਲ ਜੁੜਿਆ ਹੋਇਆ ਹੈ। ਸ਼ਿਵ ਕੁਮਾਰ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਇਹ ਕਤਲ ਵਿਦੇਸ 'ਚ ਰਹਿੰਦੇ ਲਾਰੇਂਸ ਬਿਸਨੋਈ ਦੇ ਭਰਾ ਅਨਮੋਲ ਬਿਸਨੋਈ ਦੇ ਕਹਿਣ 'ਤੇ ਕੀਤਾ ਗਿਆ ਸੀ। ਸੁਭਮ ਲੋਂਕਰ ਨੇ ਉਨ੍ਹਾਂ ਨੂੰ ਕਈ ਵਾਰ ਅਨਮੋਲ ਬਿਸਨੋਈ ਨਾਲ ਗੱਲ ਕਰਨ ਲਈ ਕਿਹਾ ਸੀ। ਇਸ ਤੋਂ ਪਹਿਲਾਂ ਪੁਲਸ ਨੇ ਇਸ ਕਤਲ ਕੇਸ ਵਿੱਚ ਦੋ ਸੱਕੀ ਸੂਟਰਾਂ ਸਮੇਤ 11 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ। ਹਾਲਾਂਕਿ ਮੁੱਖ ਸੂਟਰ ਅਤੇ ਦੋ ਮੁੱਖ ਸਾਜ਼ਿਸ਼ਕਰਤਾ ਉਸ ਸਮੇਂ ਫਰਾਰ ਸਨ। ਇਨ੍ਹਾਂ ਸਾਰੇ ਸੱਕੀਆਂ ਦੀ ਗ੍ਰਿਫਤਾਰੀ ਤੋਂ ਇਹ ਗੱਲ ਸਪੱਸਟ ਹੋ ਜਾਂਦੀ ਹੈ ਕਿ ਪੁਲਸ ਹਰ ਪਹਿਲੂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਲਦ ਹੀ ਇਸ ਕਤਲ ਪਿੱਛੇ ਦੀ ਸਾਜ਼ਿਸ਼ ਦਾ ਖੁਲਾਸਾ ਹੋ ਸਕਦਾ ਹੈ। ਮੁੰਬਈ ਪੁਲਸ ਦਾ ਕਹਿਣਾ ਹੈ ਕਿ ਸ਼ਿਵਕੁਮਾਰ ਦੀ ਗ੍ਰਿਫਤਾਰੀ ਨਾਲ ਇਸ ਕਤਲ ਦੇ ਮਾਸਟਰਮਾਈਂਡ ਅਤੇ ਇਸ ਨਾਲ ਜੁੜੇ ਹੋਰ ਲੋਕਾਂ ਦਾ ਪਤਾ ਲਗਾਉਣ 'ਚ ਮਦਦ ਮਿਲੇਗੀ। ਨਾਲ ਹੀ ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਸ਼ਿਵਕੁਮਾਰ ਦੇ ਨਾਲ ਫੜੇ ਗਏ ਚਾਰ ਲੋਕ ਉਸ ਨੂੰ ਨੇਪਾਲ ਭੱਜਣ ਵਿਚ ਕਿਸ ਹੱਦ ਤੱਕ ਮਦਦ ਕਰ ਰਹੇ ਸਨ ਅਤੇ ਇਸ ਸਾਜ਼ਿਸ਼ ਵਿਚ ਉਨ੍ਹਾਂ ਦੀ ਕੀ ਭੂਮਿਕਾ ਸੀ? ਉੱਤਰ ਪ੍ਰਦੇਸ ਐਸ.ਟੀ.ਐਫ. ਦੇ ਨਾਲ ਮੁੰਬਈ ਕ੍ਰਾਈਮ ਬ੍ਰਾਂਚ ਦੇ 6 ਅਧਿਕਾਰੀਆਂ ਅਤੇ 15 ਪੁਲਸ ਕਰਮਚਾਰੀਆਂ ਦੀ ਟੀਮ ਨੇ ਇਸ ਆਪਰੇਸਨ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ। ਸਾਰੇ ਦੋਸੀਆਂ ਨੂੰ ਹੁਣ ਮੁੰਬਈ ਲਿਆਂਦਾ ਜਾ ਰਿਹਾ ਹੈ, ਜਿੱਥੇ ਉਨ੍ਹਾਂ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਇਸ ਕਤਲ ਪਿੱਛੇ ਸਾਜ਼ਿਸ਼ ਦੇ ਹਰ ਪਹਿਲੂ ਦਾ ਪਰਦਾਫਾਸ ਕੀਤਾ ਜਾਵੇਗਾ।

## ਝਾਰਖੰਡ 'ਚ ਪ੍ਰਚਾਰ ਨੂੰ ਲੈ ਕੇ ਦੇਰ ਨਾਲ ਜਾਗੀ ਕਾਂਗਰਸ !

ਨੈਸ਼ਨਲ ਡੈਸਕ 10 ਨਵੰਬਰ। ਕਾਂਗਰਸ ਦੇ ਸਟਾਰ ਪ੍ਰਚਾਰਕ ਰਾਹੁਲ ਗਾਂਧੀ ਝਾਰਖੰਡ ਵਿਧਾਨ ਸਭਾ ਚੋਣਾਂ ਵਿਚ ਪ੍ਰਚਾਰ ਦੇ ਮਾਮਲੇ ਵਿਚ ਮਹਾਰਾਸਟਰ ਦੇ ਮੁਕਾਬਲੇ ਪਛੜਦੇ ਨਜਰ ਆ ਰਹੇ ਹਨ। ਭਾਵੇਂ ਮਹਾਰਾਸਟਰ ਵਿਚ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਬਹੁਤੀ ਸਰਗਰਮ ਨਹੀਂ ਜਾਪਦੀ, ਪਰ ਘੱਟੋ-ਘੱਟ ਰਾਹੁਲ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਝਾਰਖੰਡ ਨਾਲੋਂ ਉੱਥੇ ਜ਼ਿਆਦਾ ਧਿਆਨ ਦਿੱਤਾ। ਸਿਆਸੀ ਮਾਹਰ ਹੈਰਾਨ ਹਨ ਕਿਉਂਕਿ ਕਾਂਗਰਸ ਦੀ ਝਾਰਖੰਡ ਵਿਚ ਵੀ ਵੱਡੀ ਹਿੱਸੇਦਾਰੀ ਹੈ ਜਿੱਥੇ ਉਹ 81 ਵਿਧਾਨ ਸਭਾ ਸੀਟਾਂ ਵਿਚੋਂ 30 ਸੀਟਾਂ 'ਤੇ ਚੋਣ ਲੜ ਰਹੀ ਹੈ, ਜਦੋਂ ਕਿ ਝਾਮੁਮੋ 47 ਸੀਟਾਂ 'ਤੇ ਚੋਣਾਂ ਲੜ ਰਹੀ ਹੈ ਅਤੇ ਬਾਕੀ 'ਤੇ ਸਹਿਯੋਗੀ ਪਾਰਟੀਆਂ। ਹਾਲਾਂਕਿ 'ਇੰਡੀਆ ਗੱਠਜੋੜ' ਦੇ ਨੇਤਾਵਾਂ ਨੇ ਝਾਰਖੰਡ ਦੇ 3 ਹਲਕਿਆਂ 'ਚ 'ਦੋਸਤਾਨਾ ਲੜਾਈ' ਦੀ ਸੰਭਾਵਨਾ ਦੇ ਸੰਕੇਤ ਦਿੱਤੇ ਹਨ। ਝਾਰਖੰਡ ਵਿਚ 13 ਅਤੇ 20 ਨਵੰਬਰ ਨੂੰ ਵੋਟਾਂ ਪੈਣੀਆਂ ਹਨ। ਇਥੇ ਚੋਣ ਪ੍ਰਚਾਰ ਨੂੰ ਲੈ ਕੇ ਕਾਂਗਰਸ ਦੇਰ ਨਾਲ ਜਾਗੀ। ਰਾਹੁਲ ਗਾਂਧੀ ਨੇ ਝਾਰਖੰਡ ਵਿਚ ਸ਼ੁੱਕਰਵਾਰ ਨੂੰ ਇਕ ਚੋਣ ਰੈਲੀ ਨੂੰ ਸੰਬੋਧਨ ਕੀਤਾ। ਦੂਜੇ ਪਾਸੇ ਪ੍ਰਿਯੰਗਾ ਵਢੇਰਾ ਵਾਇਨਾਡ ਵਿਚ ਰੁੱਝੀ ਹੋਈ ਹੈ ਜਦਕਿ ਸੋਨੀਆ ਗਾਂਧੀ ਦਿੱਲੀ ਵਿਚ ਹੈ। ਇਸ ਤੋਂ ਪਹਿਲਾਂ ਰਾਹੁਲ



ਦਿੱਲੀ ਵਿਚ ਰੁੱਝੇ ਰਹੇ ਅਤੇ 'ਘੁਮਿਆਰ ਬਸਤੀ' ਦਾ ਦੌਰਾ ਕੀਤਾ। ਉਹ ਮਹਾਰਾਸਟਰ ਅਤੇ ਵਾਇਨਾਡ ਦੇ ਕੁਝ ਦੌਰਿਆਂ ਨੂੰ ਛੱਡ ਕੇ ਪਿਛਲੇ 15 ਦਿਨਾਂ ਤੋਂ 10 ਜਨਪਥ ਹਾਊਸ ਦੇ ਨਵੀਨੀਕਰਨ ਦੌਰਾਨ ਪੇਂਟਰਾਂ ਕੋਲ ਪ੍ਰਿਯੰਕਾ ਦੇ ਬੇਟੇ ਨਾਲ ਦੇਖੇ ਗਏ ਹਨ। ਧਿਆਨਯੋਗ ਹੈ ਕਿ 14 ਰਾਜਾਂ ਦੀਆਂ 47 ਵਿਧਾਨ ਸਭਾ ਸੀਟਾਂ ਅਤੇ 2 ਲੋਕ ਸਭਾ ਸੀਟਾਂ 'ਤੇ ਉਪ ਚੋਣਾਂ ਹੋਣੀਆਂ ਹਨ।

# ਪੰਜਾਬ 'ਚ ਗੋਵਰਧਨ ਪੂਜਾ ਮਗਰੋਂ ਗਊ ਦੀ ਬੇਰਹਿਮੀ ਨਾਲ ਕੁੱਟ-ਕੁੱਟ ਕੇ ਹੱਤਿਆ

ਭਵਾਨੀਗੜ੍ਹ 10 ਨਵੰਬਰ। ਗੋਵਰਧਨ ਪੂਜਾ ਤੋਂ ਦੋ ਦਿਨਾਂ ਬਾਅਦ ਹੀ ਸਥਾਨਕ ਸ਼ਹਿਰ ਦੇ ਅਜੀਤ ਨਗਰ ਵਿਖੇ ਇਕ ਵਿਅਕਤੀ ਵੱਲੋਂ ਆਪਣੇ ਨੌਕਰਾਂ ਨਾਲ ਮਿਲ ਕੇ ਕਥਿਤ ਤੌਰ 'ਤੇ ਇਕ ਸ਼ਰਮਨਾਕ ਘਟਨਾ ਨੂੰ ਅੰਜਾਮ ਦਿੰਦਿਆਂ ਕੁੱਟ-ਕੁੱਟ ਕੇ ਇਕ ਬੇਸਹਾਰਾ ਗਊ ਦੀ ਹੱਤਿਆ ਕਰ ਦੇਣ ਦੇ ਦੋਸ਼ ਹੇਠ ਪੁਲਸ ਵੱਲੋਂ 3 ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਕੇ 2 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਾਣਕਾਰੀ ਦਿੰਦਿਆਂ ਸਹਾਇਕ ਸਬ ਇੰਸਪੈਕਟਰ ਦਵਿੰਦਰ ਦਾਸ ਨੇ ਦੱਸਿਆ ਕਿ ਪੁਲਸ ਨੂੰ ਬੁਧ ਸਿੰਘ ਪੁੱਤਰ ਹਰੀ ਸਿੰਘ ਵਾਸੀ ਅਜੀਤ ਨਗਰ ਨੇ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਉਸਦੇ ਘਰ ਦੇ ਸਾਹਮਣੇ ਸਥਿਤ ਇਕ ਪਲਾਟ 'ਚ ਰਾਜ ਕੁਮਾਰ ਅਤੇ ਉਸ ਦੇ ਨੌਕਰ ਸ਼ੰਕਰ ਨੇ ਕਥਿਤ ਤੌਰ 'ਤੇ ਇਕ ਹੋਰ ਨਾਮਲੂਮ ਵਿਅਕਤੀ ਨਾਲ ਮਿਲ ਪਲਾਟ 'ਚ ਵੜੀ ਇਕ ਬੇਸਹਾਰਾ ਗਊ ਦੀ ਡੰਡੇ ਤੇ ਬਾਲੇ ਨਾਲ ਬੇਰਹਿਮੀ ਨਾਲ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਸਿੰਘ ਵਾਸੀ ਅਜੀਤ ਨਗਰ ਨੇ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਉਸਦੇ ਘਰ ਦੇ ਸਾਹਮਣੇ ਸਥਿਤ ਇਕ ਪਲਾਟ 'ਚ ਰਾਜ ਕੁਮਾਰ ਅਤੇ ਉਸ ਦੇ ਨੌਕਰ ਸ਼ੰਕਰ ਨੇ ਕਥਿਤ ਤੌਰ 'ਤੇ ਇਕ ਹੋਰ ਨਾਮਲੂਮ ਵਿਅਕਤੀ ਨਾਲ ਮਿਲ ਪਲਾਟ 'ਚ ਵੜੀ ਇਕ ਬੇਸਹਾਰਾ ਮ੍ਰਿਤਕ ਗਊ ਨੂੰ ਆਪਣੇ ਕਬਜੇ 'ਚ ਲੈ ਕੇ ਗਊ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸੰਗਰੂਰ ਭੇਜ ਦਿੱਤਾ ਹੈ ਅਤੇ ਪੁਲਸ ਨੂੰ ਬੁੱਧ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਉਕਤ ਵਿਅਕਤੀਆਂ



ਵਿਰੁੱਧ ਮਾਮਲਾ ਦਰਜ ਕਰ ਕੇ ਇਨ੍ਹਾਂ 'ਚੋਂ 2 ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਘਟਨਾ ਸਬੰਧੀ ਰੋਸ ਜਾਹਿਰ ਕਰਦਿਆਂ ਜੀਵਨ ਗਰਗ ਡਾਇਰੈਕਟਰ ਐੱਫ਼. ਸੀ. ਆਈ., ਅਵਤਾਰ ਸਿੰਘ ਤਾਰੀ, ਗੁਰਮੀਤ ਸਿੰਘ, ਰਾਣੀ ਕੌਰ ਤੇ ਸਮਸਾਦ ਖਾਨ ਨੇ ਕਿਹਾ ਕਿ ਗਊ ਸਾਡੇ ਦੇਸ਼ ਦਾ ਰਾਸ਼ਟਰੀ ਪਸ਼ੂ ਹੈ ਤੇ ਪੂਰੇ ਦੇਸ਼ 'ਚ ਗਊਆਂ ਦੀ ਬਹੁਤ ਹੀ ਸ਼ਰਧਾ ਨਾਲ ਪੂਜਾ ਕੀਤੀ ਜਾਂਦੀ ਹੈ, ਜਿਸ ਤਹਿਤ ਹੀ ਦੋ ਦਿਨ ਪਹਿਲਾਂ ਹੀ ਗੋਵਰਧਨ ਪੂਜਾ ਵਾਲੇ ਦਿਨਾਂ ਲੋਕਾਂ ਵੱਲੋਂ ਗਊਆਂ ਦੀ ਪੂਜਾ ਕੀਤੀ ਗਈ। ਇਨ੍ਹਾਂ ਵਿਅਕਤੀਆਂ ਵੱਲੋਂ ਇਸ ਤਰ੍ਹਾਂ ਗਊ ਹੱਤਿਆ ਕਰ ਕੇ ਵੱਡਾ ਪਾਪ ਕੀਤਾ ਹੈ। ਉਨ੍ਹਾਂ ਇਹ ਵੀ ਰੋਸ ਜਾਹਿਰ ਕੀਤਾ ਕਿ ਸ਼ਹਿਰ ਤੇ ਇਲਾਕੇ 'ਚ ਵੱਡੀ ਗਿਣਤੀ 'ਚ ਗਊਵੰਸ਼ ਬੇਸਹਾਰਾ ਘੁੰਮ ਰਿਹਾ ਹੈ, ਜਿਸ ਕਾਰਨ ਆਏ ਦਿਨ ਜਿਥੇ ਇਥੇ ਹਾਦਸੇ ਵੀ ਵਾਪਰ ਰਹੇ ਹਨ ਉਥੇ ਸਾਡੇ ਇਹ ਬੇਜ਼ੁਬਾਨ ਪਸ਼ੂ ਇਸ ਤਰ੍ਹਾਂ ਦੇ ਲੋਕਾਂ ਦੀ ਬੇਰੁੱਖੀ ਦਾ ਸ਼ਿਕਾਰ ਵੀ ਹੋ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਇਲਾਕੇ 'ਚ ਘੁੰਮ ਰਹੇ ਬੇਸਹਾਰਾ ਗਊਵੰਸ਼ ਨੂੰ ਤੁਰੰਤ ਝਨੇੜੀ ਦੀ ਸਰਕਾਰੀ ਗਊਸ਼ਾਲਾਂ 'ਚ ਸਰਨ ਦਿੱਤੀ ਜਾਵੇ।

## ਲੱਖਾਂ ਦੀ ਠੱਗੀ ਮਾਰਨ ਦੇ ਦੋਸ 'ਚ ਪਤੀ-ਪਤਨੀ ਖਿਲਾਫ ਕੇਸ ਦਰਜ

ਫਗਵਾੜਾ 10 ਨਵੰਬਰ। ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ ਹੇਠ ਥਾਣਾ ਸਿਟੀ ਫਗਵਾੜਾ 'ਚ ਪਤੀ-ਪਤਨੀ ਖਿ਼ਲਾਫ ਮਾਮਲਾ ਦਰਜ ਕੀਤਾ ਗਿਆ ਹੈ ਪੁਲਸ ਨੂੰ ਦਿੱਤੀ ਸਿ਼ਕਾਇਤ ਵਿਚ ਸਿ਼ਵ ਨੰਦਨ ਪੁੱਤਰ ਰਾਮ ਨਿਵਾਸ ਵਾਸੀ ਓਂਕਾਰ ਨਗਰ ਫਗਵਾੜਾ ਨੇ ਦੋਸ ਲਾਇਆ ਕਿ ਜਸਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਕੁਲਦੀਪ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਨਿਊ ਬੇਅੰਤ ਨਗਰ ਜਲੰਧਰ ਨੇ ਉਸ ਨਾਲ ਕਰੀਬ 12,39,490 ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਦੋਸੀ ਪਤੀ-ਪਤਨੀ ਖਿਲਾਫ ਧੋਖਾਧੇਹੀ ਦਾ ਮਾਮਲਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ। ਖਬਰ ਲਿਖੇ ਜਾਣ ਤੱਕ ਦੋਸੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਸਨ ਅਤੇ ਪੁਲਸ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਥਾਈਂ ਛਾਪੇਮਾਰੀ ਕੀਤੀ ਜਾ ਰਹੀ ਹੈ।

## ਡਿਪਟੀ ਕਮਿਸਨਰ ਵੱਲੋਂ ਹੁਸਿ਼ਆਰਪੁਰ ਰੋਡ 'ਤੇ 500 ਮੀਟਰ ਲੰਬੇ ਹਿੱਸੇ ਦਾ ਨਿਰਮਾਣ ਜਲਦੀ ਕਰਨ ਦੀਆਂ ਦਿੱਤੀਆਂ ਹਦਾਇਤਾਂ

ਜਲੰਧਰ 10 ਨਵੰਬਰ। ਡਿਪਟੀ ਕਮਿਸਨਰ ਡਾ. ਹਿਮਾਂਸੂ ਅਗਰਵਾਲ ਵੱਲੋਂ ਮੰਗਲਵਾਰ ਹੁਸਿ਼ਆਰਪੁਰ ਰੋਡ ਦਾ ਦੌਰਾ ਕਰਕੇ ਇਸ ਹਾਈਵੇਅ ਨੂੰ ਚੌੜਾ ਅਤੇ ਚਹੁੰ-ਮਾਰਗੀ ਕਰਨ ਦੇ ਚੱਲ ਰਹੇ ਪ੍ਰਾਜੈਕਟ ਦਾ ਜਾਇਜਾ ਲਿਆ ਗਿਆ। ਡਿਪਟੀ ਕਮਿਸਨਰ ਨੇ ਲੋਕ ਨਿਰਮਾਣ ਵਿਭਾਗ ਨੂੰ ਇਸ ਹਾਈਵੇਅ 'ਤੇ ਕਰੀਬ 500 ਮੀਟਰ ਲੰਬੇ ਹਿੱਸੇ ਦਾ ਸੜਕ ਨਿਰਮਾਣ ਦਸੰਬਰ ਦੇ ਅਖੀਰ ਤੱਕ ਮੁਕੰਮਲ ਕਰਨ ਦੇ ਨਿਰਦੇਸ ਦਿੱਤੇ। ਜਿ਼ਕਯੋਗ ਹੈ ਕਿ ਪੀ. ਐੱਸ. ਪੀ. ਸੀ. ਐੱਲ. ਵੱਲੋਂ ਬਿਜਲੀ ਦੇ ਖੰਭੇ ਸਿ਼ਫਟ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕੰਮ ਸਰਦੀਆਂ ਤੋਂ ਪਹਿਲਾਂ ਭਾਵ ਹਾਟਮਿਕਸ



ਪਲਾਂਟ ਬੰਦ ਹੋਣ ਤੋਂ ਪਹਿਲਾਂ ਮੁਕੰਮਲ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਲੰਮਾ ਪਿੰਡ-ਜੰਡੂ ਸਿੰਘਾ ਰੋਡ ਦੇ ਪੰਜ ਕਿਲੋਮੀਟਰ ਦੇ ਹਿੱਸੇ ਦੀ ਅਹਿਮੀਅਤ 'ਤੇ ਚਾਨਣਾ ਪਾਉਂਦਿਆਂ ਪੀ. ਐੱਸ. ਪੀ. ਸੀ. ਐੱਲ. ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਿਜਲੀ ਦੇ ਬਾਕੀ ਰਹਿੰਦੇ ਖੰਭਿਆਂ ਨੂੰ ਤੁਰੰਤ ਸਿ਼ਫਟ ਕੀਤਾ ਜਾਵੇ ਤਾਂ ਜੋ ਇਸ ਸੜਕ ਨੂੰ ਚੌੜਾ ਕਰਨ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ। ਡਿਪਟੀ ਕਮਿਸਨਰ ਨੇ ਅੱਗੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਕੰਮ ਦੀ ਰਫਤਾਰ 'ਤੇ ਨਿੱਜੀ ਤੌਰ 'ਤੇ ਨਜਰ ਰੱਖੀ ਜਾਵੇਗੀ ਅਤੇ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਵਿੱਚ ਪੀ. ਐੱਸ. ਪੀ. ਸੀ. ਐੱਲ., ਜਲ ਸਪਲਾਈ ਤੇ ਸੀਵਰੇਜ ਬੋਰਡ, ਪੀ. ਡਬਲਿਊ. ਡੀ. ਦੇ ਅਧਿਕਾਰੀ ਵੀ ਮੌਜੂਦ ਸਨ।

## ਬੱਚੇ ਦੇ ਜਨਮ ਦੀ ਖੁਸੀ 'ਚ ਮਠਿਆਈ ਵੰਡ ਕੇ ਪਰਤ ਰਹੇ 2 ਦੋਸਤਾਂ ਨਾਲ ਹੋਇਆ ਉਹ ਜੋ ਸੋਚਿਆ ਨਾ ਸੀ

ਜਲੰਧਰ 10 ਨਵੰਬਰ। ਬੱਚੇ ਦੇ ਜਨਮ ਦੀ ਖੁਸੀ ਦੀ ਮਠਿਆਈ ਵੰਡਣ ਤੋਂ ਬਾਅਦ ਆਪਣੇ ਦੋਸਤ ਨਾਲ ਮੋਟਰਸਾਈਕਲ 'ਤੇ ਘਰ ਜਾ ਰਿਹਾ ਮੁੰਡੇ ਨਾਲ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਇਕ ਨੌਜਵਾਨ ਦੀ ਮੌਤ ਹੋ ਗਈ ਜਦਕਿ ਦੂਜਾ ਗੰਭੀਰ ਰੂਪ ਨਾਲ ਜਖਮੀ ਹੋ ਗਿਆ। ਜਖਮੀ ਵਿਅਕਤੀਆਂ ਦੀ ਪਛਾਣ ਅਰਾਜ ਕੁਮਾਰ ਪੁੱਤਰ ਬੀਰ ਚੰਦ ਵਾਸੀ ਪਿੰਡ ਹੀਰਾਪੁਰ ਜਿ਼ਲ੍ਹਾ ਜਲੰਧਰ ਅਤੇ ਉਸ ਦੇ ਦੋਸਤ ਪਲਵਿੰਦਰ ਸਿੰਘ




ਪੁੱਤਰ ਅਮਰਪਾਲ ਸਿੰਘ ਵਾਸੀ ਪਿੰਡ ਨੌਗੱਜਾ ਕਰਤਾਰਪੁਰ ਜਿ਼ਲ੍ਹਾ ਜਲੰਧਰ ਵਜੋਂ ਹੋਈ ਹੈ। ਦੋਵੇਂ ਜਖਮੀਆਂ ਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਪਲਵਿੰਦਰ ਸਿੰਘ ਪੁੱਤਰ ਅਮਰਪਾਲ ਦੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਅਜੇ 20 ਦਿਨ ਪਹਿਲਾਂ ਹੀ ਅਰਾਜ ਕੁਮਾਰ ਇਕ ਨਵਜੰਮੇ ਬੱਚੇ ਦਾ ਪਿਤਾ ਬਣਿਆ ਸੀ, ਜਿਸ ਦੀ ਖੁਸੀ 'ਚ ਉਹ ਪਿੰਡ ਬੱਲਾਂ 'ਚ ਆਪਣੇ ਸਹੁਰਿਆਂ ਨੂੰ ਮਠਿਆਈ ਦੇਣ ਗਿਆ ਸੀ। ਜਿਵੇਂ ਹੀ ਉਹ ਪਿੰਡ ਬੱਲਾਂ ਤੋਂ ਡੇਰੇ ਨੂੰ ਜਾਂਦੀ ਸੜਕ 'ਤੇ ਹਸਪਤਾਲ ਨੇੜੇ ਪਹੁੰਚੇ ਤਾਂ ਕਿਸੇ ਅਣਪਛਾਤੇ ਤੇਜ ਰਫਤਾਰ ਵਾਹਨ ਚਾਲਕ ਨੇ ਉਸ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਥਾਣਾ ਮਕਸੂਦਾਂ ਦੇ ਐੱਸ. ਐੱਚ. ਓ. ਬਿਕਰਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ 'ਚ ਰੱਖਵਾਇਆ ਗਿਆ ਹੈ ਅਤੇ ਵਾਹਨ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ। ਪੁਲਸ ਨੇ ਆਸਪਾਸ ਦੇ ਸੀ. ਸੀ. ਟੀ. ਵੀ. ਕੈਮਰੇ ਲਾਏ ਹਨ। ਕੈਮਰਿਆਂ ਦੀ ਜਾਂਚ ਕੀਤੀ ਗਈ ਹੈ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਨ ਦੀ ਤਿਆਰੀ ਕਰ ਲਈ ਗਈ ਹੈ।

# ਦਰਦਨਾਕ ਹਾਦਸਾ; ਔਰਤਾਂ-ਬੱਚਿਆਂ ਸਣੇ 10 ਲੋਕਾਂ ਦੀ ਮੌਤ

ਹਰਦੋਈ 10 ਨਵੰਬਰ। ਮਿੰਨੀ ਟਰੱਕ ਦੀ ਲਪੇਟ 'ਚ ਆਉਣ ਨਾਲ ਆਟੋ ਰਿਕਸ਼ਾ 'ਤੇ ਸਵਾਰ 10 ਲੋਕਾਂ ਦੀ ਮੌਤ ਹੋ ਗਈ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਹ ਭਿਆਨਕ ਹਾਦਸਾ ਉੱਤਰ ਪ੍ਰਦੇਸ਼ 'ਚ ਹਰਦੋਈ ਜਿ਼ਲ੍ਹੇ ਦੇ ਬਿਲਗ੍ਰਾਮ ਖੇਤਰ 'ਚ ਵਾਪਰਿਆ। ਪੁਲਸ ਸੂਤਰਾਂ ਨੇ ਦੱਸਿਆ ਕਿ ਮਾਧਵਗੰਜ ਕਸਬੇ ਤੋਂ ਇਕ ਸੀ.ਐੱਨ.ਜੀ. ਆਟੋ ਬਿਲਗ੍ਰਾਮ ਕਟਰਾ ਬਿਲਹੌਰ ਮਾਰਗ 'ਤੇ ਬਿਲਗ੍ਰਾਮ ਵੱਲ ਆ ਰਿਹਾ ਸੀ ਕਿ ਰਸਤੇ 'ਚ ਇਕ ਬਾਈਕ ਸਵਾਰ ਨੂੰ ਬਚਾਉਣ ਦੇ ਚੱਕਰ 'ਚ ਆਟੋ ਉਲਟ ਦਿਸ਼ਾ ਤੋਂ ਆ ਰਹੀ ਇਕ ਡੀਸੀਐੱਮ ਨਾਲ ਟਕਰਾ ਕੇ ਪਲਟ ਗਿਆ। ਆਟੋ ਰਿਕਸ਼ਾ 'ਚ 15 ਲੋਕ ਸਵਾਰ ਸਨ, ਜਿਨ੍ਹਾਂ 'ਚੋਂ ਕੁਝ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਸਾਰਿਆਂ ਨੂੰ ਬਿਲਗ੍ਰਾਮ ਸਿਹਤ ਕੇਂਦਰ ਭਿਜਵਾਇਆ, ਜਿੱਥੇ ਡਾਕਟਰਾਂ ਨੇ 10 ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾਂ 'ਚ 6 ਔਰਤਾਂ, 2




ਬੱਚੇ ਅਤੇ ਇਕ ਪੁਰਸ਼ ਤੇ ਇਕ ਕੁੜੀ ਸ਼ਾਮਲ ਹੈ, ਜਦੋਂ ਕਿ 5 ਲੋਕ ਜਖਮੀ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਮ੍ਰਿਤਕਾਂ 'ਚ ਅਜੇ 2 ਔਰਤਾਂ ਦੀ ਪਛਾਣ ਹੋ ਸਕੀ ਹੈ। ਬਾਕੀਆਂ ਦੀ ਪਛਾਣ ਕਰਨ 'ਚ ਪੁਲਸ ਪ੍ਰਸ਼ਾਸਨ ਜੁਟਿਆ ਹੋਇਆ ਹੈ। ਮ੍ਰਿਤਕ ਨੇੜੇ-ਤੇੜੇ ਦੇ ਖੇਤਰ ਦੇ ਹੀ ਦੱਸੇ ਜਾ ਰਹੇ ਹਨ। ਪੁਲਸ ਸੂਤਰਾਂ ਨੇ ਦੱਸਿਆ ਕਿ ਸੜਕ ਹਾਦਸਾ ਬਿਲਗ੍ਰਾਮ ਕੋਤਵਾਲੀ ਇਲਾਕੇ ਦੇ ਕਟੜਾ ਬਿਲਹੌਰ ਹਾਈਵੇਅ 'ਤੇ ਹੀਰਾ ਰੋਸ਼ਨਪੁਰ ਪਿੰਡ ਕੋਲ ਕਰੀਬ 12.30 ਵਜੇ ਵਾਪਰਿਆ, ਜਦੋਂ ਮਾਧਵਗੰਜ ਤੋਂ ਸਵਾਰੀ ਬੈਠਾ ਕੇ ਇਕ ਆਟੋ ਬਿਲਗ੍ਰਾਮ ਵੱਲ ਆ ਰਿਹਾ ਸੀ। ਰਸਤੇ 'ਚ ਹੀਰਾ ਰੋਸ਼ਨਪੁਰ ਪਿੰਡ ਕੋਲ ਇਕ ਬਾਈਕ ਸਵਾਰ ਨੂੰ ਬਚਾਉਣ ਦੇ ਚੱਕਰ 'ਚ ਆਟੋ ਸਾਹਮਣੇ ਆ ਰਹੀ ਇਕ ਡੀਸੀਐੱਮ ਨਾਲ ਟਕਰਾ ਕੇ ਪਲਟ ਗਿਆ। ਆਟੋ 'ਚ 15 ਸਵਾਰੀਆਂ ਸਨ। ਮ੍ਰਿਤਕਾਂ 'ਚ ਮਾਧੁਰੀ ਅਤੇ ਸੁਨੀਤਾ ਨਾਂ ਦੀਆਂ 2 ਔਰਤਾਂ ਦੀ ਪਛਾਣ ਹੋਈ ਹੈ ਜਦੋਂ ਕਿ ਬਾਕੀ ਦੀ ਪਛਾਣ ਲਈ ਪੁਲਸ ਕੋਸ਼ਿਸ਼ ਕਰ ਰਹੀ ਹੈ। ਜਖਮੀਆਂ 'ਚ ਰਮੇਸ਼, ਸੰਜੇ, ਵਿਮਲੇਸ਼ ਆਨੰਦ ਅਤੇ ਕਿਸ਼ੋਰ ਸ਼ਾਮਲ ਹੈ, ਜਿਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ।

## ਪੰਜਾਬ ਪੁਲਸ ਦੇ ਅੜਿੱਕੇ ਚੜ੍ਹੀਆਂ 2 ਵੱਡੀਆਂ ਮੱਛੀਆਂ ! ਅਮਰੀਕਾ-ਪੁਰਤਗਾਲ ਤਕ ਜੁੜੇ ਤਾਰ

ਚੰਡੀਗੜ੍ਹ/ਅੰਮ੍ਰਿਤਸਰ 10 ਨਵੰਬਰ। ਪੰਜਾਬ ਪੁਲਸ ਨੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਨੈਟਵਰਕ ਨੂੰ ਵੱਡਾ ਝਟਕਾ ਦਿੰਦਿਆਂ 2 ਮੁਲਜਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਮਰੀਕਾ ਸਥਿਤ ਅਪਰਾਧੀ ਬਲਵਿੰਦਰ ਸਿੰਘ ਉਰਫ ਡੌਨੀ ਬੱਲ ਅਤੇ ਪ੍ਰਭਦੀਪ ਸਿੰਘ ਉਰਫ ਪ੍ਰਭ ਦਾਸੂਵਾਲ ਅਤੇ ਪੁਰਤਗਾਲ ਸਥਿਤ ਅਪਰਾਧੀ ਮਨਪ੍ਰੀਤ ਸਿੰਘ ਉਰਫ ਮੰਨੂ ਘਨਸਾਮਪੁਰੀਆ ਦੇ ਨਿਰਦੇਸਾਂ 'ਤੇ ਕਾਰਵਾਈ ਕਰ ਰਹੇ ਸਨ। ਇਹ ਗਿਰੋਹ ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧਿਕ ਗਿਰੋਹ ਦੇ ਵਿਰੋਧੀ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਗੌਰਵ ਯਾਦਵ ਨੇ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਨੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਨੈਟਵਰਕ ਨੂੰ ਵੱਡਾ ਝਟਕਾ ਦਿੰਦਿਆਂ 2 ਵਿਅਕਤੀਆਂ ਆਦਿਤਿਆ ਕਪੂਰ ਉਰਫ ਮੱਖਣ ਅਤੇ ਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਮੁਲਜਮ ਆਦਿਤਿਆ ਕਪੂਰ ਖਿ਼ਲਾਫ 12 ਅਪਰਾਧਿਕ ਮਾਮਲੇ ਦਰਜ ਹਨ। ਡੀ.ਜੀ.ਪੀ. ਨੇ ਅੱਗੇ ਦੱਸਿਆ ਕਿ ਇਹ ਅਮਰੀਕਾ ਸਥਿਤ ਅਪਰਾਧੀ ਬਲਵਿੰਦਰ ਸਿੰਘ ਉਰਫ ਡੌਨੀ ਬੱਲ ਅਤੇ ਪ੍ਰਭਦੀਪ ਸਿੰਘ ਉਰਫ ਪ੍ਰਭ ਦਾਸੂਵਾਲ ਅਤੇ ਪੁਰਤਗਾਲ ਸਥਿਤ ਅਪਰਾਧੀ ਮਨਪ੍ਰੀਤ ਸਿੰਘ ਉਰਫ ਮੰਨੂ ਘਨਸਾਮਪੁਰੀਆ ਦੇ ਨਿਰਦੇਸਾਂ 'ਤੇ ਕਾਰਵਾਈ ਕਰ ਰਹੇ ਸਨ। ਇਹ ਗਿਰੋਹ ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧਿਕ ਗਿਰੋਹ ਦੇ ਵਿਰੋਧੀ ਹਨ। ਇਨ੍ਹਾਂ ਕੋਲੋਂ 4 ਹਥਿਆਰ ਸਮੇਤ 1 ਗਲੋਕ ਪਿਸਤੌਲ, 5 ਮੈਗਜੀਨ ਅਤੇ 14 ਰਾਊਂਡ ਬਰਾਮਦ ਕੀਤੇ ਗਏ ਹਨ। ਥਾਣਾ , ਅੰਮ੍ਰਿਤਸਰ ਵਿਚ ਦਰਜ ਕੀਤੀ ਗਈ ਹੈ। ਮੁਲਜਮਾਂ ਵੱਲੋਂ ਪਹਿਲਾਂ ਕੀਤੀਆਂ ਗਈਆਂ ਸਮੱਗਲਿੰਗ ਦੀਆਂ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## 4 ਸਾਲਾ ਬੱਚੇ ਨੂੰ ਅਗਵਾ ਕਰਨ ਵਾਲੇ ਦੋਸ਼ੀ ਨੂੰ 10 ਸਾਲ ਦੀ ਕੈਦ, ਮਨੁੱਖੀ ਬਲੀ ਦੇਣ ਦੀ ਸੀ ਕੋਸ਼ਿਸ਼

ਲੁਧਿਆਣਾ 10 ਨਵੰਬਰ। ਵਧੀਕ ਸੈਸ਼ਨ ਜੱਜ ਸ਼ਿਵ ਮੋਹਨ ਗਰਗ ਦੀ ਅਦਾਲਤ ਨੇ ਨਵਾਦਾ ਜ਼ਿਲ੍ਹੇ ਦੇ ਭੱਟਾ ਨਿਵਾਸੀ ਧਰਮਿੰਦਰ ਸਪੇਰਾ ਨੂੰ ਅਗਵਾ ਦੇ ਦੋਸ਼ 'ਚ ਦੋਸ਼ੀ ਠਹਿਰਾਉਂਦੇ ਹੋਏ ਉਸ ਨੂੰ 10 ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਮੁਲਜ਼ਮ ਨੂੰ 10,000 ਰੁਪਏ ਜੁਰਮਾਨਾ ਵੀ ਲਗਾਇਆ ਹੈ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ 'ਚ ਉਸ ਨੂੰ 2 ਮਹੀਨਿਆਂ ਦੀ ਵਾਧੂ ਕੈਦ ਵੀ ਭੁਗਤਣੀ ਪਵੇਗੀ। ਸਪੇਰੇ ਨੂੰ ਕਥਿਤ ਤੌਰ 'ਤੇ ਆਪਣੀ ਪਤਨੀ 'ਤੇ ਕੰਟਰੋਲ ਪਾਉਣ ਲਈ ਬਲੀ ਦੇਣ ਦੀ ਨੀਅਤ ਨਾਲ 4 ਸਾਲਾਂ ਦੇ ਬੱਚੇ ਨੂੰ



ਅਗਵਾ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਅਦਾਲਤ ਨੇ ਮੁਲਜ਼ਮ ਵੱਲੋਂ ਕੀਤੀ ਗਈ ਨਰਮੀ ਦੀ ਦਲੀਲ ਨੂੰ ਇਹ ਕਹਿੰਦੇ ਹੋਏ ਖਾਰਿਜ ਕਰ ਦਿੱਤਾ ਕਿ ਅਪਰਾਧ ਦੀ ਕਿਸਮ ਨੂੰ ਦੇਖਦੇ ਹੋਏ ਮੁਲਜ਼ਮ ਕਿਸੇ ਵੀ ਨਰਮੀ ਦਾ ਹੱਕਦਾਰ ਨਹੀਂ ਹੈ। ਇਹ ਘਟਨਾ 14 ਅਕਤੂਬਰ 2022 ਨੂੰ ਪਹਿਲਵਾਨ ਢਾਬੇ ਕੋਲ ਝੁੱਗੀਆਂ ਦੀ ਲਾਈਨ ਦੇ ਬਾਹਰ ਹੋਈ ਸੀ। ਮੁਲਜ਼ਮ ਕਥਿਤ ਤੌਰ 'ਤੇ ਲੜਕੇ ਨੂੰ ਵਰਗਲਾ ਕੇ ਲੈ ਗਿਆ ਸੀ। ਸੀ. ਸੀ. ਟੀ. ਵੀ. ਫੁਟੇਜ 'ਚ ਸਾਫ ਤੌਰ 'ਤੇ ਇਹ ਹਰਕਤ ਕੈਦ ਹੋਈ ਹੈ, ਜਿਸ ਵਿਚ ਉਹ ਛੋਟੇ ਬੱਚੇ ਨੂੰ ਆਪਣੇ ਨਾਲ ਲਿਜਾਂਦਾ ਹੋਇਆ ਦਿਖਾਈ ਦੇ ਰਿਹਾ ਹੈ। ਪੁਲਸ ਨੇ ਕੇਸ ਦਰਜ ਕਰ ਕੇ ਤੁਰੰਤ ਜਾਂਚ ਸ਼ੁਰੂ ਕੀਤੀ। ਅਗਵਾ ਕੀਤੇ ਬੱਚੇ ਦੀਆਂ ਫੋਟੋਆਂ ਪੰਜਾਬ ਦੇ ਵੱਖ-ਵੱਖ ਪੁਲਸ ਥਾਣਿਆਂ 'ਚ ਭੇਜੀਆਂ ਗਈਆਂ। ਅੰਮ੍ਰਿਤਸਰ ਦੇ ਜੰਡਿਆਲਾ ਪੁਲਸ ਥਾਣੇ ਦੀ ਪੁਲਸ ਨੇ ਸਬੂਤਾਂ ਅਤੇ ਤਸਵੀਰਾਂ ਦੇ ਆਧਾਰ 'ਤੇ ਸਪੇਰੇ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਹਮਲਾ

ਅਬੋਹਰ 10 ਨਵੰਬਰ। ਅਬੋਹਰ-ਹਨੂੰਮਾਨਗੜ੍ਹ ਰੋਡ 'ਤੇ ਇਕ ਮਾਰਬਲ ਫੈਕਟਰੀ ਵਿਚ ਮੌਜੂਦਾ ਕੌਂਸਲਰ ਦੇ ਭਤੀਜੇ ਅਤੇ ਪਿੰਡ ਅਜ਼ੀਮਗੜ੍ਹ ਦੇ ਰਹਿਣ ਵਾਲੇ ਇਕ ਨੌਜਵਾਨ 'ਤੇ ਦਰਜਨ ਭਰ ਨੌਜਵਾਨਾਂ ਨੇ



ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਲਹੂ-ਲੁਹਾਨ ਕਰ ਦਿੱਤਾ। ਉਸ ਨੂੰ ਜ਼ਖਮੀ ਹਾਲਤ ਵਿਚ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੋਂ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਫਰੀਦਕੋਟ ਰੈਫਰ ਕਰ ਦਿੱਤਾ ਗਿਆ। ਜਾਣਕਾਰੀ ਦਿੰਦਿਆਂ ਕੌਂਸਲਰ ਰਾਜਾਰਾਮ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਉਨ੍ਹਾਂ ਦੇ ਲੜਕੇ ਦੀ ਉਨ੍ਹਾਂ ਦੇ ਮੁਹੱਲੇ ਦੇ ਹੀ ਰਹਿਣ ਵਾਲੇ ਸੁਰੇਸ਼ ਅਤੇ ਉਸ ਦੇ ਦੋਸਤਾਂ ਨਾਲ ਲੜਾਈ ਹੋਈ ਸੀ। ਜਿਸ ਤੋਂ ਬਾਅਦ ਹਮਲਾਵਰਾਂ ਖਿ਼ਲਾਫ ਮਾਮਲਾ ਵੀ ਦਰਜ ਕੀਤਾ ਗਿਆ ਸੀ। ਬੀਤੀ ਸ਼ਾਮ ਨਗਰ ਥਾਣਾ ਨੰਬਰ-2 ਦੀ ਇੰਚਾਰਜ ਪ੍ਰੋਮਿਲਾ ਰਾਣੀ ਸਿੱਧੂ ਨੇ ਉਨ੍ਹਾਂ ਦਾ ਅਤੇ ਦੂਜੀ ਧਿਰ ਦਾ ਪੰਚਾਇਤੀ ਸਮਝੌਤਾ ਕਰਵਾਇਆ ਸੀ। ਜਿਸ 'ਚ ਦੂਜੀ ਧਿਰ ਦੇ ਸੁਰੇਸ਼ ਕੁਮਾਰ ਨੇ ਆਪਣੀ ਗਲਤੀ ਮੰਨਦਿਆਂ ਕਿਹਾ ਕਿ ਉਹ ਭਵਿੱਖ 'ਚ ਪਹਿਲ ਨਹੀਂ ਕਰਨਗੇ। ਰਾਜਾਰਾਮ ਨੇ ਦੱਸਿਆ ਕਿ ਉਸ ਦਾ ਭਤੀਜਾ ਸੰਦੀਪ ਕੁਮਾਰ ਪੁੱਤਰ ਸੂਰਜਾ ਰਾਮ (30) ਗੱਡੀ ਚਲਾਉਂਦਾ ਹੈ। ਦੁਪਹਿਰ ਨੂੰ ਜਦੋਂ ਉਹ ਹਨੂੰਮਾਨਗੜ੍ਹ ਰੋਡ 'ਤੇ ਮਾਰਬਲ ਫੈਕਟਰੀ 'ਚ ਬੈਠ ਕੇ ਆਪਣਾ ਮੋਬਾਇਲ ਦੇਖ ਰਿਹਾ ਸੀ ਤਾਂ 8-10 ਅਣਪਛਾਤੇ ਨੌਜਵਾਨ ਡਾਂਗਾਂ, ਤਲਵਾਰਾਂ ਅਤੇ ਕੁਹਾੜੀਆਂ ਨਾਲ ਆਏ ਅਤੇ ਉਸ 'ਤੇ 28 ਵਾਰ ਹਮਲਾ ਕਰ ਕੇ ਉਸ ਨੂੰ ਅੱਧਮਰਿਆ ਸੁੱਟ ਕੇ ਫਰਾਰ ਹੋ ਗਏ। ਇਸ ਤੋਂ ਬਾਅਦ ਫੈਕਟਰੀ ਦੇ ਲੋਕਾਂ ਨੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ, ਜੋ ਉਸ ਨੂੰ ਤੁਰੰਤ ਸਿਵਲ ਹਸਪਤਾਲ ਲੈ ਗਏ। ਡਾਕਟਰਾਂ ਅਨੁਸਾਰ ਸੰਦੀਪ ਦੀ ਹਾਲਤ ਕਾਫੀ ਨਾਜ਼ੁਕ ਹੋਣ ਕਾਰਨ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ। ਕੌਂਸਲਰ ਰਾਜਾ ਰਾਮ ਨੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਪੁਲਸ ਹਮਲਾਵਰਾਂ ਖਿ਼ਲਾਫ ਸਖਤ ਕਾਰਵਾਈ ਕਰੇ ਅਤੇ ਜੇਕਰ ਕੱਲ੍ਹ ਨੂੰ ਉਨ੍ਹਾਂ ਦੇ ਭਤੀਜੇ ਦੀ ਜਾਨ ਨੂੰ ਖਤਰਾ ਹੁੰਦਾ ਹੈ ਤਾਂ ਇਸ ਲਈ ਸਿੱਧੇ ਤੌਰ 'ਤੇ ਸੁਰੇਸ਼ ਕੁਮਾਰ ਜ਼ਿੰਮੇਵਾਰ ਹੋਵੇਗਾ। ਥਾਣਾ ਇੰਚਾਰਜ ਪ੍ਰੋਮਿਲਾ ਸਿੱਧੂ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਦੀ ਸੂਚਨਾ ਮਿਲ ਗਈ ਹੈ ਪਰ ਅਜੇ ਤੱਕ ਐੱਮ. ਐੱਲ. ਆਰ. ਨਹੀਂ ਪਹੁੰਚੀ, ਫਿਰ ਵੀ ਉਨ੍ਹਾਂ ਦੀ ਪੁਲਸ ਟੀਮ ਮੌਕੇ 'ਤੇ ਪਹੁੰਚ ਕੇ ਜਾਂਚ ਕਰ ਰਹੀ ਹੈ।

## ਘਰੋਂ ਗਏ ਪੁੱਤ ਬਾਰੇ ਆਏ ਫੋਨ ਨੇ ਉਡਾ ਦਿੱਤੇ ਪਰਿਵਾਰ ਦੇ ਹੋਸ਼, ਹੋਇਆ ਉਹ ਜੋ ਸੋਚਿਆ ਨਾ ਸੀ

ਔੜ 10 ਨਵੰਬਰ। ਬਲਾਕ ਔੜ ਦੇ ਪਿੰਡ ਸੋਢੀਆਂ ਨਜਦੀਕ ਭੱਠੇ 'ਤੇ ਕੰਮ ਕਰਦੇ ਪ੍ਰਵਾਸੀ ਮਜਦੂਰਾਂ ਦੀਆਂ ਝੁੱਗੀਆਂ ਤੋਂ ਇਕ ਦੁੱਖਦਾਇਕ ਖਬਰ ਨਿਕਲ ਕੇ ਸਾਹਮਣੇ ਆਈ ਹੈ, ਜਿਨ੍ਹਾਂ ਦਾ ਇਕ ਨੌਜਵਾਨ ਔੜ ਨੇੜੇ ਪੈਂਦੇ ਪਿੰਡ ਗੜ੍ਹੁੱਪੜ ਕੋਲ ਜਾਂਦੀ ਡਰੇਨ ਕੋਲੋਂ ਸ਼ੱਕੀ ਹਾਲਾਤ ਵਿਚ ਮ੍ਰਿਤਕ ਮਿਲਿਆ। ਜਿਸ ਦੀ ਜਾਣਕਾਰੀ ਦਿੰਦਿਆਂ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਰਵੀ ਕੁਮਾਰ (25), ਜੋ ਫਗਵਾੜਾ ਵਿਖੇ ਕੰਮ ਕਰਦਾ ਸੀ ਅਤੇ ਉਹ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਘਰ ਵਿਚ ਆਇਆ ਹੋਇਆ ਸੀ। ਉਕਤ ਨੌਜਵਾਨ ਨੂੰ 3 ਅਕਤੂਬਰ ਨੂੰ ਸਵੇਰੇ 6 ਵਜੇ ਕਿਸੇ ਦਾ ਫੋਨ ਆਇਆ ਜਿਸ ਉਪਰੰਤ ਉਹ ਮੋਟਰਸਾਈਕਲ 'ਤੇ ਘਰੋਂ ਚਲਾ ਗਿਆ, ਦੂਜੇ ਦਿਨ ਉਨ੍ਹਾਂ ਨੂੰ ਫੋਨ 'ਤੇ ਹੀ ਕਿਸੇ ਨੇ ਉਸ ਦੀ ਮੌਤ ਹੋ ਜਾਣ ਬਾਰੇ ਦੱਸਿਆ। ਜਿਨ੍ਹਾਂ ਨੇ ਸੱਕ ਜਾਹਰ ਕੀਤਾ ਹੈ ਕਿ ਉਨ੍ਹਾਂ ਦੇ ਨੌਜਵਾਨ ਨੂੰ ਘਰੋਂ ਬੁਲਾ ਕੇ ਉਸ ਦਾ ਕਤਲ ਕੀਤਾ ਗਿਆ ਹੈ। ਜਦ ਕਿ ਥਾਣਾ ਔੜ ਦੇ ਏ. ਐੱਸ. ਆਈ. ਨਿਰਮਲ ਸਿੰਘ ਨੇ ਗੱਲਬਾਤ ਰਾਹੀਂ ਦੱਸਿਆ ਕਿ ਉਸ ਨੌਜਵਾਨ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਉਸ ਦੀ ਲਾਸ ਦੇ ਕੁਝ ਟੈਸਟ ਕਰਵਾਏ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੀ ਤਫਤੀਸ ਸਹੀ ਤਰੀਕੇ ਨਾਲ ਹੋ ਸਕੇ।

# ਟਿਊਸ਼ਨ ਪੜ੍ਹ ਕੇ ਘਰ ਆ ਰਹੇ ਮਾਸੂਮ ਬੱਚੇ ਨੂੰ ਪਾਲਤੂ ਕੁੱਤੇ ਨੇ ਬਣਾਇਆ ਸ਼ਿਕਾਰ

ਲੁਧਿਆਣਾ 10 ਨਵੰਬਰ। ਲੁਧਿਆਣਾ ਦੇ ਥਾਣਾ ਟਿੱਬਾ ਅਧੀਨ ਆਉਂਦੇ ਨਿਊ ਸ਼ੰਕਰ ਕਾਲੋਨੀ ਤੋਂ ਇਕ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਟਿਊਸ਼ਨ ਤੋਂ ਘਰ ਪਰਤ ਰਹੇ ਇਕ ਮਾਸੂਮ ਬੱਚੇ ਨੂੰ ਪਾਲਤੂ ਕੁੱਤੇ ਨੇ ਵੱਢ ਲਿਆ। ਕੁੱਤੇ ਨੇ ਬੱਚੇ ਦੇ ਮੂੰਹ 'ਤੇ ਹਮਲਾ ਕੀਤਾ, ਜਿਸ ਕਾਰਨ ਬੱਚੇ ਦਾ ਮੂੰਹ ਬੁਰੀ ਤਰ੍ਹਾਂ ਜਖਮੀ ਹੋ ਗਿਆ ਹੈ। ਜਖਮੀ ਹੋਏ ਬੱਚੇ ਦੀ ਪਛਾਣ ਰਾਜਵੀਰ (9) ਵਜੋਂ ਹੋਈ ਹੈ। ਮਾਮਲੇ ਦੀ ਹੋਰ ਜਾਣਕਾਰੀ ਦਿੰਦੇ ਹੋਏ ਰਾਜਵੀਰ ਦੇ ਪਿਤਾ ਨੇ ਦੱਸਿਆ ਕਿ ਉਹ ਸਾਈਕਲ ਰਿਪੇਅਰ ਦਾ ਕੰਮ ਕਰਦੇ ਹਨ। ਉਹ ਉਸ ਸਮੇਂ ਦੁਕਾਨ 'ਤੇ ਹੀ ਕੰਮ ਕਰ ਰਹੇ ਸਨ, ਜਦੋਂ ਮੁਹੱਲਾ ਵਾਸੀਆਂ ਨੇ ਦੱਸਿਆ ਕਿ ਉਸ ਦੇ ਬੱਚੇ ਨੂੰ ਕੁੱਤੇ ਨੇ ਵੱਢ ਲਿਆ ਹੈ, ਜਿਸ ਮਗਰੋਂ ਉਹ ਤੁਰੰਤ ਘਟਨਾ ਵਾਲੀ ਜਗ੍ਹਾ ਪਹੁੰਚ ਗਏ। ਉਨ੍ਹਾਂ ਜਾ ਕੇ ਦੇਖਿਆ ਕਿ ਉਨ੍ਹਾਂ ਦੇ ਬੱਚੇ ਦੇ ਮੂੰਹ 'ਤੇ ਕੁੱਤੇ ਨੇ ਹਮਲਾ ਕੀਤਾ ਸੀ ਤੇ ਬੁਰੀ ਤਰ੍ਹਾਂ ਜਖਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਰਾਜਵੀਰ ਪਹਿਲੀ ਕਲਾਸ 'ਚ ਪੜ੍ਹਦਾ ਹੈ ਤੇ ਉਸ ਸਮੇਂ ਉਹ ਟਿਊਸ਼ਨ ਤੋਂ ਵਾਪਸ ਆ ਰਿਹਾ ਸੀ ਜਦੋਂ ਰਸਤੇ 'ਚ ਪੈਂਦੇ ਇਕ ਘਰ 'ਚ ਰੱਖੇ ਕੁੱਤੇ ਨੇ ਬੱਚੇ



'ਤੇ ਹਮਲਾ ਕਰ ਕੇ ਜਖਮੀ ਕਰ ਦਿੱਤਾ। ਇਸ ਕੀਤਾ, ਜਿਸ ਕਾਰਨ ਬੱਚੇ ਦਾ ਮੂੰਹ ਬੁਰੀ ਤਰ੍ਹਾਂ ਜਖਮੀ ਹੋ ਗਿਆ ਹੈ। ਜਖਮੀ ਹੋਏ ਬੱਚੇ ਦੀ ਪਛਾਣ ਰਾਜਵੀਰ (9) ਵਜੋਂ ਹੋਈ ਹੈ। ਮਾਮਲੇ ਦੀ ਹੋਰ ਜਾਣਕਾਰੀ ਦਿੰਦੇ ਹੋਏ ਰਾਜਵੀਰ ਦੇ ਪਿਤਾ ਨੇ ਦੱਸਿਆ ਕਿ ਉਹ ਸਾਈਕਲ ਰਿਪੇਅਰ ਦਾ ਕੰਮ ਕਰਦੇ ਹਨ। ਉਹ ਉਸ ਸਮੇਂ ਮਗਰੋਂ ਉਨ੍ਹਾਂ ਬੱਚੇ ਨੂੰ ਸਿਵਲ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ ਤੇ ਉਸ ਦੇ ਚਿਹਰੇ 'ਤੇ 12 ਟਾਂਕੇ ਲੱਗੇ ਹਨ। ਇਸ ਘਟਨਾ ਮਗਰੋਂ ਪੀੜਤ ਪਰਿਵਾਰ ਨੇ ਪ੍ਰਸ਼ਾਸਨ ਕੋਲ ਇਨਸਾਫ ਦੀ ਗੁਹਾਰ ਲਗਾਈ ਹੈ। ਇਸ ਮਗਰੋਂ ਜਦੋਂ ਕੁੱਤੇ ਦੇ ਮਾਲਕ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕੁੱਤਾ ਤਾਂ ਘਰੋਂ ਭੱਜ ਗਿਆ ਹੈ। ਇਸ ਮਗਰੋਂ ਥਾਣੇ ਪਹੁੰਚੇ ਪੀੜਤ ਪਰਿਵਾਰ ਨੇ ਕੁੱਤੇ ਦੇ ਮਾਲਕ ਖਿ਼ਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

## ਪੰਜਾਬ ਦੇ ਇਨ੍ਹਾਂ ਸਕੂਲਾਂ ਲਈ ਸਿੱਖਿਆ ਵਿਭਾਗ ਦਾ ਵੱਡਾ ਫੈਸਲਾ, ਅਧਿਆਪਕਾਂ ਲਈ ਜਾਰੀ ਹੋਏ ਵਿਸ਼ੇਸ਼ ਹੁਕਮ

ਚੰਡੀਗੜ੍ਹ 10 ਨਵੰਬਰ। ਪੰਜਾਬ ਦੇ ਸਿੱਖਿਆ ਵਿਭਾਗ ਨੇ ਸੂਬੇ ਵਿਚ ਚੱਲਦੇ ਡਬਲ ਸ਼ਿਫ਼ਟਾਂ ਵਾਲੇ ਸਕੂਲਾਂ ਵਿਚ ਵਿਦਿਆਰਥੀਆਂ ਦੀ ਸੁਰੱਖਿਆ ਮਿਆਰੀਕਰਨ ਨੂੰ ਧਿਆਨ ਵਿਚ ਰੱਖਦੇ ਹੋਏ ਨਵਾਂ ਹੁਕਮ ਜਾਰੀ ਕੀਤਾ ਹੈ। ਸਰਕਾਰ ਵਲੋਂ ਡਬਲ ਸ਼ਿਫਟਾਂ ਵਾਲੇ ਸਕੂਲਾਂ ਵਿਚ ਸਕੂਲ ਮੁਖੀਆਂ ਅਤੇ ਨਾਨ ਟੀਚਿੰਗ ਸਟਾਫ ਲਈ ਸਮਾਂ ਸਾਰਨੀ ਦੇ ਜਾਰੀ ਕੀਤੇ ਹੁਕਮ ਰੱਦ ਕਰ ਦਿੱਤੇ ਹਨ। ਸਿੱਖਿਆ ਸਕੱਤਰ ਨੇ ਆਪਣੇ ਚਾਰ-ਨੁਕਾਤੀ ਪੱਤਰ ਵਿਚ ਹਦਾਇਤ ਕੀਤੀ ਹੈ ਕਿ ਸਿੱਖਿਆ ਮੰਤਰੀ ਵਲੋਂ ਦਿੱਤੇ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਣ। ਇਨ੍ਹਾਂ ਹੁਕਮਾਂ ਤੋਂ ਬਾਅਦ ਲਾਇਬ੍ਰੇਰੀਅਨ/ਲਾਇਬ੍ਰੇਰੀ ਅਟੈਂਡੈਂਟ ਭਾਵ ਗਰੁੱਪ ਸੀ ਅਤੇ ਡੀ ਦੀ ਇਕੋ ਅਸਾਮੀ ਵਾਲੇ ਡਬਲ ਸ਼ਿਫ਼ਟ ਸਕੂਲਾਂ ਵਿਚ ਇਨ੍ਹਾਂ ਕਰਮਚਾਰੀਆਂ ਦੀ ਠਹਿਰ ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਤਕ ਹੋ ਜਾਵੇਗੀ। ਪੱਤਰ ਵਿਚ ਸਾਫ ਆਖਿਆ ਗਿਆ ਹੈ ਕਿ ਜੇਕਰ ਕਿਸੇ ਸਕੂਲ ਵਿਚ ਅਸਾਮੀਆਂ ਦੀ ਗਿਣਤੀ 2 ਜਾਂ ਇਸ ਤੋਂ ਵੱਧ ਹੈ ਤਾਂ ਇਨ੍ਹਾਂ ਦੀ ਸਕੂਲ ਵਿਚ ਡਿਊਟੀ ਸ਼ਿਫ਼ਟਾਂ ਵਿਚ ਹੋਇਆ ਕਰੇਗੀ ਜਿਸ ਦਾ ਫ਼ੈਸਲਾ ਸਕੂਲ ਮੁੱਖੀ ਤੈਅ ਕਰੇਗਾ। ਇਹ ਵੀ ਹੁਕਮ ਦਿੱਤੇ ਗਏ ਹਨ ਕਿ ਸਕੂਲ ਮੁਖੀ ਦੇ ਸਕੂਲ ਵਿਚ ਆਉਣ ਤੋਂ ਪਹਿਲਾਂ ਅਤੇ ਜਾਣ ਤੋਂ ਬਾਅਦ ਸਬੰਧੀ ਸ਼ਿਫ਼ਟ ਦਾ ਸੀਨੀਅਰ ਅਧਿਕਾਰੀ ਸਿਰਫ਼ ਉਨੇ ਸਮੇਂ ਲਈ ਹੀ ਇੰਚਾਰਜ ਹੋਵੇਗਾ।

# ਦੋ ਮਹੀਨਿਆਂ 'ਚ ਦੇਸ਼ ਭਰ 'ਚ ਹੋਣਗੇ 48 ਲੱਖ ਵਿਆਹ, 6 ਲੱਖ ਕਰੋੜ ਹੋਣਗੇ ਖਰਚ

ਨਵੀਂ ਦਿੱਲੀ 10 ਨਵੰਬਰ। ਦੀਵਾਲੀ ਅਤੇ ਛੱਠ ਦੇ ਨਾਲ ਭਾਰਤ 'ਚ ਤਿਉਹਾਰੀ ਸੀਜਨ 'ਤੇ ਵਿਰਾਮ ਲੱਗ ਜਾਵੇਗਾ। ਇਹ ਤਿਉਹਾਰੀ ਸੀਜਨ ਦੇਸ਼ ਦੀ ਅਰਥਵਿਵਸਥਾ ਅਤੇ ਕਾਰੋਬਾਰੀਆਂ ਦੋਵਾਂ ਲਈ ਹੀ ਵਧੀਆ ਸਾਬਤ ਹੁੰਦਾ ਨਜਰ ਆ ਰਿਹਾ ਹੈ। ਧਨਤੇਰਸ ਤੋਂ ਲੈ ਕੇ ਦੀਵਾਲੀ ਤੱਕ ਦੇਸ਼ 'ਚ 4.25 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਇਆ ਹੈ। ਉੱਥੇ ਹੀ, ਹੁਣ ਤਿਉਹਾਰੀ ਸੀਜਨ ਤੋਂ ਬਾਅਦ 12 ਨਵੰਬਰ ਤੋਂ ਵਿਆਹਾਂ ਦਾ ਸੀਜਨ ਸ਼ੁਰੂ ਹੋ ਜਾਵੇਗਾ। ਅੰਦਾਜੇ ਮੁਤਾਬਕ ਵਿਆਹਾਂ ਦਾ ਇਹ ਸੀਜਨ 2 ਮਹੀਨਿਆਂ ਤੱਕ ਚੱਲੇਗਾ ਅਤੇ ਇਸ ਨਾਲ ਇਕਾਨਮੀ ਨੂੰ ਵੀ ਬੂਸਟ ਮਿਲੇਗਾ। ਕੈਟ ਦੇ ਅੰਦਾਜੇ ਮੁਤਾਬਕ ਵਿਆਹਾਂ ਦੇ ਇਸ ਸੀਜਨ 'ਚ ਦੇਸ਼ 'ਚ 48 ਲੱਖ ਵਿਆਹ ਹੋਣਗੇ। ਇਨ੍ਹਾਂ ਵਿਆਹਾਂ ਤੋਂ 6 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ। ਜੇ ਸਿਰਫ ਰਾਜਧਾਨੀ



ਦਿੱਲੀ ਦੀ ਗੱਲ ਕਰੀਏ ਤਾਂ ਇਕੱਲੀ ਦਿੱਲੀ 'ਚ 4.5 ਲੱਖ ਵਿਆਹਾਂ ਤੋਂ 1.5 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਣ ਦੀ ਸੰਭਾਵਨਾ ਹੈ। ਵਪਾਰੀਆਂ ਮੁਤਾਬਕ ਵਿਆਹਾਂ ਦੀ ਸ਼ਾਪਿੰਗ ਲੋਕਾਂ ਨੇ ਦੀਵਾਲੀ ਤੋਂ ਪਹਿਲਾਂ ਸ਼ੁਰੂ ਕਰ ਦਿੱਤੀ ਸੀ, ਜੋ ਅਜੇ ਵੀ ਚੱਲ ਰਹੀ ਹੈ। ਦੀਵਾਲੀ 'ਤੇ ਵੈਰਾਇਟੀ ਅਤੇ ਡਿਸਕਾਊਂਟ ਦਾ ਲੋਕ ਖੂਬ ਫਾਇਦਾ ਉਠਾਉਂਦੇ ਹਨ, ਅਜਿਹੇ 'ਚ ਵਿਆਹਾਂ ਦੇ ਸੀਜਨ ਲਈ ਸ਼ਾਪਿੰਗ ਲੋਕਾਂ ਨੇ ਤਿਉਹਾਰੀ ਸੀਜਨ ਦੇ ਆਫਰਜ ਤੋਂ ਹੀ ਕਰਨੀ ਸ਼ੁਰੂ ਕਰ ਦਿੱਤੀ ਸੀ। ਕੈਟ ਨੇ 75 ਸ਼ਹਿਰਾਂ 'ਚ ਵਪਾਰਕ ਸੰਗਠਨਾਂ ਨਾਲ ਗੱਲਬਾਤ ਕਰ ਕੇ ਸਰਵੇ ਕੀਤਾ ਹੈ। ਪਿਛਲੇ ਸਾਲ ਵਿਆਹਾਂ ਦੇ ਸੀਜਨ 'ਚ ਹੋਏ 35 ਲੱਖ ਵਿਆਹਾਂ ਤੋਂ 4.25 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਇਆ ਸੀ, ਜਿਸ ਦੇ ਹੁਣ ਇਸ ਸੀਜਨ 'ਚ ਵਧਣ ਦੀ ਉਮੀਦ ਹੈ। ਇਸ ਸਾਲ 12 ਨਵੰਬਰ ਤੋਂ 16 ਦਸੰਬਰ ਤੱਕ ਬੰਪਰ ਵਿਆਹਾਂ ਦੇ ਮਹੂਰਤ ਹਨ। ਨਵੰਬਰ 'ਚ ਸ਼ੁਰੂ ਹੋਣ ਵਾਲਾ ਵੈਡਿੰਗ ਸੀਜਨ 12, 13, 17, 18, 22, 23, 25, 26, 28, 29 ਨਵੰਬਰ ਅਤੇ 4, 5, 9, 10, 11, 14, 15, 16 ਦਸੰਬਰ ਤੱਕ ਚੱਲੇਗਾ। 2 ਮਹੀਨਿਆਂ 'ਚ ਕੁਲ 18 ਦਿਨ ਵਿਆਹਾਂ ਦੇ ਮਹੂਰਤ ਹਨ। 17 ਦਸੰਬਰ ਤੋਂ ਲੱਗਭਗ ਇਕ ਮਹੀਨੇ ਦਾ ਵਿਆਹ 'ਤੇ ਵਿਰਾਮ ਹੋਵੇਗਾ। ਵਿਆਹਾਂ ਦਾ ਦੌਰ ਅਗਲੇ ਸਾਲ ਜਨਵਰੀ ਤੋਂ ਸ਼ੁਰੂ ਹੋਵੇਗਾ। ਜਨਵਰੀ ਦੇ ਅੱਧ ਤੋਂ ਮਾਰਚ 2025 ਤੱਕ ਵਿਆਹ ਹੀ ਵਿਆਹ ਹੋਣਗੇ। ਕੈਟ ਦੇ ਜਨਰਲ ਸਕੱਤਰ ਪ੍ਰਵੀਣ ਖੰਡੇਲਵਾਲ ਦੀ ਸਰਵੇ ਰਿਪੋਰਟ ਮੁਤਾਬਕ ਖਰੀਦਦਾਰਾਂ ਨੇ ਇਸ ਵਾਰ ਆਪਣਾ ਸ਼ਾਪਿੰਗ ਟ੍ਰੈਂਡ ਬਦਲਿਆ ਹੈ। ਹੁਣ ਲੋਕ ਮੇਡ ਇਨ ਇੰਡੀਆ ਪ੍ਰੋਡਕਟਸ ਨੂੰ ਵਿਦੇਸ਼ੀ ਸਾਮਾਨਾਂ ਦੇ ਮੁਕਾਬਲੇ ਜਿ਼ਆਦਾ ਖਰੀਦ ਰਹੇ ਹਨ। ਦੀਵਾਲੀ 'ਤੇ ਲੋਕਾਂ ਦੀ ਜੰਮ ਕੇ ਖਰੀਦਦਾਰੀ ਨਾਲ ਦੇਸ਼ ਦੀ ਇਕਾਨਮੀ ਨੂੰ ਵੀ ਜਬਰਦਸਤ ਬੂਸਟ ਮਿਲਿਆ ਹੈ। ਹੁਣ ਕਾਰੋਬਾਰੀਆਂ ਦੀਆਂ ਨਜਰਾਂ ਵਿਆਹਾਂ ਦੇ ਸੀਜਨ 'ਤੇ ਟਿਕੀਆਂ ਹਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ ਹੋਇਆ ਸ਼ਰਮਸਾਰ, ਹਿਮਾਚਲ ਦੀ ਕੁੜੀ ਦੀ ਰੋਲਦਾ ਰਿਹਾ ਪੱਤ, ਡਾਕਟਰ ਕੋਲ ਪੁੱਜੀ ਤਾਂ ਖੁੱਲ੍ਹਿਆ ਭੇਤ

ਜਲੰਧਰ 10 ਨਵੰਬਰ। ਥਾਣਾ ਰਾਮਾ ਮੰਡੀ ਅਧੀਨ ਪੈਂਦੇ ਇਕ ਇਲਾਕੇ ਵਿਚ ਨੇਪਾਲੀ ਨੌਜਵਾਨ ਵੱਲੋਂ ਮੂਲ ਰੂਪ ਨਾਲ ਹਿਮਾਚਲ ਦੀ ਰਹਿਣ ਵਾਲੀ ਲੜਕੀ ਨਾਲ ਜਬਰ-ਜਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੀੜਤ ਕੁੜੀ ਦੀ ਮਾਂ ਨੂੰ ਜਦੋਂ ਸ਼ੱਕ ਹੋਇਆ ਤਾਂ ਉਸ ਨੇ ਆਪਣੀ ਬੇਟੀ ਦਾ ਚੈੱਕਅਪ ਕਰਵਾਇਆ ਤਾਂ ਪਤਾ ਲੱਗਾ ਕਿ ਉਹ 5 ਮਹੀਨਿਆਂ ਦੀ ਗਰਭਵਤੀ ਹੈ। ਫਿਰ ਬੇਟੀ ਨੇ ਆਪਣੀ ਮਾਂ ਨੂੰ ਪੂਰੀ ਕਹਾਣੀ ਦੱਸੀ, ਜਿਸ ਤੋਂ ਬਾਅਦ ਮਾਂ ਵੱਲੋਂ ਦਕੋਹਾ (ਨੰਗਲਸ਼ਾਮਾ) ਚੌਂਕੀ ਦੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਅਤੇ ਲੇਡੀ ਇੰਸਪੈਕਟਰ ਪਰਮਿੰਦਰ ਕੌਰ ਦੀ ਜਾਂਚ ਤੋਂ ਬਾਅਦ ਪੁਲਸ ਵੱਲੋਂ ਇਸ ਸਬੰਧੀ ਕਾਰਵਾਈ ਕਰਦੇ ਹੋਏ ਲੜਕੀ ਨਾਲ ਜਬਰ-ਜਨਾਹ ਕਰਨ ਵਾਲੇ 24 ਸਾਲ ਦੇ ਸੁਸਪੁਰ ਜ਼ਿਲ੍ਹਾ ਕਪਿਲਾਵਸਤੂ (ਨੇਪਾਲ) ਦੇ ਰਹਿਣ ਵਾਲੇ ਨੌਜਵਾਨ ਜਮੀਲ ਖਾਂ ਪਠਾਨ ਪੁੱਤਰ ਮੁਹੰਮਦ ਇਬਰਾਹਿਮ ਪਠਾਨ ਖ਼ਿਲਾਫ ਥਾਣਾ ਰਾਮਾ ਮੰਡੀ ਵਿਚ 262 ਨੰਬਰ ਐੱਫ. ਆਈ. ਆਰ. ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਦਕੋਹਾ ਚੌਂਕੀ ਦੇ ਏ. ਐੱਸ. ਆਈ. ਭਜਨ ਰਾਮ ਤੋਂ ਮਿਲੀ ਜਾਣਕਾਰੀ ਮੁਤਾਬਕ ਜਦੋਂ ਨੇਪਾਲੀ ਨੌਜਵਾਨ ਨੇ ਲੜਕੀ ਨਾਲ ਜਬਰ-ਜਨਾਹ ਕੀਤਾ, ਉਦੋਂ ਉਹ 18 ਸਾਲ ਦੀ ਨਹੀਂ ਸੀ ਅਤੇ ਹੁਣ ਗਰਭਵਤੀ ਹੋਣ 'ਤੇ ਉਸ ਦੀ ਉਮਰ 18 ਸਾਲ 3 ਮਹੀਨੇ ਹੈ। ਪੁਲਸ ਵੱਲੋਂ ਲੜਕੀ ਦਾ ਸਿਵਲ ਹਸਪਤਾਲ ਵਿਚੋਂ ਮੈਡੀਕਲ ਕਰਵਾ ਦਿੱਤਾ ਗਿਆ ਹੈ, ਜਿਸ ਦੀ ਰਿਪੋਰਟ ਆਉਣੀ ਬਾਕੀ ਹੈ। ਪੁਲਸ ਨੇ ਮੁਲਜ਼ਮ ਨੌਜਵਾਨ ਦਾ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕਰਨ ਤੋਂ ਬਾਅਦ ਉਸ ਕੋਲੋਂ ਪੁੱਛਗਿੱਛ ਕੀਤੀ ਅਤੇ ਦੋਬਾਰਾ ਉਸ ਨੂੰ ਕੋਰਟ ਵਿਚ ਪੇਸ਼ ਕੀਤਾ। ਮਾਣਯੋਗ ਜੱਜ ਨੇ ਉਸ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਜੇਲ੍ਹ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ।

# ਮਰ ਗਈ ਮਮਤਾ ! ਪੈਦਾ ਹੁੰਦਿਆਂ ਹੀ ਮਾਂ ਨੇ ਬੱਚੇ ਨੂੰ ਵੇਚਣ ਲਈ ਪਾ'ਤੀ ਆਨਲਾਈਨ ਪੋਸਟ

ਟੈਕਸਾਸ 10 ਨਵੰਬਰ। ਇੱਕ ਮਾਂ ਲਈ, ਉਸਦਾ ਬੱਚਾ ਉਸਦੀ ਜਾਨ ਤੋਂ ਵੱਧ ਪਿਆਰਾ ਹੁੰਦਾ ਹੈ। ਹਾਲਾਤ ਭਾਵੇਂ ਕਿੰਨੇ ਵੀ ਮਾੜੇ ਕਿਉਂ ਨਾ ਹੋ ਜਾਣ, ਮਾਂ ਕਦੇ ਵੀ ਆਪਣੇ ਜਿਗਰ ਦਾ ਟੁਕੜਾ ਆਪਣੇ ਆਪ ਤੋਂ ਦੂਰ ਨਹੀਂ ਕਰ ਸਕਦੀ। ਪਰ, ਅਜਿਹਾ ਹੈਰਾਨ ਕਰਨ ਵਾਲਾ ਮਾਮਲਾ ਅਮਰੀਕਾ ਵਿੱਚ ਸਾਹਮਣੇ ਆਇਆ ਹੈ, ਜਿੱਥੇ ਇੱਕ ਮਾਂ ਨੇ ਆਪਣੇ ਨਵਜੰਮੇ ਬੱਚੇ ਨੂੰ ਵੇਚਣ ਦੀ ਕੋਸ਼ਿਸ਼ ਕੀਤੀ। ਅਮਰੀਕਾ ਦੇ ਟੈਕਸਾਸ 'ਚ ਜੂਨੀਪਰ ਬ੍ਰਾਇਸਨ ਨਾਂ ਦੀ ਔਰਤ 'ਤੇ ਦੋਸ ਲੱਗਾ ਹੈ ਕਿ ਉਸ ਨੇ ਜਨਮ ਦੇਣ ਦੇ ਕੁਝ ਘੰਟਿਆਂ ਬਾਅਦ ਹੀ ਆਪਣੇ ਨਵਜੰਮੇ ਬੱਚੇ ਨੂੰ ਵੇਚਣ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਸੰਭਾਵੀ ਖਰੀਦਦਾਰਾਂ ਨੂੰ ਗੋਦ ਲੈਣ ਲਈ ਇੱਕ ਆਨਲਾਈਨ ਸਮੂਹ ਵਿੱਚ ਸੋਸਲ ਮੀਡੀਆ 'ਤੇ ਆਪਣੇ ਬੱਚੇ ਦੀ ਤਸਵੀਰ ਨੂੰ ਪੋਸਟ ਕੀਤਾ ਸੀ। ਇੱਥੇ ਕਈ ਸਮਲਿੰਗੀ ਜੋੜਿਆਂ ਅਤੇ ਹੋਰ ਲੋਕਾਂ ਨੇ ਬੱਚਾ ਗੋਦ ਲੈਣ ਦੀ ਇੱਛਾ ਸਾਂਝੀ ਕੀਤੀ, ਪਰ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਮਾਂ ਬਦਲੇ 'ਚ ਪੈਸੇ ਮੰਗ ਰਹੀ ਹੈ। ਜੂਨੀਪਰ ਬ੍ਰਾਇਸਨ ਨੂੰ ਹੁਣ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।



ਰਿਪੋਰਟ ਮੁਤਾਬਕ ਜੂਨੀਪਰ ਬ੍ਰਾਇਸਨ ਦੀ ਉਮਰ ਸਿਰਫ 21 ਸਾਲ ਹੈ। ਉਸ ਨੇ ਹਾਲ ਹੀ ਵਿੱਚ ਇੱਕ ਬੱਚੇ ਨੂੰ ਜਨਮ ਦਿੱਤਾ ਹੈ। ਬ੍ਰਾਇਸਨ ਨੇ ਆਪਣੇ ਬੇਟੇ ਦੀ ਇੱਕ ਫੋਟੋ ਲਈ ਅਤੇ ਉਸਨੂੰ ਗੋਦ ਲੈਣ ਲਈ ਸੋਸਲ ਮੀਡੀਆ 'ਤੇ ਇੱਕ ਅਪੀਲ ਲਿਖੀ। ਉਸਨੇ ਇੱਕ ਆਨਲਾਈਨ ਗਰੁੱਪ ਵਿੱਚ ਪੋਸਟ ਕੀਤਾ। ਇਸ ਦਾ ਕੈਪਸਨ ਸੀ- ਜਨਮ ਦੇਣ ਵਾਲੀ ਮਾਂ ਗੋਦ ਲੈਣ ਵਾਲੇ ਮਾਪਿਆਂ ਦੀ ਭਾਲ ਕਰ ਰਹੀ ਹੈ। ਆਪਣੀ ਪੋਸਟ 'ਚ ਉਸ ਨੇ ਬੱਚੇ ਨੂੰ ਦੇਣ ਦੇ ਬਦਲੇ ਪੈਸਿਆਂ ਦੀ ਮੰਗ ਵੀ ਕੀਤੀ। ਉਹ ਇੱਕ ਅਪਾਰਟਮੈਂਟ ਵਿੱਚ ਜਾਣ ਅਤੇ ਨੌਕਰੀ ਲੈਣ ਲਈ ਪੈਸੇ ਚਾਹੁੰਦੀ ਸੀ। ਤਾਂ ਜੋ ਉਹ ਘਰ ਦਾ ਡਾਊਨ ਪੇਮੈਂਟ ਦੇ ਸਕੇ। ਬ੍ਰਾਇਸਨ ਦੀ ਅਪੀਲ 'ਤੇ ਕੁੱਲ 7 ਪਰਿਵਾਰਾਂ ਨੇ ਬੱਚੇ ਨੂੰ ਗੋਦ ਲੈਣ ਦੀ ਇੱਛਾ ਪ੍ਰਗਟਾਈ। 300 ਮੀਲ ਦੂਰ ਤੋਂ ਇੱਕ ਪਰਿਵਾਰ ਬੱਚੇ ਨੂੰ ਲੈਣ ਆ ਰਿਹਾ ਸੀ। ਬਾਅਦ ਵਿੱਚ ਉਹ ਵਾਪਸ ਆ ਗਏ ਕਿਉਂਕਿ ਜੂਨੀਪਰ ਨੇ ਉਨ੍ਹਾਂ ਤੋਂ ਪੈਸੇ ਮੰਗੇ। ਬਾਅਦ 'ਚ ਇਹ ਖੁਲਾਸਾ ਹੋਇਆ ਕਿ ਵੈਂਡੀ ਵਿਲੀਅਮਜ ਨਾਮਕ ਇੱਕ ਸਥਾਨਕ ਔਰਤ ਬ੍ਰਾਇਸਨ ਦੇ ਜਨਮ ਤੋਂ ਪਹਿਲਾਂ ਉਸ ਦੇ ਬੱਚੇ ਨੂੰ ਗੋਦ ਲੈਣਾ ਚਾਹੁੰਦੀ ਸੀ, ਉਹ ਉਸਨੂੰ ਜਣੇਪੇ ਦੌਰਾਨ ਹਸਪਤਾਲ ਲੈ ਕੇ ਗਈ ਅਤੇ ਜੂਨੀਪਰ ਕੋਲ ਰਹੀ। ਕਈ ਦਿਨ ਉਸ ਨਾਲ ਬਿਤਾਉਣ ਤੋਂ ਬਾਅਦ ਉਹ ਕਾਨੂੰਨੀ ਤੌਰ 'ਤੇ ਬੱਚੇ ਨੂੰ ਆਪਣੇ ਕੋਲ ਰੱਖਣਾ ਚਾਹੁੰਦੀ ਸੀ। ਜਦੋਂ ਉਸਨੇ ਬ੍ਰਾਇਸਨ ਨੂੰ ਇਸ ਬਾਰੇ ਪੁੱਛਿਆ ਤਾਂ ਉਸਨੇ ਵਿਲੀਅਮਜ ਨੂੰ ਹਸਪਤਾਲ ਤੋਂ ਕੱਢਵਾ ਦਿੱਤਾ। ਇਹ ਸਭ ਦੇਖ ਕੇ ਵਿਲੀਅਮਜ ਨੇ ਚਾਈਲਡ ਪ੍ਰੋਟੈਕਸਨ ਸਰਵਿਸਿਜ ਨੂੰ ਫੋਨ ਕੀਤਾ ਅਤੇ ਬੱਚੇ ਨੂੰ ਵੇਚੇ ਜਾਣ ਦੀ ਜਾਣਕਾਰੀ ਦਿੱਤੀ।

## ਸੜਕ ਹਾਦਸੇ 'ਚ ਜ਼ਖਮੀ ਨੌਜਵਾਨ ਦੀ ਇਲਾਜ ਦੌਰਾਨ ਮੌਤ

ਅਬੋਹਰ 10 ਨਵੰਬਰ। ਦੀਵਾਲੀ ਤੋਂ ਇਕ ਦਿਨ ਪਹਿਲਾਂ ਅਬੋਹਰ-ਮਲੋਟ ਰੋਡ 'ਤੇ ਟਰੱਕ ਯੂਨੀਅਨ ਨੇੜੇ ਸੜਕ ਪਾਰ ਕਰਦੇ ਸਮੇਂ ਤੇਜ਼ ਰਫਤਾਰ ਕਾਰ ਦੀ ਲਪੇਟ 'ਚ ਆਉਣ ਵਾਲੇ ਨੌਜਵਾਨ ਦੀ ਬਠਿੰਡਾ ਵਿਖੇ ਇਲਾਜ ਦੌਰਾਨ ਮੌਤ ਹੋ ਗਈ। ਉਸ ਦੀ ਲਾਸ਼ ਨੂੰ ਸਥਾਨਕ ਸਰਕਾਰੀ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਕਸ਼ਮੀਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਭੰਗਾਲਾ ਜੋ ਕਿ ਡਰਾਈਵਰੀ ਦਾ ਕੰਮ ਕਰਦਾ ਸੀ, ਦੀਵਾਲੀ ਤੋਂ ਇਕ ਦਿਨ ਪਹਿਲਾਂ ਦੇਰ ਸ਼ਾਮ ਮਲੋਟ ਰੋਡ 'ਤੇ ਸੜਕ ਪਾਰ ਕਰ ਰਿਹਾ ਸੀ ਤਾਂ ਇਸੇ ਦੌਰਾਨ ਸੀਡ ਫਾਰਮ ਵਾਸੀ ਰਾਹੁਲ ਨਾਂ ਦੇ ਨੌਜਵਾਨ ਦੀ ਤੇਜ਼ ਰਫਤਾਰ ਕਾਰ ਨੇ ਉਸ ਨੂੰ ਆਪਣੀ ਲਪੇਟ 'ਚ ਲੈ ਲਿਆ। ਜਿਸ ਨਾਲ ਉਹ ਜ਼ਖਮੀ ਹੋ ਗਿਆ। ਆਸ-ਪਾਸ ਦੇ ਲੋਕਾਂ ਨੇ ਉਸ ਨੂੰ ਤੁਰੰਤ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ। ਜਿੱਥੋਂ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ, ਉਸ ਦੇ ਪਰਿਵਾਰ ਵਾਲੇ ਉਸ ਨੂੰ ਬਠਿੰਡਾ ਲੈ ਗਏ, ਜਿੱਥੇ ਅੱਜ ਦੁਪਹਿਰ ਉਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਉਸ ਦੀ ਲਾਸ਼ ਨੂੰ ਸਥਾਨਕ ਸਰਕਾਰੀ ਹਸਪਤਾਲ ਲਿਆਂਦਾ ਗਿਆ ਅਤੇ ਮੁਰਦਾਘਰ 'ਚ ਰਖਵਾਇਆ ਗਿਆ। ਸਿਟੀ ਥਾਣਾ ਨੰਬਰ-1 ਦੀ ਪੁਲਸ ਮ੍ਰਿਤਕ ਦਾ ਪੋਸਟਮਾਰਟਮ ਕਰਵਾ ਕੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰੇਗੀ।

# ਮੰਡੀ ਤੋਂ ਸ਼ੈੱਲਰ ਜਾਂਦੇ ਸਮੇਂ ਵਾਪਰਿਆ ਹਾਦਸਾ, ਟਰਾਲੀ ਪਲਟਣ ਕਾਰਨ ਨਹਿਰ 'ਚ ਡਿੱਗੀਆਂ ਝੋਨੇ ਦੀਆਂ ਬੋਰੀਆਂ

ਪੁਰਾਣਾ ਸਾਲਾ/ਦੀਨਾਨਗਰ 10 ਨਵੰਬਰ। ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡ ਗਾਜੀਕੋਟ ਨੇੜੇ ਨਵੇਂ ਬਣ ਰਹੇ ਪੁਲ ਦਾ ਕੰਮ ਕਾਫੀ ਦਿਨਾਂ ਤੋਂ ਰੁਕਿਆ ਪਿਆ ਹੈ। ਇੱਥੇ ਮਿੱਟੀ ਪਾ ਕੇ ਆਰਜੀ ਤੌਰ 'ਤੇ ਰਸਤਾ ਗੱਡੀਆਂ ਦੇ ਆਉਣ ਜਾਣ ਲਈ ਛੱਡਿਆ ਗਿਆ ਹੈ, ਪਰ ਰਸਤਾ ਉੱਬੜ-ਖਾਬੜ ਹੋਣ ਕਾਰਨ ਹਾਦਸਿਆਂ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ। ਇਸੇ ਦੌਰਾਨ ਬੀਤੀ ਦੇਰ ਰਾਤ ਵੀ ਪੁਲ ਤੋਂ ਗੁਜਰਦੀ ਝੋਨੇ ਦੀਆਂ ਬੋਰੀਆਂ ਨਾਲ ਭਰੀ ਇਕ ਟਰਾਲੀ ਪਲਟ ਗਈ, ਜਿਸ ਕਾਰਨ ਝੋਨੇ ਦੀਆਂ ਬੋਰੀਆਂ ਨਹਿਰ ਵਿੱਚ ਡਿੱਗ ਗਈਆਂ ਅਤੇ ਟਰੈਕਟਰ ਚਾਲਕ ਵਾਲ-ਵਾਲ ਬਚਿਆ। ਹਾਲਾਂਕਿ ਨਹਿਰ ਸੁੱਕੀ ਹੋਣ ਕਾਰਨ ਝੋਨੇ ਦੀਆਂ ਬੋਰੀਆਂ ਬਚ ਗਈਆਂ ਅਤੇ ਝੋਨੇ ਦੇ ਮਾਲਕ ਕਿਸਾਨ ਨੇ ਸਵੇਰੇ ਜੇ.ਸੀ.ਬੀ. ਮੰਗਵਾ ਕੇ ਟਰੈਕਟਰ ਟਰਾਲੀ ਸਿੱਧੇ ਕਰਵਾਏ ਅਤੇ ਦੁਬਾਰਾ ਮਜਦੂਰ ਲਗਾ ਕੇ ਇਹ ਬੋਰੀਆਂ ਨਹਿਰ ਵਿੱਚੋਂ ਕਢਵਾ ਕੇ ਟਰਾਲੀ 'ਚ ਲਦਵਾਈਆਂ।



ਜਾਣਕਾਰੀ ਅਨੁਸਾਰ ਪਿੰਡ ਸਿੱਧਵਾਂ ਮੰਡੀ ਤੋਂ ਝੋਨੇ ਦੀਆਂ ਬੋਰੀਆਂ ਲੱਦ ਕੇ ਪੰਡੋਰੀ ਮਹੰਤਾ ਨੇੜੇ ਸਥਿਤ ਮੁਲਿਆਂਵਾਲ ਸੈੱਲਰ 'ਤੇ ਭੇਜੀਆਂ ਜਾ ਰਹੀਆਂ ਸਨ ਕਿ ਜਦੋਂ ਚਾਲਕ ਗਾਜੀਕੋਟ ਦੇ ਪੁਲ 'ਤੇ ਬਣਾਏ ਗਏ ਆਰਜੀ ਰਸਤੇ ਨੂੰ ਪਾਰ ਕਰਨ ਲੱਗਾ ਤਾਂ ਟਰੈਕਟਰ ਬੇਕਾਬੂ ਹੋ ਕੇ ਟਰਾਲੀ ਸਮੇਤ ਪਲਟ ਗਿਆ ਤੇ ਝੋਨੇ ਦੀਆਂ ਬੋਰੀਆਂ ਨਹਿਰ ਵਿੱਚ ਡਿੱਗ ਗਈਆਂ। ਹਾਲਾਂਕਿ ਟਰੈਕਟਰ ਪਲਟਣ ਮਗਰੋਂ ਟਰੈਕਟਰ ਚਾਲਕ ਅਤੇ ਉਸ ਦਾ ਸਾਥੀ ਛਲਾਂਗ ਮਾਰ ਕੇ ਵਾਲ-ਵਾਲ ਬਚ ਗਏ। ਸਾਰੀ ਰਾਤ ਝੋਨੇ ਦੀਆਂ ਅੱਧੀਆਂ ਬੋਰੀਆਂ ਪੁਲ ਕਿਨਾਰੇ ਅਤੇ ਅੱਧੀਆਂ ਨਹਿਰ ਵਿੱਚ ਪਈਆਂ ਰਹੀਆਂ। ਸਵੇਰੇ ਜੇ.ਸੀ.ਬੀ. ਮੰਗਵਾ ਕੇ ਟਰੈਕਟਰ-ਟਰਾਲੀ ਸਿੱਧੇ ਕਰਵਾਏ ਗਏ ਤੇ ਦਰਜਨਾਂ ਮਜਦੂਰ ਲਗਵਾ ਕੇ ਨਹਿਰ ਵਿੱਚੋਂ ਝੋਨੇ ਦੀਆਂ ਬੋਰੀਆਂ ਕਢਵਾ ਕੇ ਦੋ ਟਰਾਲੀਆਂ ਵਿੱਚ ਭਰ ਕੇ ਮੁੜ ਸ਼ੈੱਲਰ ਭੇਜੀਆਂ ਗਈਆਂ। ਸਥਾਨਕ ਨਿਵਾਸੀਆਂ ਨੇ ਮੰਗ ਕੀਤੀ ਹੈ ਕਿ ਪੁਲ ਦਾ ਰੁਕਿਆ ਹੋਇਆ ਨਿਰਮਾਣ ਕਾਰਜ ਜਲਦੀ ਤੋਂ ਜਲਦੀ ਪੂਰਾ ਕਰਵਾਇਆ ਜਾਵੇ, ਤਾਂ ਕਿ ਕੋਈ ਵੱਡਾ ਹਾਦਸਾ ਨਾ ਵਾਪਰ ਸਕੇ।

## ਬਦਲਣ ਵਾਲਾ ਹੈ ਮੌਸਮ ਦਾ ਮਿਜਾਜ ! ਜਾਣੋਂ ਪੰਜਾਬ 'ਚ ਕਿਹੋ ਜਿਹਾ ਰਹੇਗਾ ਹਾਲ

ਨੈਸਨਲ ਡੈਸਕ 10 ਨਵੰਬਰ। ਦੇਸ ਭਰ 'ਚ ਠੰਢ ਦਾ ਪ੍ਰਭਾਵ ਤੇਜ ਹੁੰਦਾ ਜਾ ਰਿਹਾ ਹੈ ਪਰ ਆਉਣ ਵਾਲੇ ਦਿਨਾਂ 'ਚ ਚੱਕਰਵਾਤੀ ਗਤੀਵਿਧੀਆਂ ਅਤੇ ਵੈਸਟਰਨ ਡਿਸਟਰਬੈਂਸ ਦੇ ਸਰਗਰਮ ਹੋਣ ਕਾਰਨ ਮੌਸਮ 'ਚ ਹੋਰ ਬਦਲਾਅ ਹੋਣ ਦੀ ਸੰਭਾਵਨਾ ਹੈ। ਭਾਰਤੀ ਮੌਸਮ ਵਿਭਾਗ () ਅਨੁਸਾਰ ਅਗਲੇ 6 ਦਿਨਾਂ (8 ਤੋਂ 13 ਨਵੰਬਰ) ਦੌਰਾਨ ਕਈ ਰਾਜਾਂ ਵਿੱਚ ਭਾਰੀ ਮੀਂਹ ਅਤੇ ਤੂਫਾਨੀ ਹਵਾਵਾਂ ਆ ਸਕਦੀਆਂ ਹਨ। ਇਸ ਤੋਂ ਇਲਾਵਾ ਪਹਾੜੀ ਇਲਾਕਿਆਂ 'ਚ ਬਰਫਬਾਰੀ ਹੋਣ ਕਾਰਨ ਮੈਦਾਨੀ ਇਲਾਕਿਆਂ 'ਚ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਇਸ ਦੌਰਾਨ ਪੰਜਾਬ ਵਿਚ ਮੌਸਮ ਸਾਫ ਰਹਿਣ ਦੀ ਸੰਭਾਵਨਾ ਹੈ। ਪੰਜਾਬ ਵਿਚ 8-12 ਤਰੀਕ ਤਕ ਮੌਸਮ ਸਾਫ ਰਹੇਗਾ ਤੇ ਇਸ ਤੋਂ ਬਾਅਦ ਬਦਲਵਾਈ ਬਣੇ ਰਹਿਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਪੰਜਾਬ ਵਿਚ ਠੰਢ ਤੇਜੀ ਨਾਲ ਵਧਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕੇਰਲ, ਮਾਹੇ, ਤਾਮਿਲਨਾਡੂ, ਪੁਡੂਚੇਰੀ ਅਤੇ ਕਰਾਈਕਲ ਦੇ ਤੱਟਵਰਤੀ ਰਾਜਾਂ ਲਈ ਵਿਸੇਸ ਚੇਤਾਵਨੀ ਜਾਰੀ ਕੀਤੀ ਹੈ। ਕੇਰਲ, ਨਾਗਾਲੈਂਡ, ਮਣੀਪੁਰ, ਮਿਜੋਰਮ, ਸਿੱਕਮ, ਅਸਾਮ, ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ 'ਚ ਵੀ ਹਲਕੀ ਤੋਂ ਦਰਮਿਆਨੀ ਬਾਰਿਸ ਦੀ ਸੰਭਾਵਨਾ ਹੈ। ਇਨ੍ਹਾਂ ਸੂਬਿਆਂ 'ਚ ਮੀਂਹ ਦਾ ਅਸਰ ਬਾਕੀ ਸੂਬਿਆਂ ਦੇ ਨਾਲ-ਨਾਲ ਵਧਦੀ ਠੰਢ ਦੇ ਰੂਪ 'ਚ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਮੌਸਮ ਵਿਭਾਗ ਅਨੁਸਾਰ ਅਗਲੇ ਚਾਰ ਦਿਨਾਂ (8 ਤੋਂ 11 ਨਵੰਬਰ) ਤੱਕ ਝਾਰਖੰਡ ਵਿੱਚ ਮੌਸਮ ਖੁਸਕ ਰਹੇਗਾ। ਹਾਲਾਂਕਿ, ਸਵੇਰੇ ਧੁੰਦ ਅਤੇ ਅੰਸਕ ਤੌਰ 'ਤੇ ਬੱਦਲ ਛਾਏ ਰਹਿਣ ਦੀ ਸੰਭਾਵਨਾ ਹੈ।

# ਟ੍ਰੇਡਿੰਗ ਅਕਾਊਂਟ ਖੁਲਵਾਉਣ ਦੇ ਨਾਂ 'ਤੇ ਮਾਰ ਲਈ 60 ਲੱਖ ਦੀ ਠੱਗੀ

ਫਾਜ਼ਿਲਕਾ 10 ਨਵੰਬਰ। ਫਾਜ਼ਿਲਕਾ ਸਾਈਬਰ ਕ੍ਰਾਈਮ ਥਾਣੇ ਦੁਆਰਾ ਇਕ ਨੌਜਵਾਨ ਨਾਲ ਟ੍ਰੇਡਿੰਗ ਅਕਾਊਂਟ ਖੁਲ੍ਹਵਾਉਣ ਦੇ ਨਾਂ 'ਤੇ 60 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਤਿੰਨ ਲੋਕਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਸੀ। ਪੀੜਤ ਦੀ ਸ਼ਿਕਾਇਤ 'ਤੇ ਸਾਈਬਰ ਕ੍ਰਾਈਮ ਫਾਜ਼ਿਲਕਾ ਪੁਲਸ ਨੇ ਗੁਜਰਾਤ ਦੇ ਤਿੰਨ ਲੋਕਾਂ 'ਚੋਂ ਮੁੱਖ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂ ਕਿ ਬਾਕੀ ਮੁਲਜਮਾਂ ਦੀ ਤਲਾਸ਼ ਜਾਰੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸੁਸ਼ਾਂਤ ਨਾਗਪਾਲ ਨੇ ਦੱਸਿਆ ਕਿ ਉਹ ਥੋੜ੍ਹਾ ਬਹੁਤ ਟ੍ਰੇਡਿੰਗ ਦਾ ਕੰਮ ਕਰਦਾ ਸੀ। ਅਪ੍ਰੈਲ 2024 'ਚ ਉਸ ਨੂੰ ਯਸ਼ਪਾਲ ਪਟੇਲ ਨਾਮਕ ਇਕ ਵਿਅਕਤੀ ਦਾ ਫੋਨ ਆਇਆ। ਜਿਸ ਨੇ ਉਸ ਨੂੰ ਸ਼ੇਅਰ ਮਾਰਕੀਟ 'ਚ ਜ਼?ਆਦਾ ਮੁਨਾਫਾ ਦਿਵਾਉਣ ਦੇ ਨਾਂ 'ਤੇ ਆਪਣੇ ਦੋਸਤ ਅਮਿਤ ਅਤੇ ਸਾਗਰ ਭਾਈ ਨਾਲ ਫੋਨ 'ਤੇ ਗੱਲ ਕਰਵਾਈ। ਜਿਨ੍ਹਾਂ ਨੇ ਉਸ ਨੂੰ ਲਾਲਚ ਦੇ ਕੇ ਸਾਗਰ ਸੁਨੇਹਾ ਬਰੋਕਰ ਸਾਈਟ ਦੇ ਨਾਂ 'ਤੇ 60 ਲੱਖ 23 ਹਜ਼ਾਰ ਰੁਪਏ ਲਗਵਾ ਦਿੱਤੇ। ਕੁਝ ਦਿਨਾਂ ਬਾਅਦ ਸਾਗਰ ਭਾਈ ਨਾਂ ਦੇ ਵਿਅਕਤੀ ਨੇ ਫੋਨ ਕਰ ਕੇ ਉਸ ਨੂੰ ਦੱਸਿਆ ਕਿ ਉਸ ਨੂੰ ਸ਼ੇਅਰ ਮਾਰਕੀਟ 'ਚ ਕਾਫੀ ਘਾਟਾ ਪੈ ਗਿਆ ਹੈ। ਉਸ ਨੇ ਆਪਣੇ ਫੇਕ ਸਾਈਟ ਜੋ ਕਿ ਸਾਗਰ ਭਾਈ ਦੇ ਨਾਂ 'ਤੇ ਸੀ ਉਸ ਨੂੰ ਬੰਦ ਕਰ ਦਿੱਤਾ। ਇਸ ਤਰ੍ਹਾਂ ਯਸ਼ਪਾਲ, ਅਮਿਤ ਅਤੇ ਸਾਗਰ ਨੇ ਉਸ ਨਾਲ ਲੱਖਾਂ ਰੁਪਏ ਦੀ ਠੱਗੀ ਕੀਤੀ। ਸਾਈਬਰ ਕ੍ਰਾਈਮ ਪੁਲਸ ਨੇ ਸੁਸ਼ਾਂਤ ਨਾਗਪਾਲ ਦੇ ਬਿਆਨਾਂ 'ਤੇ ਗੁਜਰਾਤ ਦੇ ਮੇਹਸਾਨਾ ਜ਼?ਲੇ ਦੇ ਮਹਤਵਾੜ ਵਾਸੀ ਯਸ਼ਪਾਲ ਪਟੇਲ, ਅਮਿਤ ਭਾਈ ਅਤੇ ਸਾਗਰ ਭਾਈ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਸੀ, ਜਿਸ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਯਸ਼ਪਾਲ ਨੂੰ ਗ੍ਰਿਫਤਾਰ ਕਰ ਲਿਆ।



## ਇਕੱਠੀਆਂ ਤਿੰਨ ਲਾਸ਼ਾਂ ਮਿਲਣ ਨਾਲ ਹਿੱਲਿਆ ਪੰਜਾਬ, ਮੰਜਰ ਦੇਖ ਉਡ ਗਏ ਹੋਸ਼

ਪੱਟੀ 10 ਨਵੰਬਰ। ਤਰਨਤਾਰਨ ਦੇ ਵਿਧਾਨ ਸਭਾ ਹਲਕਾ ਖੇਮਕਰਨ ਦੇ ਪਿੰਡ ਬੈਂਕਾਂ ਵਿਖੇ ਡਰੇਨ ਵਿਚੋਂ ਤਿੰਨ ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਨਾਲ ਸਨਸਨੀ ਫੈਲ ਗਈ। ਦੋ ਲਾਸ਼ਾਂ ਕੰਬਲ ਵਿਚ ਜਦਕਿ ਇਕ ਲਾਸ਼ ਪੱਲੀ ਨਾਲ ਬੰਨ੍ਹੀ ਹੋਈ ਸੀ। ਅੱਜ ਸਵੇਰੇ ਪਿੰਡ ਵਾਲਿਆਂ ਨੇ ਇਥੇ ਲਾਸ਼ਾਂ ਦੇਖੀਆਂ ਤਾਂ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਜਿਸ ਮਗਰੋਂ ਪੁਲਸ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਲਾਸ਼ਾਂ ਨੂੰ ਕਬਜੇ ਵਿਚ



ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕਾਂ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਵੀ ਨਜਰ ਆ ਰਹੇ ਹਨ। ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀ ਮਨੋਜ ਕੁਮਾਰ ਨੇ ਦੱਸਿਆ ਕਿ ਫਿਲਹਾਲ ਲਾਸ਼ਾਂ ਦੀ ਸ਼ਨਾਖਤ ਨਹੀਂ ਹੋ ਸਕੀ ਹੈ। ਪੁਲਸ ਨੇ ਲਾਸ਼ਾਂ ਨੂੰ ਕਬਜੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਫੋਰੈਂਸਿਕ ਟੀਮਾਂ ਜਾਂਚ ਵਿਚ ਜੁਟੀਆਂ ਹੋਈਆਂ ਹਨ ਅਤੇ ਜਾਂਚ ਤੋਂ ਬਾਅਦ ਹੀ ਅਸਲ ਤੱਥ ਸਾਹਮਣੇ ਆਉਣਗੇ। ਦੂਜੇ ਪਾਸੇ ਪਿੰਡ ਬੈਂਕਾਂ ਦੇ ਸਰਪੰਚ ਨੇ ਦੱਸਿਆ ਕਿ ਸਵੇਰੇ ਕਿਸੇ ਰਾਹਗਿਰ ਨੇ ਉਨ੍ਹਾਂ ਨੂੰ ਲਾਸ਼ਾਂ ਬਾਰੇ ਦੱਸਿਆ ਸੀ, ਜਿਸ ਮਗਰੋਂ ਉਹ ਮੌਕੇ 'ਤੇ ਪਹੁੰਚੇ ਅਤੇ ਪੁਲਸ ਨੇ ਸੂਚਿਤ ਕੀਤਾ। ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਇਹ ਲਾਸ਼ਾਂ ਕਿਸੇ ਵਲੋਂ ਸੁੱਟੀਆਂ ਗਈਆਂ ਹਨ।

# ਚੰਡੀਗੜ੍ਹ ਦੇ ਇਸ ਸੈਕਟਰ 'ਚੋਂ ਭਿਖਾਰੀਆਂ ਨੂੰ ਹਟਾਉਣ ਦੀ ਮੁਹਿੰਮ ਸ਼ੁਰੂ

ਚੰਡੀਗੜ੍ਹ 10 ਨਵੰਬਰ। ਚੰਡੀਗੜ੍ਹ ਪ੍ਰਸ਼ਾਸਨ ਦੀ ਪਹਿਲ ਕਦਮੀ 'ਭਿਖਾਰੀ ਮੁਕਤ ਚੰਡੀਗੜ੍ਹ' ਮੁਹਿੰਮ ਦਾ ਸਮਰਥਨ ਕਰਦਿਆਂ ਕੌਂਸਲਰ ਪ੍ਰੇਮ ਲਤਾ ਨੇ ਆਪਣੇ ਵਾਰਡ ਵਿਚ ਪੈਂਦੇ ਸੈਕਟਰਾਂ ਵਿਚ ਭਿਖਾਰੀਆਂ ਨੂੰ ਹਟਾਉਣ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਪ੍ਰੇਮ ਲਤਾ ਨੇ ਦੱਸਿਆ ਕਿ ਇਸ ਦੇ ਮੱਦੇਨਜ਼ਰ ਮੰਗਲਵਾਰ ਨੂੰ ਉਹ ਚੰਡੀਗੜ੍ਹ ਪੁਲਸ ਨਾਲ ਮਿਲ ਕੇ ਸੈਕਟਰ-34 ਤੋਂ ਭਿਖਾਰੀਆਂ ਨੂੰ ਹਟਾਉਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਭਿਖਾਰੀਆਂ ਕਾਰਨ ਜਿੱਥੇ ਸੜਕ ਹਾਦਸੇ ਵੱਧ ਰਹੇ ਹਨ, ਉੱਥੇ ਹੀ ਭਿਖਾਰੀਆਂ ਦੀ ਵੱਧਦੀ ਗਿਣਤੀ ਤੋਂ ਲੋਕ ਵੀ ਪਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਮੰਗਲਵਾਰ ਨੂੰ ਉਨ੍ਹਾਂ ਦੇ ਵਾਰਡ 'ਚੋਂ ਭਿਖਾਰੀਆਂ ਨੂੰ ਹਟਾਇਆ ਜਾਵੇਗਾ ਅਤੇ ਇਸ ਤੋਂ ਬਾਅਦ ਸ਼ਹਿਰ ਦੇ ਹੋਰਨਾਂ ਸੈਕਟਰਾਂ 'ਚੋਂ ਵੀ ਇਨ੍ਹਾਂ ਖ਼ਿਲਾਫ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਨ੍ਹਾਂ ਭਿਖਾਰੀਆਂ 'ਤੇ ਤਰਸ ਨਾ ਕਰਨ ਅਤੇ ਉਨ੍ਹਾਂ ਨੂੰ ਪੈਸੇ ਜਾਂ ਖਾਣ ਲਈ ਕੁੱਝ ਨਾ ਦੇਣ। ਦੱਸ ਦੇਈਏ ਕਿ ਪ੍ਰਸ਼ਾਸਨ ਨੇ 21 ਅਕਤੂਬਰ ਤੋਂ 28 ਅਕਤੂਬਰ ਤੱਕ ਸ਼ਹਿਰ 'ਚ ਭਿਖਾਰੀ ਮੁਕਤ ਮੁਹਿੰਮ ਵੀ ਚਲਾਈ ਸੀ ਪਰ ਇਸ ਦੇ ਬਾਵਜੂਦ ਸ਼ਹਿਰ ਦੇ ਹਰ ਚੌਰਾਹੇ ਜਾਂ ਲਾਈਟ ਪੁਆਇੰਟ 'ਤੇ



ਇਹ ਭਿਖਾਰੀ ਦੇਖੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਸੈਕਟਰ-17 ਦੇ ਵਪਾਰੀਆਂ ਦੇ ਆਗੂ ਕਮਲਜੀਤ ਸਿੰਘ ਪੰਛੀ ਨੇ ਵੀ ਚੰਡੀਗੜ੍ਹ ਦੇ ਨਾਗਰਿਕਾਂ ਨੂੰ ਇਸ ਮਹੱਤਵਪੂਰਨ ਮੁਹਿੰਮ ਵਿਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਸੀ। ਇਸ ਦਾ ਮਕਸਦ ਨਾ ਸਿਰਫ਼ ਭਿਖਾਰੀ ਨੂੰ ਖ਼ਤਮ ਕਰਨਾ ਹੈ, ਸਗੋਂ ਬਾਲ ਤਸਕਰੀ ਅਤੇ ਬਾਲ ਮਜ਼ਦੂਰੀ ਨੂੰ ਵੀ ਨੱਥ ਪਾਉਣਾ ਹੈ। ਚੰਡੀਗੜ੍ਹ ਨੂੰ ਭਿਖਾਰੀ ਮੁਕਤ ਅਤੇ ਹੋਰ ਸੁੰਦਰ ਸ਼ਹਿਰ ਬਣਾਉਣ ਦੇ ਇਸ ਸਮੂਹਿਕ ਯਤਨ ਵਿਚ ਜਾਗਰੂਕਤਾ ਪੈਦਾ ਕਰਕੇ ਅਤੇ ਲੋਕਾਂ ਨੂੰ ਮਾਰਗ ਦਰਸ਼ਨ ਕਰਕੇ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਪੰਛੀ ਅਤੇ ਹੋਰ ਮੈਂਬਰਾਂ ਨੇ ਇਸ ਉਪਰਾਲੇ ਲਈ ਚੰਡੀਗੜ੍ਹ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ ਅਤੇ ਪ੍ਰਸ਼ਾਸਕ ਨੂੰ ਇਸ ਮੁਹਿੰਮ ਨੂੰ 31 ਦਸੰਬਰ, 2024 ਤੱਕ ਵਧਾਉਣ ਦੀ ਬੇਨਤੀ ਕੀਤੀ।

## ਸ਼ਿਵਸੈਨਾ ਸਿੱਖ ਵਿੰਗ ਆਗੂ ਦੇ ਘਰ 'ਤੇ ਪੈਟਰੋਲ ਬੰਬ ਨਾਲ ਹਮਲੇ ਦੇ ਮਾਮਲੇ 'ਚ ਨਵਾਂ ਮੋੜ

ਲੁਧਿਆਣਾ 10 ਨਵੰਬਰ। ਸ਼ਿਵ ਸੈਨਾ ਸਿੱਖ ਵਿੰਗ ਦੇ ਕੌਮੀ ਪ੍ਰਧਾਨ ਗੁਰਕੀਰਤ ਸਿੰਘ ਖੁਰਾਨਾ ਦੇ ਘਰ 'ਤੇ ਪੈਟਰੋਲ ਬੰਬ ਨਾਲ ਹੋਏ ਹਮਲੇ ਦੇ ਮਾਮਲੇ ਵਿਚ ਲੁਧਿਆਣਾ ਕਮਿਸ਼ਨਰੇਟ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਸ ਨੇ ਇਸ ਮਾਮਲੇ ਮੁਲਜਮਾਂ ਨੂੰ ਕਾਬੂ ਕਰ ਲਿਆ ਹੈ। ਹਾਲਾਂਕਿ ਇਸ ਬਾਰੇ ਕੋਈ ਅਧਿਕਾਰੀ ਕੁਝ ਕਹਿਣ ਨੂੰ ਤਿਆਰ ਨਹੀਂ ਹੈ। ਛੇਤੀ ਹੀ ਪੁਲਸ ਕਮਿਸ਼ਨਰ ਕੁਲਦੀਪ ਚਹਿਲ ਇਸ ਮਾਮਲੇ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਵੱਡੇ ਖੁਲਾਸੇ ਕਰਨ ਜਾ ਰਹੇ ਹਨ।



ਦੱਸ ਦਈਏ ਕਿ ਸ਼ੁੱਕਰਵਾਰ ਦੇਰ ਰਾਤ ਨੂੰ ਸ਼ਿਵ ਸੈਨਾ ਸਿੱਖ ਵਿੰਗ ਦੇ ਕੌਮੀ ਪ੍ਰਧਾਨ ਗੁਰਕੀਰਤ ਸਿੰਘ ਖੁਰਾਨਾ ਦੇ ਘਰ 'ਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ ਸੀ। ਇਹ ਸਾਰੀ ਘਟਨਾ ਕੈਮਰਿਆਂ ਵਿਚ ਕੈਦ ਹੋ ਗਈ ਸੀ, ਜਿਸ ਵਿਚ ਇਕ ਮੋਟਰਸਾਈਕਲ 'ਤੇ ਆਏ 3 ਨੌਜਵਾਨ ਇਹ ਹਮਲਾ ਕਰਦੇ ਨਜਰ ਆਏ ਸਨ। ਇਸ ਮਗਰੋਂ ਗੁਰਕੀਰਤ ਸਿੰਘ ਖੁਰਾਨਾ ਨੂੰ ਫੋਨ 'ਤੇ ਵੀ ਧਮਕੀ ਭਰੇ ਮੈਸੇਜ ਆਏ ਸਨ, ਜਿਸ ਵਿਚ ਧੀਆਂ-ਭੈਣਾਂ ਬਾਰੇ ਬੇਹੱਦ ਇਤਰਾਜਯੋਗ ਗੱਲਾਂ ਲਿਖੀਆਂ ਹੋਈਆਂ ਸਨ। ਇਸ ਤੋਂ ਕੁਝ ਦਿਨ ਪਹਿਲਾਂ ਹੀ ਸ਼ਿਵ ਸੈਨਾ ਆਗੂ ਯੋਗੇਸ਼ ਬਖਸ਼ੀ ਦੇ ਘਰ ਵੀ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ ਸੀ।

## ਯਾਤਰੀਆਂ ਨਾਲ ਭਰੀ ਬੱਸ ਖੰਭੇ ਨਾਲ ਟਕਰਾਈ

ਫਿਰੋਜਾਬਾਦ 10 ਨਵੰਬਰ। ਸਹਿਰ ਦੇ ਰਾਮਗੜ੍ਹ ਥਾਣਾ ਖੇਤਰ ਦੇ ਚਨੌਰਾ ਨੇੜੇ ਸੁੱਕਰਵਾਰ ਨੂੰ ਹਮੀਰਪੁਰ ਤੋਂ ਹਾਥਰਸ ਜਾ ਰਹੀ ਯਾਤਰੀਆਂ ਨਾਲ ਭਰੀ ਇਕ ਬੱਸ ਦੇ ਖੰਭੇ ਨਾਲ ਟਕਰਾ ਜਾਣ ਦੀ ਸੂਚਨਾ ਮਿਲੀ ਹੈ। ਇਸ ਹਾਦਸੇ ਵਿਚ 16 ਦੇ ਕਰੀਬ ਯਾਤਰੀ ਜਖਮੀ ਹੋ ਗਏ। ਰਾਮਗੜ੍ਹ ਥਾਣਾ ਇੰਚਾਰਜ ਸੰਜੀਵ ਕੁਮਾਰ ਦੂਬੇ ਨੇ ਦੱਸਿਆ ਕਿ ਹਾਦਸੇ ਵਿਚ ਜਖਮੀ ਹੋਏ ਲੋਕਾਂ ਵਿਚੋਂ 14 ਯਾਤਰੀਆਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਉਨ੍ਹਾਂ ਮੁਤਾਬਕ ਦੋ ਯਾਤਰੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਦੌਰਾਨ ਥਾਣਾ ਇੰਚਾਰਜ ਦੂਬੇ ਨੇ ਇਹ ਵੀ ਦੱਸਿਆ ਕਿ ਸਾਰੇ ਯਾਤਰੀ ਹਮੀਰਪੁਰ ਤੋਂ ਨਿੱਜੀ ਬੱਸ ਰਾਹੀਂ ਹਾਥਰਸ ਜਾ ਰਹੇ ਸਨ। ਹਾਥਰਸ ਦੇ ਇਗਲਾਸ ਵਿੱਚ ਰਹਿਣ ਵਾਲੇ ਇਹ ਸਾਰੇ ਲੋਕ ਇੱਟਾਂ ਦੇ ਭੱਠੇ ਵਿੱਚ ਕੰਮ ਕਰਦੇ ਹਨ। ਹਾਥਰਸ ਜਾਂਦੇ ਸਮੇਂ ਉਹ ਹਾਦਸੇ ਦਾ ਸ਼ਿਕਾਰ ਹੋ ਗਏ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਗੁਣਕਾਰੀ ਹੈ ਨਿੰਮ



*ਨਿੰਮ ਸਾਡੇ ਸਰੀਰ ਲਈ ਬਹੁਤ ਹੀ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਦਵਾਈਆਂ 'ਚ ਵੀ ਕੀਤੀ ਜਾਂਦੀ ਹੈ ...*

ਨਿੰਮ ਇਕ ਚਮਤਕਾਰੀ ਪੌਦਾ ਮੰਨਿਆ ਜਾਂਦਾ ਹੈ। ਭਾਰਤ 'ਚ ਇਕ ਪ੍ਰਚਲਿਤ ਕਹਾਵਤ ਹੈ ਕਿ ਜਿਸ ਧਰਤੀ 'ਤੇ ਨਿੰਮ ਦਾ ਪੌਦਾ ਹੁੰਦਾ ਹੈ ਉੱਥੇ ਮੌਤ ਤੇ ਬਿਮਾਰੀ ਨਹੀਂ ਹੁੰਦੀ। ਇਹ ਕਈਆਂ ਬਿਮਾਰੀਆਂ ਨੂੰ ਦੂਰ ਕਰਦੀ ਹੈ। ਸੁਆਦ 'ਚ ਬਹੁਤ ਹੀ ਕੌੜੀ ਹੈ ਪਰ ਸਰੀਰ ਲਈ ਬਹੁਤ ਹੀ ਮਹੱਤਵਪੂਰਨ ਹੈ। ਨਿੰਮ ਦੇ ਪੌਦਿਆਂ ਦੇ ਵੱਖ-ਵੱਖ ਹਿੱਸੇ ਜਿਵੇਂ ਪੱਤੇ, ਫਲ, ਤੇਲ, ਟਾਹਣੀ ਆਦਿ ਸਾਡੇ ਜੀਵਨ ਨੂੰ ਰੋਗ ਮੁਕਤ ਬਣਾਉਣ 'ਚ ਕਾਫ਼ੀ ਮਦਦਗਾਰ ਹਨ। ਨਿੰਮ 'ਚ ਬਹੁਤ ਹੀ ਜ਼ਿਆਦਾ ਗੁਣ ਹੁੰਦੇ ਹਨ। ਇਸ ਨੂੰ ਹਰ ਇਕ ਬਿਮਾਰੀ ਦੇ ਲਈ ਵਰਤਿਆ ਜਾਂਦਾ ਹੈ।

### ਜਲੇ ਤੇ ਫੋੜੇ-ਫਿੰਸੀਆਂ ਲਈ

ਸਰੀਰ ਦਾ ਕੋਈ ਵੀ ਹਿੱਸਾ ਜਲਿਆ ਹੋਵੇ ਤਾਂ ਤੇਲ ਜਾਂ ਪੱਤੇ ਨੂੰ ਪੀਸ ਕੇ ਉਸ 'ਤੇ ਲਗਾਉਣ ਨਾਲ ਆਰਾਮ ਮਿਲਦਾ ਹੈ। ਜੇ ਤੁਸੀ ਫੋੜੇ ਜਾਂ ਫਿੰਸੀਆਂ ਦੀ ਸਮੱਸਿਆ ਤੋਂ ਬਚਣਾ ਚਾਹੁੰਦੇ ਹੋ ਤਾਂ ਨਿੰਮ ਦੇ ਪੱਤੇ ਤੇ ਫਲਾਂ ਨੂੰ ਬਰਾਬਰ ਮਾਤਰਾ 'ਚ ਪੀਸ ਲਵੋ ਤੇ ਫਿਰ ਇਸ ਦੀ ਪੇਸਟ ਬਣਾ ਕੇ ਚਮੜੀ 'ਤੇ ਲਗਾਓ। ਇਸ ਨਾਲ ਫੋੜੇ-ਫਿੰਸੀਆਂ ਜਲਦੀ ਠੀਕ ਹੋ ਜਾਂਦੇ ਹਨ। ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਕੇ ਉਸ ਪਾਣੀ ਨੂੰ ਠੰਢਾ ਕਰ ਕੇ ਉਸ ਨਾਲ ਮੂੰਹ ਧੋਣ ਨਾਲ ਚਿਹਰੇ ਤੋਂ ਦਾਗ਼ ਵੀ ਖ਼ਤਮ ਹੋ ਜਾਂਦੇ ਹਨ।

### ਪੀਲੀਆ

ਪੀਲੀਏ 'ਚ ਨਿੰਮ ਦਾ ਸੇਵਨ ਕਰਨਾ ਬਹੁਤ ਹੀ ਲਾਭਕਾਰੀ ਹੈ। ਰੋਗੀ ਨੂੰ ਨਿੰਮ ਦੇ ਪੱਤਿਆਂ ਦਾ ਚੂਰਨ ਬਣਾ ਕੇ ਦੇਣਾ ਚਾਹੀਦਾ ਹੈ। ਪੱਤਿਆਂ ਦੇ ਰਸ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਪੀਲੀਆ ਠੀਕ ਹੋਣ ਦੀ ਸੰਭਾਵਨਾ ਹੁੰਦੀ ਹੈ।

### ਪੱਥਰੀ 'ਚ ਲਾਭਕਾਰੀ

ਪੱਥਰੀ ਦੀ ਸਮੱਸਿਆ ਤੋਂ ਬਚਣ ਲਈ ਲਗਪਗ 150 ਗ੍ਰਾਮ ਨਿੰਮ ਦੀਆਂ ਪੱਤੀਆਂ ਨੂੰ 1 ਲਿਟਰ ਪਾਣੀ 'ਚ ਪੀਸ ਕੇ ਉਬਾਲ ਲਵੋ। ਇਸ ਪਾਣੀ ਨੂੰ ਠੰਢਾ ਕਰ ਕੇ ਪੀਣ 'ਤੇ ਪੱਥਰੀ ਦੀ ਸਮੱਸਿਆ ਤੋਂ ਨਜਾਤ ਪਾਈ ਜਾ ਸਕਦੀ ਹੈ। ਜੇ ਪੱਥਰੀ ਕਿਡਨੀ 'ਚ ਹੈ ਤਾਂ ਫਿਰ ਨਿੰਮ ਦੇ ਪੱਤਿਆਂ ਦੀ ਲਗਪਗ 2 ਗ੍ਰਾਮ ਰਾਖ ਪਾਣੀ ਦੇ ਨਾਲ ਲਵੋ। ਇਸ ਨਾਲ ਕਾਫ਼ੀ ਲਾਭ ਹੋ ਸਕਦਾ ਹੈ।

### ਪੇਟ ਸਬੰਧੀ ਸਮੱਸਿਆਵਾਂ

ਜੇ ਤੁਹਾਡੇ ਪੇਟ 'ਚ ਅਨੇਕਾਂ ਪਰੇਸ਼ਾਨੀਆਂ ਹਨ ਤਾਂ ਇਸ ਤਰ੍ਹਾਂ ਦੇ ਹਾਲਾਤ 'ਚ ਤੁਸੀ ਨਿੰਮ ਦਾ ਇਸਤੇਮਾਲ ਕਰ ਸਕਦੇ ਹੋ। ਪੇਟ ਦੇ ਕੀੜਿਆਂ ਨੂੰ ਨਸ਼ਟ ਕਰਨ ਲਈ ਨਿੰਮ ਦੇ ਪੱਤਿਆਂ ਦਾ ਰਸ ਸ਼ਹਿਦ ਤੇ ਕਾਲੀ ਮਿਰਚ 'ਚ ਮਿਲਾ ਕੇ ਪੀਣ ਨਾਲ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਿੰਮ ਦੇ ਫੁੱਲਾਂ ਨੂੰ ਪੀਸ ਕੇ ਗਰਮ ਪਾਣੀ 'ਚ ਪਾ ਲਵੋ ਤੇ ਫਿਰ ਛਾਣ ਕੇ ਪੀ ਲਵੋ। ਇਸ ਨਾਲ ਕਬਜ਼ ਦੂਰ ਹੋ ਜਾਂਦੀ ਹੈ। ਇਸ ਦੀਆਂ ਪੱਤੀਆਂ ਨੂੰ ਖਾਣ ਨਾਲ ਪੇਟ ਨੂੰ ਆਰਾਮ ਮਿਲਦਾ ਹੈ।

### ਡਾਇਬਟੀਜ਼ ਤੇ ਕੋਲੈਸਟ੍ਰੋਲ

ਸਵੇਰ ਸਮੇਂ ਨਿੰਮ ਦਾ ਜੂਸ ਪੀਣ ਨਾਲ ਡਾਇਬਟੀਜ਼ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਿੰਮ ਤੇ ਮੇਥੀ ਦੇ ਚੂਰਨ ਦਾ ਕਾੜਾ ਬਣਾ ਕੇ ਪੀਣ ਨਾਲ ਡਾਇਬਟੀਜ਼ 'ਚ ਲਾਭ ਮਿਲਦਾ ਹੈ। ਇਸ ਦੇ ਇਲਾਵਾ ਨਿੰਮ ਦੇ ਪੱਤਿਆਂ ਦਾ ਜੂਸ ਤੇ ਕੰਵਾਰ ਗੰਦਲ ਜੂਸ ਦੇ ਨਾਲ ਮਿਲਾ ਕੇ ਪੀਣ ਨਾਲ ਸ਼ੂਗਰ ਕੰਟਰੋਲ ਕੀਤੀ ਜਾ ਸਕਦੀ ਹੈ। 200 ਗ੍ਰਾਮ ਨਿੰਮ ਦੀਆਂ ਪੱਤੀਆਂ ਦੀ ਵਰਤੋਂ ਕਰਨ ਨਾਲ ਕੋਲੈਸਟ੍ਰੋਲ ਦੀ ਮਾਤਰਾ ਕਾਫ਼ੀ ਘੱਟ ਹੋ ਜਾਂਦੀ ਹੈ। ਨਿੰਮ ਦਾ ਮਹੀਨੇ 'ਚ 10 ਦਿਨ ਸੇਵਨ ਕਰਨ ਨਾਲ ਹਾਰਟ ਅਟੈਕ ਦਾ ਖ਼ਤਰਾ ਘੱਟ ਜਾਂਦਾ ਹੈ। • ਫੀਚਰ ਡੈਸਕ

### ਕੰਨਾਂ ਤੇ ਦੰਦਾਂ ਦੇ ਰੋਗ

**ਕੰਨ 'ਚ ਨਿੰਮ ਦਾ ਤੇਲ ਪਾਉਣ ਨਾਲ ਕੰਨ ਦਾ ਦਰਦ ਠੀਕ ਹੋ ਜਾਂਦਾ ਹੈ। ਨਿੰਮ ਦੇ ਤੇਲ ਨੂੰ ਤੇਜ਼ ਗਰਮ ਕਰ ਕੇ ਪੂਰੀ ਤਰ੍ਹਾਂ ਸਾੜ ਲਵੋ ਤੇ ਠੰਢਾ ਹੋਣ 'ਤੇ ਲਗਾਤਾਰ ਇਕ ਹਫ਼ਤੇ ਤਕ ਪਾਓ ਕੁੱਝ ਕੁ ਦਿਨਾਂ 'ਚ ਕੰਨ ਠੀਕ ਹੋ ਜਾਵੇਗਾ। ਇਸ ਦੇ ਇਲਾਵਾ ਨਿੰਮ ਦੰਦਾਂ ਦੇ ਲਈ ਵੀ ਲਾਭਕਾਰੀ ਹੈ। ਨਿੰਮ ਦਾ ਟੁੱਥਪੇਸਟ ਇਸਤੇਮਾਲ ਕਰਨ ਨਾਲ ਦੰਦਾਂ 'ਚ ਪਾਏ ਜਾਣ ਵਾਲੇ ਕੀਟਾਣੂ ਨਸ਼ਟ ਹੋ ਜਾਂਦੇ ਹਨ। ਇਸ ਨਾਲ ਮਸੂੜੇ ਮਜ਼ਬੂਤ, ਦੰਦ ਚਮਕੀਲੇ ਤੇ ਨਿਰੋਗੀ ਹੋ ਜਾਂਦੇ ਹਨ। ਇਸ ਦੀਆਂ ਪੱਤੀਆਂ ਉਬਾਲ ਕੇ ਪਾਣੀ ਨੂੰ ਠੰਢਾ ਕਰ ਕੇ ਉਸ ਪਾਣੀ ਨਾਲ ਕਰੂਲਾ ਕਰਨਾ ਵੀ ਫ਼ਾਇਦੇਮੰਦ ਹੁੰਦਾ ਹੈ।**

# ਦੰਦਾਂ ਤੇ ਮਸੂੜਿਆਂ ਦਾ ਅਸਰਦਾਰ ਉਪਾਅ

ਸਫ਼ੈਦ ਤੇ ਮਜ਼ਬੂਤ ਦੰਦ ਤੰਦਰੁਸਤੀ ਦੀ ਨਿਸ਼ਾਨੀ ਹੈ ਪਰ ਜਿਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਕਈ ਵਾਰ ਦੰਦਾਂ ਦਾ ਦਰਦ, ਕਮਜ਼ੋਰ ਮਸੂੜੇ ਤੇ ਸਮੇਂ ਤੋਂ ਪਹਿਲਾਂ ਦੰਦਾਂ ਦੇ ਟੁੱਟਣ ਨਾਲ ਸਿਹਤ ਨਾਲ ਜੁੜੀਆਂ ਹੋਰ ਵੀ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਨਾਲ ਖਾਣ-ਪੀਣ 'ਚ ਪਰੇਸ਼ਾਨੀ ਆਉਂਦੀ ਹੈ। ਜੇ ਖਾਣਾ ਸਹੀ ਤਰੀਕੇ ਨਾਲ ਨਾ ਚਬਾਇਆ ਜਾਵੇ ਤਾਂ ਪਾਚਣ ਕਿਰਿਆ 'ਤੇ ਵੀ ਬੁਰਾ ਅਸਰ ਪੈਂਦਾ ਹੈ। ਸਵੇਰ-ਸ਼ਾਮ ਬਰੱਸ਼ ਕਰਨਾ ਹੀ ਨਹੀਂ ਬਲਕਿ ਇਸ ਦੇ ਇਲਾਵਾ ਇਨ੍ਹਾਂ ਦੀ ਦੇਖਭਾਲ ਵੀ ਕਰਨਾ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ ਦੰਦਾਂ ਦੀ ਦੇਖਭਾਲ..

### ਮੂਲੀ

ਮੂਲੀ ਕੈਲਸ਼ੀਅਮ ਨਾਲ ਭਰਪੂਰ ਹੁੰਦੀ ਹੈ। ਇਸ ਨੂੰ ਸਲਾਦ ਤੇ ਸਬਜ਼ੀ ਦੇ ਰੂਪ 'ਚ ਵੀ ਖਾਧਾ ਜਾਂਦਾ ਹੈ। ਇਹ ਦੰਦਾਂ ਲਈ ਬਹੁਤ ਹੀ ਵਧੀਆ ਹੈ। ਮੂਲੀ ਨੂੰ ਸਲਾਦ ਦੇ ਤੌਰ 'ਤੇ ਰੋਜ਼ ਖਾਓ। ਇਸ ਨਾਲ ਕਮਜ਼ੋਰ ਦੰਦ ਤੇ ਮਸੂੜਿਆਂ ਨੂੰ ਮਜ਼ਬੂਤੀ ਮਿਲੇਗੀ।



***ਮੇਥੀ :** ਦੰਦ ਕਮਜ਼ੋਰ ਹਨ ਤਾਂ ਜ਼ਿਆਦਾ ਠੰਢਾ ਜਾਂ ਗਰਮ ਪੀਣ ਨਾਲ ਪਰੇਸ਼ਾਨੀ ਆਉਂਦੀ ਹੈ ਤਾਂ ਪਾਣੀ 'ਚ ਮੇਥੀ ਦੇ ਦਾਣੇ ਉਬਾਲ ਲਵੋ। ਇਸ ਪਾਣੀ ਨੂੰ ਠੰਢਾ ਕਰ ਕੇ ਇਸ ਦਾ ਕਰੂਲਾ ਕਰੋ। ਇਸ ਨਾਲ ਫ਼ਾਇਦਾ ਮਿਲੇਗਾ।*

### ਮੂੰਗਫਲੀ

ਮੂੰਗਫਲੀ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਓ। ਇਸ ਨਾਲ ਦੰਦਾਂ ਨੂੰ ਮਜ਼ਬੂਤੀ ਮਿਲਦੀ ਹੈ।

### ਅਨਾਰ

ਅਨਾਰ ਦੇ ਫਲ ਦੀ ਤਰ੍ਹਾਂ ਇਸ ਦੇ ਫੁੱਲ ਵੀ ਬਹੁਤ ਹੀ ਗੁਣਕਾਰੀ ਹੈ। ਇਸ ਦੇ ਫੁੱਲਾਂ ਨੂੰ ਸੁਕਾ ਕੇ ਬਾਰੀਕ ਚੂਰਨ ਬਣਾ ਲਵੋ ਤੇ ਫਿਰ ਇਸ ਚੂਰਨ ਦਾ ਮੰਜਨ ਰੋਜ਼ਾਨਾ ਦੰਦਾਂ ਤੇ ਮਸੂੜਿਆਂ 'ਤੇ ਲਗਾਓ। ਇਸ ਨਾਲ ਦੰਦਾਂ ਦੀ ਪਰੇਸ਼ਾਨੀ ਦੂਰ ਹੋ ਸਕਦੀ ਹੈ। • ਫੀਚਰ ਡੈਸਕ

**ਭਾਰਤ ਨੂੰ ਕੁਦਰਤ ਨੇ ਉਮਰ ਪ੍ਰਦਾਨ ਕਰਨ ਵਾਲੀਆਂ ਅਨਮੁੱਲੀਆਂ ਜੜ੍ਹੀ-ਬੂਟੀਆਂ ਦੀ ਦਾਤ ਬਖ਼ਸ਼ੀ ਹੈ ਵੈਦਿਕ ਕਾਲ ਵਿਚ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਅਰੋਗ ਤੇ ਲੰਬੀ ਉਮਰ ਦੇ ਕਲਪਾਂ ਦੀ ਖੋਜ ਕਰ ਕੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਸ਼ਾਮਲ ਕੀਤਾ...**

## ਗ੍ਰੰਥਾਂ 'ਚ ਸ਼ਾਮਲ

# ਅਰੋਗ ਤੇ ਲੰਬੀ ਉਮਰ ਦੇ ਭੇਤ

ਨਿਰਮਲ ਸਿੰਘ ਕਾਹਲੋਂ

ਧਰਤੀ ਉੱਪਰ ਮਨੁੱਖ ਜਾਤੀ ਨੂੰ ਪੈਦਾ ਹੋਇਆਂ ਲਗਪਗ 14 ਲੱਖ ਸਾਲ ਹੋ ਗਏ ਹਨ ਤੇ ਸੱਭਿਅਤਾ ਨੂੰ ਹੋਂਦ ਵਿਚ ਆਇਆਂ ਵੀ ਲਗਪਗ ਏਨਾ ਹੀ ਸਮਾਂ ਹੋ ਗਿਆ ਹੈ। ਇਹ ਧਰਤੀ ਇੰਨੀ ਸੁੰਦਰ ਹੈ, ਇਸ ਉੱਤੇ ਕੋਈ ਵੀ ਆ ਜਾਵੇ ਤਾਂ ਉਸ ਦਾ ਇਥੋਂ ਜਾਣ ਨੂੰ ਦਿਲ ਨਹੀਂ ਕਰਦਾ। ਜਿਸ ਸਮੇਂ ਤੋਂ ਮਨੁੱਖ ਜਾਤੀ ਸੱਭਿਅਕ ਹੋਈ ਹੈ, ਉਸ ਸਮੇਂ ਤੋਂ ਹੀ ਅਰੋਗ ਤੇ ਲੰਬੀ ਉਮਰ ਭੋਗਣ ਦੇ ਕਲਪਾਂ ਦੀ ਖੋਜ ਕੀਤੀ ਜਾ ਰਹੀ ਹੈ। ਕਈ ਰਾਜਿਆਂ ਨੇ ਵੀ ਆਪਣੇ ਰਾਜ ਵੈਦਾਂ ਨੂੰ ਲੰਬੀ ਉਮਰ ਦੇ ਕਲਪਾਂ ਵਾਲੀਆਂ ਜੜ੍ਹੀ-ਬੂਟੀਆਂ ਦੀ ਖੋਜ ਕਰਨ ਵਾਸਤੇ ਬੜੀ ਦੂਰ-ਦੂਰ ਭੇਜਿਆ। ਭਾਰਤ ਨੂੰ ਕੁਦਰਤ ਨੇ ਭਰਪੂਰ ਲੰਬੀ ਉਮਰ ਪ੍ਰਦਾਨ ਕਰਨ ਵਾਲੀਆਂ ਅਨਮੁੱਲੀਆਂ ਜੜ੍ਹੀ-ਬੂਟੀਆਂ ਦੀ ਦਾਤ ਬਖ਼ਸ਼ੀ ਹੈ। ਵੈਦਿਕ ਕਾਲ ਵਿਚ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਅਰੋਗ ਤੇ ਲੰਬੀ ਉਮਰ ਦੇ ਕਲਪਾਂ ਦੀ ਖੋਜ ਕਰ ਕੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਸ਼ਾਮਲ ਕੀਤਾ।

### ਗ੍ਰੰਥਾਂ 'ਚ ਦਰਜ ਵੇਰਵੇ

ਮਾਰਕੰਡੇ ਰਿਸ਼ੀ ਨੇ 18 ਪੁਰਾਣਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿੱਚੋਂ ਇਕ 'ਅਗਨੀ ਪੁਰਾਣ' ਹੈ। ਅਗਨੀ ਪੁਰਾਣ ਵਿਚ ਕੁੱਝ ਇਕ ਇਸ ਤਰ੍ਹਾਂ ਦੇ ਕਲਪ ਦਰਜ ਹਨ, ਜਿਨ੍ਹਾਂ ਦੀ ਵਰਤੋਂ ਕਰਨ ਵਾਲਾ ਵਿਅਕਤੀ ਅਰੋਗ ਤੇ ਬੜੀ ਲੰਬੀ ਉਮਰ ਭੋਗ ਸਕਦਾ ਹੈ। ਇਸ ਪੁਰਾਣ ਵਿਚ ਲਿਖਿਆ ਹੈ, 'ਅਨੇਕ ਕਲਪ ਇਸ ਤਰ੍ਹਾਂ ਦੇ ਹਨ, ਜਿਹੜੇ ਲੰਬੀ ਉਮਰ ਦੇਣ ਵਾਲੇ ਹਨ ਅਤੇ ਰੋਗਾਂ ਦਾ ਨਾਸ਼ ਵੀ ਕਰਦੇ ਹਨ। ਰੋਗੀ ਵਿਅਕਤੀ ਲੰਬੀ ਉਮਰ ਭੋਗ ਨਹੀਂ ਸਕਦਾ। ਕੁੱਝ ਇਕ ਕਲਪਾਂ ਦਾ ਜ਼ਿਕਰ ਇਨ੍ਹਾਂ ਗ੍ਰੰਥਾਂ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ :

### ਗੰਭੀਰ ਬਿਮਾਰੀਆਂ ਤੋਂ ਬਚਾਅ

ਘਿਓ ਅਤੇ ਸ਼ਹਿਦ ਦਾ ਰੋਜ਼ਾਨਾ ਸੇਵਨ ਕਰਨ ਵਾਲਿਆਂ ਦੇ ਰੋਗ ਨਾਸ਼ ਹੁੰਦੇ ਹਨ ਤੇ ਉਮਰ ਵੀ ਲੰਬੀ ਹੁੰਦੀ ਹੈ। ਤ੍ਰਿਫਲਾ ਚੂਰਨ (ਹਰੜ-ਬਹੇੜੇ-ਆਂਵਲਾ) ਦੀ ਦੁੱਧ ਨਾਲ ਵਰਤੋਂ ਕਰਨ ਤੇ ਸਤਾਵਰ ਦੇ ਚੂਰਨ ਨੂੰ ਸ਼ਹਿਦ ਤੇ ਘਿਓ ਨਾਲ ਮਿਲਾ ਕੇ ਖਾਣ ਵਾਲਾ ਗਹਿਰ ਗੰਭੀਰ ਬਿਮਾਰੀਆਂ ਨੂੰ ਵੀ ਜਿੱਤ ਲੈਂਦਾ ਹੈ।

### ਵਾਲ਼ ਰਹਿਣਗੇ ਕਾਲੇ

ਪੁਰਾਤਨ ਗ੍ਰੰਥਾਂ ਅਨੁਸਾਰ ਸੁੰਢ ਅਤੇ ਪੀਪਰ (ਮਘਾਂ) ਦਾ ਚੂਰਨ ਬਣਾ ਕੇ ਵਰਤੋਂ ਕਰਨ ਵਾਲੇ ਦੀ ਉਮਰ 300 ਸਾਲ ਤਕ ਹੋ ਸਕਦੀ ਹੈ। ਜੇ ਇਸ ਵਿਚ ਸਤਾਵਰ ਦਾ ਚੂਰਨ ਵੀ ਪਾਇਆ ਜਾਵੇ ਤਾਂ ਉਮਰ ਬੇਹੱਦ ਲੰਬੀ ਹੋ ਸਕਦੀ ਹੈ। ਰੋਜ਼ਾਨਾ ਸ਼ਹਿਦ ਅਤੇ ਹਰੜ ਖਾ ਕੇ ਹਲਕਾ ਭੋਜਨ ਖਾਣ ਨਾਲ ਵਿਅਕਤੀ ਨਿਰੋਗ ਰਹਿੰਦਾ ਹੈ ਤੇ ਵਾਲ਼ ਵੀ ਲੰਬੇ ਸਮੇਂ ਤਕ ਕਾਲੇ ਰਹਿੰਦੇ ਹਨ। ਇਸ ਤੋਂ ਇਲਾਵਾ ਗ੍ਰੰਥਾਂ ਵਿਚ ਇਹ ਵੀ ਜ਼ਿਕਰ ਮਿਲਦਾ ਹੈ ਕਿ ਸਤਾਵਰ, ਵਾ-ਵੜਿੰਗ ਤੇ ਬਹੇੜੇ ਦੇ ਚੂਰਨ ਵਿਚ ਘਿਓ ਤੇ ਸ਼ਹਿਦ ਮਿਲਾ ਕੇ ਰੋਜ਼ਾਨਾ ਸੇਵਨ ਕਰਨ ਵਾਲੇ ਨਿਰੋਗ ਰਹਿੰਦੇ ਹਨ ਤੇ ਲੰਬੀ ਉਮਰ ਭੋਗਦੇ ਹਨ।



### ਜੜ੍ਹੀ-ਬੂਟੀਆਂ 'ਚ ਲੁਕੇ ਲੰਬੀ ਉਮਰ ਦੇ ਭੇਤ

ਰੋਜ਼ਾਨਾ 4 ਤੋਲੇ ਤ੍ਰਿਫਲਾ (ਜਾਂ ਇਕ ਹਰੜ, ਇਕ ਬਹੇੜਾ ਤੇ ਇਕ ਆਮਲਾ) ਸ਼ਹਿਦ ਅਤੇ ਘਿਓ ਨਾਲ ਸੇਵਨ ਕਰਨ ਨਾਲ, ਤਥਾ ਵਿਲਵਾ ਦੇ ਬੀਜ ਦਾ ਤੇਲ ਹਰ ਰੋਜ਼ ਇਕ ਮਹੀਨਾ ਸੇਵਨ ਕਰਨ ਨਾਲ ਕਾਫ਼ੀ ਲੰਬੀ ਉਮਰ ਭੋਗੀ ਜਾ ਸਕਦੀ ਹੈ। ਹਰ ਰੋਜ਼ ਇਕ ਤੋਲਾ ਸੁੰਢ, ਸ਼ਹਿਦ ਅਤੇ ਘਿਓ ਨਾਲ ਸੇਵਨ ਕਰਨ ਵਾਲਾ ਮੌਤ ਦਾ ਕਾਰਨ ਬਣਨ ਵਾਲੀਆਂ ਕਈ ਬਿਮਾਰੀਆਂ ਤੋਂ ਦੂਰ ਰਹਿੰਦਾ ਹੈ। ਅੰਬ ਦੀ ਗਿਟਕ, ਗਰੂਚੀ, ਨਿਸੋਦ ਅਤੇ ਗੰਧਕ ਬਰਾਬਰ ਵਜ਼ਨ ਨੂੰ ਕੰਵਾਰ ਗੰਦਲ ਦੇ ਰਸ ਨੂੰ ਸੁਕਾ ਕੇ ਹਰ ਰੋਜ਼ 2 ਰੱਤੀ ਘਿਓ 'ਚ ਮਿਲਾ ਕੇ ਖਾਣ ਨਾਲ ਉਮਰ ਲੰਬੀ ਹੁੰਦੀ ਹੈ।

### ਧਮੂਚੀ, ਸ਼ਹਿਦ, ਪਲਾਸ ਦੇ ਗੁਣ

ਇਨ੍ਹਾਂ ਪੁਰਾਤਨ ਗ੍ਰੰਥਾਂ ਅਨੁਸਾਰ ਹਰ ਰੋਜ਼ ਧਮੂਚੀ ਦੀ ਜੜ੍ਹ ਇਕ ਤੋਲਾ, ਸ਼ਹਿਦ ਨਾਲ ਸੇਵਨ ਕਰ ਕੇ ਦੁੱਧ ਪੀਣ ਵਾਲਾ ਵਿਅਕਤੀ ਲੰਬੇ ਸਮੇਂ ਤਕ ਅਰੋਗ ਰਹਿੰਦਾ ਹੈ। ਪਲਾਸ ਦੇ ਬੀਜ ਦਾ ਤੇਲ ਇਕ ਤੋਲਾ ਹਰ ਰੋਜ਼ ਸੇਵਨ ਕਰਨ ਵਾਲਾ, ਜਿਸ ਸਮੇਂ ਭੁੱਖ ਲੱਗੇ ਸਿਰਫ਼ ਦੁੱਧ ਹੀ ਪੀਵੇ, ਉਸ ਵਿਅਕਤੀ ਤੋਂ ਮੌਤ ਲੰਬਾ ਸਮਾਂ ਦੂਰ ਰਹਿੰਦੀ ਹੈ। ਪਲਾਸ ਦੇ ਰੁੱਖ ਦੱਖਣੀ ਭਾਰਤ ਵਿਚ ਸਮੁੰਦਰ ਦੇ ਪੱਛਮੀ ਕੰਢੇ ਵੱਲ ਪੈਦਾ ਹੁੰਦੇ ਹਨ। ਬਿਧਾਰਾ ਤੇ ਸਤਾਵਰ ਵਿਚ ਲੋਹ ਭਸਮ ਮਿਲਾ ਕੇ ਹਰ ਰੋਜ਼ ਇਕ ਤੋਲਾ, ਘਿਓ ਅਤੇ ਸ਼ਹਿਦ ਨਾਲ ਖਾਣ ਵਾਲਾ ਵਿਅਕਤੀ ਲੰਬੀ ਉਮਰ ਭੋਗ ਸਕਦਾ ਹੈ।

### *100 ਸਾਲ ਤੋਂ ਲੰਬੀ ਉਮਰ*

*ਅਸਗੰਧ, ਸ਼ਹਿਦ ਅਤੇ ਘਿਓ ਖਾਣ ਨਾਲ ਸਰੀਰ ਵਿਚੋਂ ਰੋਗ ਖ਼ਤਮ ਹੋ ਕੇ ਉਮਰ 100 ਤੋਂ ਵੀ ਲੰਬੀ ਹੋ ਸਕਦੀ ਹੈ। ਬਧਾਰਾ ਅਤੇ ਸਤਾਵਰ ਵਿਚ ਲੋਹ ਭਸਮ ਮਿਲਾ ਕੇ ਰੋਜ਼ਾਨਾ ਇਕ ਤੋਲਾ, ਘਿਓ ਅਤੇ ਸ਼ਹਿਦ ਨਾਲ ਖਾਣ ਵਾਲਾ ਵਿਅਕਤੀ ਕਾਫ਼ੀ ਲੰਬੀ ਉਮਰ ਭੋਗ ਸਕਦਾ ਹੈ। ਤ੍ਰਿਫਲਾ ਪਾਊਡਰ ਤੇ ਆਮਲਾ ਪਾਊਡਰ ਨੂੰ ਬਰਾਬਰ ਵਜ਼ਨ ਵਿਚ ਥੋੜ੍ਹਾ ਜਿਹਾ ਮਿੱਠਾ ਜਾਂ ਕੌੜਾ ਤੇਲ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ ਕੂਰਾ ਕਰ ਲਵੋ। ਤ੍ਰਿਫਲਾ ਸਰੀਰ ਨੂੰ ਰੋਗਾਂ ਤੋਂ ਬਚਾਉਂਦਾ ਹੈ ਅਤੇ ਆਮਲਾ ਲੰਮੀ ਉਮਰ ਪ੍ਰਦਾਨ ਕਰਦਾ ਹੈ।*

### ਖਾਣ ਦੀ ਵਿਧੀ

ਅਗਨੀ ਪੁਰਾਣ ਵਿਚ ਦਵਾਈ ਬਣਾਉਣ ਤੇ ਸੇਵਨ ਕਰਨ ਦੀ ਵਿਧੀ ਨਹੀਂ ਲਿਖੀ ਗਈ। ਵਿਅਕਤੀ ਆਪਣੀ ਸੂਝ-ਬੂਝ ਨਾਲ ਦਵਾਈ ਬਣਾ ਕੇ ਜਿਸ ਤਰ੍ਹਾਂ ਉਹ ਮਾਫ਼ਿਕ ਆਏ, ਸੇਵਨ ਕਰ ਸਕਦਾ ਹੈ। ਤ੍ਰਿਫਲਾ ਪਾਊਡਰ ਬਾਜ਼ਾਰ ਵਿੱਚੋਂ ਬਣਿਆ-ਬਣਾਇਆ ਵੀ ਮਿਲ ਜਾਂਦਾ ਹੈ ਤੇ ਆਪ ਵੀ ਬਣਾਇਆ ਜਾ ਸਕਦਾ ਹੈ। ਇਸ ਦੀ ਖ਼ੁਰਾਕ ਇਕ ਚਮਚ ਹੀ ਠੀਕ ਰਹਿੰਦੀ ਹੈ।

### ਕੁੱਝ ਅਹਿਮ ਗੱਲਾਂ

- ਹਰੜ, ਬਹੇੜੇ ਅਤੇ ਆਮਲੇ ਨੂੰ ਗਿਟਕਾਂ ਕੱਢ ਕੇ ਬਰਾਬਰ ਵਜ਼ਨ 'ਚ ਮਿਲਾ ਲਵੋ, ਇਸ ਨੂੰ ਤ੍ਰਿਫਲਾ ਆਖਦੇ ਹਨ।
- ਘਿਓ ਤੋਂ ਭਾਵ ਦੇਸੀ ਘਿਓ ਦੀ ਵਰਤੋਂ ਤੋਂ ਹੈ।
- ਉਕਤ ਕਿਸੇ ਵੀ ਕਲਪ ਵਿਚ ਕੋਈ ਵੀ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲੀ ਸਮੱਗਰੀ ਨਹੀਂ ਹੈ, ਇਸ ਲਈ ਇਨ੍ਹਾਂ ਦਾ ਸਰੀਰ ਉੱਤੇ ਕੋਈ ਮਾੜਾ ਅਸਰ ਨਹੀਂ ਪੈਂਦਾ।
- ਪੁਰਾਣ ਵਿਚ ਉਕਤ ਕਲਪਾਂ ਦੀ ਵਰਤੋਂ ਕਰਨ ਨਾਲ ਉਮਰ ਦੇ 300 ਤੋਂ 1,000 ਸਾਲ ਤਕ ਵੱਧ ਜਾਣ ਤੇ ਮੌਤ ਉੱਪਰ ਜਿੱਤ ਪ੍ਰਾਪਤ ਕਰ ਲੈਣ ਦਾ ਵੀ ਜ਼ਿਕਰ ਆਉਂਦਾ ਹੈ ਪਰ ਵਿਗਿਆਨਕ ਤੌਰ 'ਤੇ ਇਹ ਗੱਲ ਮੰਨਣ ਵਿਚ ਨਹੀਂ ਆਉਂਦੀ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਉਕਤ ਜੜ੍ਹੀ-ਬੂਟੀਆਂ ਜਾਂ ਕਿਸੇ ਇਕ ਕਲਪ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਬਿਮਾਰੀਆਂ ਨੂੰ ਆਪਣੇ ਆਪ ਤੋਂ ਦੂਰ ਰੱਖਿਆ ਜਾ ਸਕਦਾ ਹੈ ਤੇ ਮਨੁੱਖ ਲੰਬੀ ਉਮਰ ਭੋਗ ਸਕਦਾ ਹੈ।
- ਜੇ ਪੇਟ ਜਾਂ ਛਾਤੀ ਵਿਚ ਜਲਨ ਰਹਿੰਦੀ ਹੋਵੇ ਤਾਂ ਇਸ ਦਾ ਇਲਾਜ ਕਰਨ ਤੋਂ ਬਾਅਦ ਹੀ ਕਿਸੇ ਕਲਪ ਦਾ ਸੇਵਨ ਕਰੋ।

### ਪਰਹੇਜ਼

ਅਰੋਗ ਤੇ ਲੰਮੀ ਉਮਰ ਭੋਗਣ ਲਈ ਖਾਣ-ਪੀਣ ਦਾ ਪਰਹੇਜ਼ ਕਰਨਾ ਵੀ ਬੇਹੱਦ ਜ਼ਰੂਰੀ ਹੈ। ਮਾਸ, ਸ਼ਰਾਬ, ਹਰ ਪ੍ਰਕਾਰ ਦੇ ਨਸ਼ੇ, ਤੰਬਾਕੂ, ਚਾਹ ਅਤੇ ਕੌਫ਼ੀ ਕੁਦਰਤੀ ਭੋਜਨ ਨਹੀਂ ਹਨ ਅਤੇ ਇਹ ਹੀ ਰੋਗਾਂ ਦਾ ਕਾਰਨ ਬਣਦੇ ਹਨ। ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਦੁੱਧ, ਘਿਓ, ਮੱਖਣ, ਦਹੀਂ ਅਤੇ ਲੱਸੀ ਕੁਦਰਤੀ ਭੋਜਨ ਹਨ, ਇਨ੍ਹਾਂ ਦੀ ਵੱਧ ਤੋਂ ਵੱਧ ਵਰਤੋਂ ਕਰੋ। ਇਸ ਸਮੇਂ ਚਾਹ ਵੀ ਕਈ ਲਾਇਲਾਜ ਰੋਗਾਂ ਦਾ ਕਾਰਨ ਬਣੀ ਹੋਈ ਹੈ। ਚਾਹ ਦੇ ਬਦਲ ਦੇ ਰੂਪ 'ਚ ਤੁਸੀ ਦੇਸੀ ਚਾਹ ਜਾਂ ਗਰਮ ਪਾਣੀ ਦੀ ਵਰਤੋਂ ਕਰ ਸਕਦੇ ਹੋ। ਦੇਸੀ ਚਾਹ ਵਿਚ ਬਹੁਤ ਸਾਰੇ ਗੁਣ ਹਨ। ਇਹ ਕਈ ਰੋਗਾਂ ਤੋਂ ਬਚਾਉਂਦੀ ਹੈ। ਇਸ ਦੀ ਵਰਤੋਂ ਹਰ ਉਮਰ ਵਰਗ ਦਾ ਇਨਸਾਨ ਕਰ ਸਕਦਾ ਹੈ। •

86993-51060





## ਇਨ੍ਹਾਂ ਬੀਜਾਂ ਨਾਲ ਦੂਰ ਹੁੰਦੀਆਂ ਹਨ ਕਈ ਬਿਮਾਰੀਆਂ

ਬਦਲਦੇ ਲਾਇਫ਼ ਸਟਾਈਲ ਜਾਂ ਖਾਣ-ਪੀਣ ਕਾਰਨ ਲੋਕ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਤੰਦਰੁਸਤ ਰਹਿਣ ਲਈ ਦਵਾਈਆਂ ਦਾ ਇਸਤੇਮਾਲ ਕਰਦੇ ਹਨ ਜਾਂ ਫਿਰ ਹਰੀ ਸਬਜ਼ੀਆਂ ਤੇ ਫਲਾਂ ਦਾ ਸੇਵਨ ਕਰਦੇ ਹਨ। ਆਓ ਅੱਜ ਬੀਜਾਂ ਦੇ ਸੇਵਨ ਤੋਂ ਹੋਣ ਵਾਲੇ ਫ਼ਾਇਦਿਆਂ ਬਾਰੇ ਗੱਲ ਕਰਦੇ ਹਾਂ। ਇਨ੍ਹਾਂ ਬੀਜਾਂ ਦਾ ਥੋੜ੍ਹਾ ਜਿਹਾ ਸੇਵਨ ਕਰਨਾ ਸਿਹਤ ਲਈ ਫ਼ਾਇਦੇਮੰਦ ਹੈ।

**ਕੱਦੂ :** ਇਸ ਦੇ ਬੀਜ ਸਰੀਰ ਲਈ ਬਹੁਤ ਲਾਭਕਾਰੀ ਹਨ। ਇਸ 'ਚ ਮੌਜੂਦ ਆਇਰਨ, ਵਿਟਾਮਿਨ ਸੀ, ਈ, ਪੋਟੈਸ਼ਿਅਮ ਕੈਲਸ਼ੀਅਮ ਤੇ ਫਾਇਬਰ ਵਰਗੇ ਗੁਣ ਪੇਟ ਤੇ ਖ਼ੂਨ ਨੂੰ ਸਾਫ਼ ਕਰਦੇ ਹਨ।

**ਤਿਲ :** ਇਸ 'ਚ ਕੈਲਸ਼ੀਅਮ, ਐਂਟੀ ਔਕਸੀਡੈਂਟ੍ਸ ਤੇ ਅਨਸੈਚੁਰੇਟੇਡ ਫੈਟਸ ਕਾਫ਼ੀ ਮਾਤਰਾ 'ਚ ਮੌਜੂਦ ਹੁੰਦੇ ਹਨ। ਜਿਸ ਦੇ ਸੇਵਨ ਨਾਲ ਕੈਂਸਰ ਤੇ ਡਾਇਬਟੀਜ਼ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

**ਅਲਸੀ ਦੇ ਬੀਜ :** ਇਸ 'ਚ ਪ੍ਰੋਟੀਨ, ਪੋਟੈਸ਼ਿਅਮ, ਜ਼ਿੰਕ, ਐਸਿਡ, ਫਾਇਬਰ ਕਾਫ਼ੀ ਮਾਤਰਾ 'ਚ ਪਾਏ ਜਾਂਦੇ ਹਨ। ਇਸ ਦੇ ਸੇਵਨ ਨਾਲ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਇਸ ਦੇ ਇਲਾਵਾ ਬੁਖ਼ਾਰ, ਖ਼ਾਂਸੀ ਤੇ ਜ਼ੁਕਾਮ ਆਦਿ ਰੋਗਾਂ ਤੋਂ ਬਚਿਆ ਜਾ ਸਕਦਾ ਹੈ।


**ਮੇਥੀ :** ਮੇਥੀ ਦੇ ਬੀਜਾਂ ਦਾ ਸੇਵਨ ਕਰਨ ਨਾਲ ਬੁਖ਼ਾਰ, ਖ਼ਾਂਸੀ, ਉਲਟੀਆਂ, ਬਵਾਸੀਰ ਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। •

## ਜ਼ਿਆਦਾ ਚਾਹ ਪੀਣ ਵਾਲੇ ਹੋ ਜਾਓ ਸਾਵਧਾਨ

ਜ਼ਿਆਦਾਤਰ ਲੋਕ ਚਾਹ ਪੀਣ ਦੇ ਸ਼ੌਕੀਨ ਹੁੰਦੇ ਹਨ ਤੇ ਉਹ ਦਿਨ 'ਚ 1-2 ਵਾਰ ਤੋਂ ਵੱਧ ਚਾਹ ਦਾ ਸੇਵਨ ਕਰਦੇ ਹਨ। ਜਿਸ ਨਾਲ ਉਨ੍ਹਾਂ ਨੂੰ ਕਾਫ਼ੀ ਨੁਕਸਾਨ ਹੁੰਦਾ ਹੈ। ਕਈ ਲੋਕ ਚਾਹ ਦਾ ਘੱਟ ਸੇਵਨ ਕਰਦੇ ਹਨ ਜਿਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਇਸ ਨਾਲ ਤੇਜ਼ਾਬ ਤੇ ਗੈਸ ਆਦਿ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਓ ਜਾਣਦੇ ਹਾਂ ਕਿ ਜ਼ਿਆਦਾ ਚਾਹ ਪੀਣੀ ਸਿਹਤ ਲਈ ਕਿੰਨੀ ਕੁ ਖ਼ਤਰਨਾਕ ਹੈ।

### ਡੀਹਾਈਡ੍ਰੇਸ਼ਨ ਤੇ ਕਬਜ਼

ਕਈ ਲੋਕ ਮੰਨਦੇ ਹਨ ਕਿ ਸਵੇਰ ਦੀ ਚਾਹ ਪੀਣ ਨਾਲ ਪੇਟ ਸਾਫ਼ ਹੁੰਦਾ ਹੈ ਪਰ ਘੱਟ ਹੀ ਲੋਕਾਂ ਨੂੰ ਪਤਾ ਹੈ ਕਿ ਜ਼ਿਆਦਾ ਚਾਹ ਪੀਣ ਨਾਲ ਕਬਜ਼ ਦੀ ਪਰੇਸ਼ਾਨੀ ਹੋ ਸਕਦੀ ਹੈ। ਚਾਹ 'ਚ ਮੌਜੂਦ ਇਕ ਰਸਾਇਣ ਥਿਓਫਿਲਾਇਨ ਨਾਲ ਸਰੀਰ 'ਚ ਡੀਹਾਈਡ੍ਰੇਸ਼ਨ ਹੋ ਜਾਂਦੀ ਹੈ ਜੋ ਬਾਅਦ 'ਚ ਕਬਜ਼ ਦਾ ਕਾਰਨ ਬਣ ਜਾਂਦੀ ਹੈ।



### ਪ੍ਰੋਸਟੇਟ ਕੈਂਸਰ

ਚਾਹ ਪ੍ਰੋਸਟੇਟ ਲਈ ਵਧੀਆ ਨਹੀਂ ਹੈ ਦੇਖਿਆ ਗਿਆ ਹੈ ਕਿ ਦਿਨ 'ਚ ਜ਼ਿਆਦਾ ਮਾਤਰਾ 'ਚ ਚਾਹ ਪੀਣ ਵਾਲੇ ਲੋਕਾਂ ਨੂੰ ਪ੍ਰੋਸਟੇਟ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।

### ਸੋਜ

ਜ਼ਿਆਦਾ ਚਾਹ ਪੀਣ ਨਾਲ ਪੇਟ ਫੁਲਿਆ ਹੋਇਆ ਮਹਿਸੂਸ ਹੋਵੇਗਾ। ਕੁੱਝ ਲੋਕਾਂ ਨੂੰ ਕੈਫਿਨ ਕਾਰਨ ਸੋਜ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਤੋਂ ਬਾਅਦ ਸੋਜ ਮਹਿਸੂਸ ਹੁੰਦੀ ਹੈ।


### ਹੱਡੀਆਂ ਕਮਜ਼ੋਰ ਹੋਣੀਆਂ

ਚਾਹ ਤੁਹਾਡੀਆਂ ਹੱਡੀਆਂ ਤੇ ਦੰਦਾਂ ਨੂੰ ਕਮਜ਼ੋਰ ਕਰ ਸਕਦੀ ਹੈ ਇਸ ਕਰ ਕੇ ਆਪਣੀ ਸਿਹਤ ਨੂੰ ਸਹੀ ਸਲਾਮਤ ਰੱਖਣ ਲਈ ਚਾਹ ਦਾ ਜ਼ਿਆਦਾ ਸੇਵਨ ਨਾ ਕਰੋ। •

## ਸਿਹਤ ਦੇ ਲਈ ਫ਼ਾਇਦੇਮੰਦ ਹੈ

# ਹਰੀ ਮਿਰਚ

ਜ਼ਿਆਦਾ ਤਿੱਖਾ ਜਾਂ ਮਸਾਲੇਦਾਰ ਖਾਣਾ ਖਾਣ ਨਾਲ ਤੁਹਾਡੇ ਪੇਟ ਤੇ ਸੀਨੇ 'ਚ ਜਲਣ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰ ਕੇ ਹੋਰ ਵੀ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਜੇ ਤੁਸੀ ਹਰੀ ਮਿਰਚ ਦਾ ਸੇਵਨ ਕਰਦੇ ਹੋ ਤਾਂ ਇਹ ਸਿਹਤ ਲਈ ਬਹੁਤ ਹੀ ਲਾਭਕਾਰੀ ਹੈ। ਹਰੀ ਮਿਰਚ 'ਚ ਕਈ ਤਰ੍ਹਾਂ ਦੇ ਤੱਤ ਪਾਏ ਜਾਂਦੇ ਹਨ ਜਿਵੇਂ-ਵਿਟਾਮਿਨ ਈ, ਬੀ-6, ਸੀ, ਆਇਰਨ, ਪ੍ਰੋਟੀਨ ਤੇ ਕਾਰਬਨਹਾਈਡਰੇਟ ਮੌਜੂਦ ਹੁੰਦੇ ਹਨ। ਆਓ ਜਾਣਦੇ ਹਾਂ ਕਿ ਹਰੀ ਮਿਰਚ ਖਾਣ ਨਾਲ ਤੁਹਾਨੂੰ ਕੀ-ਕੀ ਫ਼ਾਇਦੇ ਮਿਲਦੇ ਹਨ।



### ਚਮੜੀ ਲਈ ਲਾਭਕਾਰੀ

*ਹਰੀ ਮਿਰਚ 'ਚ ਬਹੁਤ ਸਾਰੇ ਵਿਟਾਮਿਨ ਪਾਏ ਜਾਂਦੇ ਹਨ ਜੋ ਚਮੜੀ ਦੇ ਲਈ ਫ਼ਾਇਦੇਮੰਦ ਹੁੰਦੇ ਹਨ ਜੇ ਤੁਸੀ ਹਰੀ ਮਿਰਚ ਦਾ ਸੇਵਨ ਕਰਦੇ ਹੋ ਤਾਂ ਇਸ ਨਾਲ ਸੁੰਦਰਤਾ 'ਚ ਵੀ ਨਿਖ਼ਾਰ ਆਉਂਦਾ ਹੈ।*

### ਕੈਂਸਰ ਦਾ ਖ਼ਤਰਾ ਘੱਟ

ਹਰੀ ਮਿਰਚ ਖਾਣ ਨਾਲ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਮਰਦਾਂ ਨੂੰ ਹਰੀ ਮਿਰਚ ਜ਼ਿਆਦਾ ਖਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੂੰ ਪ੍ਰੋਸਟੇਟ ਕੈਂਸਰ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਹਰੀ ਮਿਰਚ ਖਾਣ ਨਾਲ ਪ੍ਰੋਸਟੇਟ ਦੀ ਸਮੱਸਿਆ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਦਰਦ, ਦਮਾ

ਹਰੀ ਤਾਜ਼ੀ ਮਿਰਚ ਦਾ ਇਕ ਚਮਚ ਰਸ ਸ਼ਹਿਦ 'ਚ ਮਿਲਾ ਕੇ ਖ਼ਾਲੀ ਪੇਟ ਖਾਣ ਨਾਲ ਦਮੇ ਦੇ ਰੋਗ ਤੋਂ ਰਾਹਤ ਮਿਲਦੀ ਹੈ। ਇਸ ਦੀ ਵਰਤੋਂ 10 ਦਿਨ ਤਕ ਕਰਨ ਨਾਲ ਲਾਭ ਮਿਲਦਾ ਹੈ। ਹਰੀ ਮਿਰਚ ਖਾਣ ਨਾਲ ਗਰਮੀ ਨਿਕਲਦੀ ਹੈ।

### ਖ਼ੂਨ ਦੇ ਵਹਾਅ ਨੂੰ ਰੋਕਣਾ

ਸੱਟ ਲੱਗਣ 'ਤੇ ਜ਼ਿਆਦਾ ਖ਼ੂਨ ਨਿਕਲਦਾ ਹੈ ਤਾਂ ਹਰੀ ਮਿਰਚ ਖਾਣੀ ਸ਼ੁਰੂ ਕਰ ਦਿਓ। ਇਸ 'ਚ ਵਿਟਾਮਿਨ ਮੌਜੂਦ ਹੁੰਦੇ ਹਨ ਜੋ ਖ਼ੂਨ ਨੂੰ ਜਮਾਉਣ 'ਚ ਮਦਦ ਕਰਦੇ ਹਨ।

### ਆਇਰਨ ਵਧਾਉਣ 'ਚ ਮਦਦਗਾਰ

ਔਰਤਾਂ 'ਚ ਅਕਸਰ ਹੀ ਆਇਰਨ ਦੀ ਘਾਟ ਹੁੰਦੀ ਹੈ ਪਰ ਜੇ ਤੁਸੀ ਹਰ ਰੋਜ਼ ਹਰੀ ਮਿਰਚ ਖਾਓਗੇ ਤਾਂ ਇਹ ਘਾਟ ਦੂਰ ਹੋ ਜਾਵੇਗੀ। ਇਸ 'ਚ ਵਿਟਾਮਿਨ ਸੀ ਵੀ ਹੁੰਦਾ ਹੈ। ਇਸ ਨੂੰ ਠੰਢੀ ਜਗ੍ਹਾ 'ਤੇ ਹੀ ਰੱਖਣਾ ਚਾਹੀਦਾ ਹੈ ਕਿਉਂਕਿ ਗਰਮੀ ਨਾਲ ਹਰੀ ਮਿਰਚ ਦੇ ਤੱਤ ਖ਼ਤਮ ਹੋ ਜਾਂਦੇ ਹਨ। • ਫੀਚਰ ਡੈਸਕ

**ਕਿਸੇ ਦੇ ਜੀਵਨ ਵਿਚ ਅਚਾਨਕ ਹੋਈ ਅਨਹੋਣੀ ਬਰੋਕਨ ਹਾਰਟ ਸਿੰਡਰੋਮ ਦਾ ਮੁੱਖ ਕਾਰਨ ਬਣਦੀ ਹੈ। ਸਟ੍ਰੈੱਸ ਕਹੋ ਜਾਂ ਤਣਾਅ, ਇਹ ਸਿੰਡਰੋਮ ਦਾ ਹੀ ਕਾਰਨ ਹੁੰਦਾ ਹੈ ...**

# ਬਰੋਕਨ ਹਾਰਟ ਸਿੰਡਰੋਮ



ਡਾ. ਰਿਪੁਦਮਨ ਸਿੰਘ
ਮੋਬਾਈਲ 98152-00134

ਡਾਕਟਰੀ ਭਾਸ਼ਾ ਵਿਚ ਸਿੰਡਰੋਮ 'ਚ ਅਸਲ ਬਿਮਾਰੀ ਵਰਗੇ ਲੱਛਣ ਵਿਖਾਈ ਦਿੰਦੇ ਹਨ। ਇਹ ਲੱਛਣ ਹਕੀਕੀ ਬਿਮਾਰੀ ਨਾਲ ਅਜਿਹੇ ਮਿਲਦੇ ਹੁੰਦੇ ਹਨ ਕਿ ਬੰਦਾ ਤਾਂ ਕੀ, ਡਾਕਟਰ ਵੀ ਚੱਕਰ ਵਿਚ ਫਸ ਜਾਂਦੇ ਹਨ ਅਤੇ ਦਵਾਈਆਂ ਦੇ-ਦੇ ਕੇ ਬਿਮਾਰੀ ਖੜ੍ਹੀ ਕਰ ਦਿੰਦੇ ਹਨ। 'ਜਬ ਦਿਲ ਹੀ ਟੂਟ ਗਿਆ ਤੋ ਜੀ ਕਰ ਕਯਾ ਕਰੇਂਗੇ' ਦੇ ਬੋਲ ਸੱਚ ਹੋਣ ਲੱਗਦੇ ਹਨ। ਕਿਸੇ ਦੇ ਜੀਵਨ ਵਿਚ ਅਚਾਨਕ ਹੋਈ ਅਣਹੋਣੀ ਬਰੋਕਨ ਹਾਰਟ ਸਿੰਡਰੋਮ ਦਾ ਮੁੱਖ ਕਾਰਨ ਬਣਦੀ ਹੈ। ਸਟ੍ਰੈੱਸ ਕਹੋ ਜਾਂ ਤਣਾਅ, ਇਹ ਸਿੰਡਰੋਮ ਦਾ ਕਾਰਨ ਹੁੰਦਾ ਹੈ ਅਤੇ ਮਾੜੀ ਖ਼ਬਰ ਦੇ ਚੱਲਦਿਆਂ ਬੰਦੇ ਅੰਦਰ ਸਟ੍ਰੈੱਸ ਦੀ ਲਹਿਰ ਪੈਦਾ ਹੁੰਦੀ ਹੈ ਅਤੇ ਦਿਲ ਚੰਗੀ ਤਰ੍ਹਾਂ ਪੰਪ ਨਹੀਂ ਕਰਦਾ ਪਰ ਬਾਕੀ ਸਾਰੇ ਕੰਮ ਪਹਿਲਾਂ ਨਾਲੋਂ ਵਧੇਰੇ ਤਾਕਤ ਨਾਲ ਹੁੰਦੇ ਹਨ। ਇਹ ਸਥਿਤੀ ਆਰਜ਼ੀ ਹੁੰਦੀ ਹੈ ਤੇ ਸਮੇਂ ਨਾਲ ਠੀਕ ਵੀ ਹੋ ਜਾਂਦੀ ਹੈ। ਇਸ ਨੂੰ ਪਹਿਲਾਂ ਟੈਕਟੋਸੁਬੋ ਕਾਰਡੀਓ-ਮਾਇਓਪੈਥੀ ਆਖਦੇ ਸਨ ਪਰ ਅੱਜਕੱਲ੍ਹ ਇਸ ਨੂੰ 'ਸਟ੍ਰੈੱਸ ਕਾਰਡੀਓ-ਮਾਇਓਪੈਥੀ' ਜਾਂ 'ਏਪੀਕਲ ਬਲੂਨਿੰਗ ਸਿੰਡਰੋਮ' ਆਖਿਆ ਜਾਣ ਲੱਗਾ ਹੈ। ਬਹੁਤ ਚੰਗੀ ਗੱਲ ਇਸ ਸਿੰਡਰੋਮ ਦੀ ਇਹ ਹੈ ਕਿ ਇਹ ਲਾਇਲਾਜ ਨਹੀਂ ਹੈ।



### ਲੱਛਣ

ਬੰਦੇ ਅੰਦਰ ਹੂ-ਬ-ਹੂ ਦਿਲ ਦੀ ਬਿਮਾਰੀ ਵਰਗੇ ਲੱਛਣ ਨਜ਼ਰ ਆਉਣ ਲੱਗ ਪੈਂਦੇ ਹਨ ਅਤੇ ਜਾਪਦਾ ਹੈ ਕਿ ਕੁੱਝ ਹੋ ਰਿਹਾ ਹੈ-ਦਿਲ ਵਾਲੇ ਪਾਸੇ ਤੇਜ਼ ਦਰਦ, ਦਿਲ ਦੀ ਧੜਕਣ ਦਾ ਤੇਜ਼ ਹੋ ਜਾਣਾ ਜਾਂ ਇਕ ਦਮ ਘੱਟ ਜਾਣਾ, ਮੂੰਹ ਤੇ ਬੁੱਲ੍ਹ ਸੁਕਣ ਲੱਗਣੇ, ਪਿਸ਼ਾਬ ਨਿਕਲ ਜਾਣਾ ਅਤੇ ਇਥੋਂ ਤਕ ਕੇ ਖਾਣੇ ਦਾ ਠੀਕ ਤਰ੍ਹਾਂ ਨਾ ਪਚਣਾ, ਚੱਕਰ ਜਿਹੇ ਆਉਣੇ, ਬਾਹਰ ਨੂੰ ਭੱਜਣਾ, ਸਾਹ ਦਾ ਔਖਾ ਹੋਣਾ ਤੇ ਸਰੀਰਕ ਕਮਜ਼ੋਰੀ ਹੋਣੀ ਅਤੇ ਇਸ ਦੇ ਨਾਲ ਹੀ ਇਹ ਵੀ ਲੱਗਦਾ ਕਿ ਪ੍ਰਾਣ ਨਿਕਲਣ ਵਾਲੀ ਸਥਿਤੀ ਪੈਦਾ ਹੋ ਗਈ ਹੋਵੇ। ਲੱਖ ਕੋਸ਼ਿਸ਼ ਕਰਨ ਤੇ ਰੋਟੀ-ਪਾਣੀ ਅੰਦਰ ਨਹੀਂ ਲੰਘਦੇ। ਈਸੀਜੀ ਵਿਚ ਵੀ ਤਬਦੀਲੀਆਂ ਨਜ਼ਰੀ ਪੈਂਦੀਆਂ ਹਨ, ਭਾਵ ਐੱਮਆਈ ਜਿਹਾ ਲੱਗਣ ਲੱਗਦਾ ਹੈ। ਇਹ ਧਿਆਨ ਯੋਗ ਗੱਲ ਹੈ ਕਿ ਕੋਈ ਵੀ ਲੰਬੇ ਸਮੇਂ ਤਕ ਰਹਿਣ ਵਾਲਾ ਛਾਤੀ ਦਾ ਦਰਦ, ਦਿਲ ਦੀ ਤਕਲੀਫ਼ ਹੋ ਸਕਦੀ ਹੈ ਅਤੇ ਜੇ ਕਿਸੇ ਨਾਲ ਇੰਜ ਹੋ ਰਿਹਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।

### ਕਿੰਨਾ ਘਾਤਕ ਹੈ ਸਿੰਡਰੋਮ?

ਵੇਖਣ ਵਿਚ ਆਇਆ ਹੈ ਕਿ ਇਹ ਸਿੰਡਰੋਮ ਔਰਤਾਂ ਵਿਚ ਵਧੇਰੇ ਪਾਇਆ ਜਾਂਦਾ ਹੈ। ਅਜਿਹਾ ਕਿਉਂ ਹੈ, ਇਸ ਬਾਰੇ ਖੋਜ ਚੱਲ ਰਹੀ ਹੈ ਪਰ ਮਨੋਵਿਗਿਆਨਿਕ ਤੌਰ 'ਤੇ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਵਧੇਰੇ ਸੰਵੇਦਨਸ਼ੀਲ ਹੋਣ ਨੂੰ ਵੀ ਇਸ ਦਾ ਇਕ ਕਾਰਨ ਮੰਨਿਆ ਜਾਂਦਾ। ਪੰਦਰਾਂ ਸਾਲ ਦੀ ਉਮਰ ਤੇ ਲਗਪਗ 55 ਸਾਲ ਦੀ ਉਮਰ ਤਕ ਔਰਤਾਂ ਦੀ ਮਾਨਸਿਕ ਹਾਲਤ ਉੱਪਰ ਬਹੁਤ ਅਸਰ ਪੈਂਦਾ ਹੈ। ਬਹੁਤ ਘੱਟ ਅੰਕੜੇ ਹਨ ਕਿ ਇਸ ਨਾਲ ਕਿਸੇ ਦੀ ਮੌਤ ਹੋਈ ਹੋਵੇ, ਇਸ ਲਈ ਬਹੁਤੀ ਫ਼ਿਕਰ ਵਾਲੀ ਗੱਲ ਨਹੀਂ ਹੈ ਪਰ ਇਸ ਨੂੰ ਅਣਗੌਲਿਆਂ ਕਰਨਾ ਘਾਤਕ ਹੋ ਸਕਦਾ ਹੈ। ਇਸ ਨਾਲ ਦਿਲ ਦੀ ਧੜਕਣ ਅਨਿਯਮਿਤ ਹੋ ਸਕਦੀ ਹੈ, ਧੜਕਮ ਮਿਸ ਹੋ ਸਕਦੀ ਹੈ, ਜਿਸ ਨੂੰ ਆਮ ਭਾਸ਼ਾ ਵਿਚ ਹੌਲ ਜਾਂ ਗੋਤਾ ਪੈਣਾ ਵੀ ਆਖਦੇ ਹਨ। ਧੜਕਣ ਵੱਧ ਵੀ ਰਹਿਣ ਲੱਗ ਸਕਦੀ ਹੈ। ਮਾੜੀ ਗੱਲ ਇਹ ਹੈ ਕਿ ਫ਼ੇਫੜਿਆਂ ਵਿਚ ਤਰਲ ਜਮ੍ਹਾਂ ਹੋਣ ਲੱਗ ਸਕਦਾ ਹੈ ਜਿਸ ਨੂੰ 'ਪਲਮੋਨਰੀ ਓਡੀਮਾ' ਆਖਦੇ ਹਨ। ਇਸ ਨਾਲ ਸਾਹ ਛੋਟਾ ਹੋ ਸਕਦਾ ਹੈ, ਗਲ਼ਾ ਵੀ ਸੁੱਕਾ ਹੋ ਸਕਦਾ ਹੈ।

ਇਹ ਸਿੰਡਰੋਮ ਦੀ ਨਿਸ਼ਾਨੀ ਹੈ। ਜੇ ਕੋਈ ਇਸ ਦੌਰ ਵਿਚੋ ਲੰਘ ਰਿਹਾ ਹੋਵੇ ਤਾਂ ਉਹ ਜਾਂ ਉਸ ਦੇ ਘਰ-ਪਰਿਵਾਰ ਤੇ ਦੋਸਤਾਂ ਦਾ ਫ਼ਰਜ਼ ਹੈ ਕਿ ਡਾਕਟਰ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ। ਜਿਵੇਂ ਕਿ, ਬੰਦੇ ਦੀ ਮਨੋਸਥਿਤੀ ਕਿਹੋ ਜਿਹੀ ਹੈ? ਕੀ ਕਦੇ ਪਹਿਲਾਂ ਵੀ ਅਜਿਹਾ ਵਾਪਰਿਆ ਹੈ? ਛਾਤੀ ਦੀ ਕੋਈ ਤਕਲੀਫ਼ ਹੋਈ ਹੋਵੇ ਆਦਿ। ਆਪਣੇ ਆਪ ਨੂੰ ਸਮਾਂ ਦੇਣਾ ਚਾਹੀਦਾ ਹੈ। ਰੱਬ ਵੱਲ ਧਿਆਨ ਕਰਨਾ ਵੀ ਲਾਹੇਵੰਦ ਰਹਿੰਦਾ ਹੈ। ਫ਼ਿਕਰ ਦੀ ਲੋੜ ਨਹੀਂ, ਡਾਕਟਰੀ ਇਲਾਜ ਤੇ ਪਰਹੇਜ਼ ਕਰਨਾ ਚਾਹੀਦਾ ਹੈ। •

### ਕੀ ਹਨ ਕਾਰਨ?

*ਭਾਵੇਂ ਸੰਸਾਰ ਭਰ ਦੇ ਸਿਹਤ ਵਿਗਿਆਨੀਆਂ ਨੂੰ ਬਰੋਕਨ ਹਾਰਟ ਸਿੰਡਰੋਮ ਦਾ ਅਸਲ ਕਾਰਨ ਅੱਜ ਤਕ ਪਤਾ ਨਹੀਂ ਲੱਗ ਸਕਿਆ ਪਰ ਫਿਰ ਵੀ ਮੰਨਿਆ ਜਾਂਦਾ ਹੈ ਕਿ ਇਹ ਇਕਦਮ ਪੈਦਾ ਹੋਈ ਤਣਾਅ ਦੀ ਲਹਿਰ ਨਾਲ ਪੈਦਾ ਹੋਏ ਐਡਰਨਾਲੀਨ ਹਾਰਮੋਨ ਕਾਰਨ ਦਿਲ ਨੂੰ ਹੋਣ ਵਾਲੇ ਨੁਕਸਾਨ ਦਾ ਇਕ ਆਧਾਰ ਜਿਹਾ ਲਗਦਾ ਹੈ। ਇਸ ਤਕਲੀਫ਼ ਲਈ ਕੋਈ ਅਸਹਿਣਯੋਗ ਘਰੇਲੂ ਹਾਲਾਤ, ਨਾ ਵਿਚਾਰਨਯੋਗ ਘਟਨਾ, ਇਕਦਮ ਕਿਸੇ ਬੇਸ਼ਕੀਮਤੀ ਵਸਤੂ ਦਾ ਗੁੰਮ ਹੋ ਜਾਣਾ, ਸਰੀਰਕ ਤਕਲੀਫ਼ ਜਿਵੇਂ ਦਮਾ, ਇਨਫੈਕਸ਼ਨ, ਐਕਸੀਡੈਂਟ ਆਦਿ ਜ਼ਿੰਮੇਵਾਰ ਹੋ ਸਕਦੇ ਹਨ।*

## ਜਲਾਲਪੁਰ 'ਚ ਜਨ ਸੁਵਿਧਾ ਕੈਂਪ ਦਾ ਲਾਭ ਲੈਂਦਿਆਂ ਲੋਕਾਂ ਨੇ ਪ੍ਰਾਪਤ ਕੀਤੀਆਂ ਸਰਕਾਰੀ ਸੇਵਾਵਾਂ

# ਐਸ.ਡੀ.ਐਮ. ਮਨਜੀਤ ਕੌਰ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਦੱਸੀਆਂ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ



ਪਿੰਡ ਜਲਾਲਪੁਰ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਨ ਸੁਵਿਧਾ ਕੈਂਪ ਮੌਕੇ ਲੋਕਾਂ ਨੂੰ ਮਿਲਦੇ ਹੋਏ ਐਸ.ਡੀ.ਐਮ. ਪਟਿਆਲਾ ਮਨਜੀਤ ਕੌਰ।


**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸਬ ਡਵੀਜ਼ਨ ਪਟਿਆਲਾ ਦੇ ਅਧੀਨ ਪੈਂਦੇ ਪਿੰਡ ਜਲਾਲਪੁਰ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਨ ਸੁਵਿਧਾ ਕੈਂਪ ਮੌਕੇ ਐਸ.ਡੀ.ਐਮ. ਮਨਜੀਤ ਕੌਰ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਇਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਦਿਆਂ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਤੱਕ ਪੁੱਜੀ ਹੈ।

ਐਸ.ਡੀ.ਐਮ. ਮਨਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਵਿਸ਼ੇਸ਼ ਪਹਿਲਕਦਮੀ ਤਹਿਤ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਖ਼ੁਦ ਚੱਲਕੇ ਲੋਕਾਂ ਦੇ ਘਰਾਂ ਦੇ ਨੇੜੇ ਪੁੱਜਦੇ ਹਨ ਅਤੇ ਸਰਕਾਰੀ ਸਕੀਮਾਂ ਦਾ ਲਾਭ ਮੌਕੇ 'ਤੇ ਹੀ ਲਾਭਪਾਤਰੀਆਂ ਨੂੰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਿੰਡਾਂ ਵਿੱਚ ਅਜਿਹੇ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ। ਇਸ ਕੈਂਪ ਦਾ ਲਾਭ ਲੈਣ ਵਾਲੇ ਲੋਕਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਸ਼ਹਿਰ ਵਿੱਚ ਨਹੀਂ ਜਾਣਾ ਪੈਂਦਾ ਤੇ ਉਨ੍ਹਾਂ ਦੇ ਜ਼ਰੂਰੀ ਪ੍ਰਸ਼ਾਸਨਿਕ ਕੰਮ ਪਿੰਡ ਵਿੱਚ ਹੀ ਅਜਿਹੇ ਕੈਂਪਾਂ ਜਰੀਏ ਹੋ ਜਾਂਦੇ ਹਨ।

ਇਸ ਜਨ ਸੁਵਿਧਾ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੇ ਮਸਲੇ ਸੁਣੇ ਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਵੀ ਕੀਤਾ। ਇਸ ਮੌਕੇ ਬੀ.ਡੀ.ਪੀ.ਓ. ਸਨੌਰ ਮਨਦੀਪ ਸਿੰਘ ਸਮੇਤ ਇਲਾਕੇ ਦੇ ਵਸਨੀਕ ਵੀ ਮੌਜੂਦ ਸਨ।

# ਕਾਲਾ ਢਿੱਲੋਂ ਨੇ ਘਰ-ਘਰ ਮੰਗੀਆਂ ਵੋਟਾਂ, ਬਜ਼ੁਰਗਾਂ ਦਾ ਲਿਆ ਆਸ਼ੀਰਵਾਦ



**ਬਰਨਾਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਬਰਨਾਲਾ ਦੀ ਜ਼ਿਮਨੀ ਚੋਣ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਵੀਰਵਾਰ ਸਵੇਰੇ ਸ਼ਹਿਰ ਦੇ 16 ਏਕੜ ਸਣੇ ਵੱਖ-ਵੱਖ ਖੇਤਰਾਂ 'ਚ ਘਰਾਂ ਤੇ ਦੁਕਾਨਾਂ 'ਤੇ ਜਾ ਕੇ ਚੋਣ ਪ੍ਰਚਾਰ ਕੀਤਾ ਤੇ ਵੋਟਾਂ ਮੰਗੀਆਂ। ਕਾਲਾ ਢਿੱਲੋਂ ਨੇ ਭਾਰੀ ਸਮਰਥਕਾਂ ਨਾਲ ਘਰ-ਘਰ ਤੇ ਦੁਕਾਨਦਾਰਾਂ ਤੋਂ ਵੋਟਾਂ ਮੰਗੀਆਂ। ਇਸ ਮੌਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਕਾਲਾ ਢਿੱਲੋਂ ਨੇ ਕਿਹਾ ਕਿ ਮੈਨੂੰ ਕਾਂਗਰਸ ਪਾਰਟੀ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਵੱਡੀ ਗਿਣਤੀ 'ਚ ਨੌਜਵਾਨ ਵੱਧ ਚੜ੍ਹ ਕੇ ਉਨ੍ਹਾਂ ਦੀ ਇਸ ਚੋਣ ਮੁਹਿੰਮ 'ਚ ਆਪ ਮੁਹਾਰੇ ਹਿੱਸਾ ਲੈ ਰਹੇ ਹਨ। ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਦੀ ਸਮੱਸਿਆਵਾਂ ਸੁਲਝਾਉਣ ਤੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਬਹੁਮਤ ਹਾਸਲ ਕਰ ਚੋਣਾਂ @ਚ ਪਾਰਟੀ ਦੀ ਜਿੱਤ ਦਾ ਦਾਅਵਾ ਕੀਤਾ।

ਕਾਲਾ ਢਿੱਲੋਂ ਨੇ ਸੂਝਵਾਨ ਵੋਟਰਾਂ ਤੇ ਸਮਰਥੱਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਜ਼ਿਮਨੀ ਚੋਣ 'ਚ ਪੂਰੀ ਤਰ੍ਹਾਂ ਡੱਟ ਜਾਣਾ ਚਾਹੀਦਾ ਹੈ ਤੇ ਆਪਣੇ ਰਿਸ਼ਤੇਦਾਰਾਂ, ਮਿੱਤਰ ਪਿਆਰਿਆਂ ਨੂੰ ਕਾਂਗਰਸ ਦੇ ਹੱਕ 'ਚ ਵੋਟ ਪਾਉਣ ਲ ?ਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਕੁਸ਼ਾਸਨ ਤੇ ਆਮ ਆਦਮੀ ਪਾਰਟੀ ਦੀਆਂ ਪੰਜਾਬ ਮਾਰੂ ਨੀਤੀਆਂ ਦਾ ਖ਼ਾਤਮਾ ਕੀਤਾ ਜਾ ਸਕੇ।

# ਬੀਬੀ ਪਵਿੱਤ ਕੌਰ ਸੰਧੂ ਨੇ ਆਪਣੇ ਪੁੱਤਰ ਲਈ ਘਰ ਘਰ ਜਾ ਕੇ ਮੰਗੀਆਂ ਵੋਟਾਂ



**ਬਰਨਾਲਾ,10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਪੰਥਕ ਜਥੇਬੰਦੀਆਂ ਦੇ ਸਾਂਝੇ ਉਮੀਦਵਾਰ ਸ. ਗੋਵਿੰਦ ਸਿੰਘ ਸੰਧੂ ਦੇ ਸਤਿਕਾਰਯੋਗ ਮਾਤਾ ਜੀ ਬੀਬੀ ਪਵਿਤ ਕੌਰ ਸੰਧੂ ਨੇ ਅੱਜ ਆਪਣੇ ਪੁੱਤਰ ਲਈ ਧਨੌਲਾ ਦੀ ਨਵੀਂ ਬਸਤੀ, ਮਾਨਾ ਪੱਤੀ ਅਤੇ ਢਿੱਲੋਂ ਪੱਤੀ ਵਿਖੇ ਘਰ ਘਰ ਜਾ ਕੇ ਵੋਟਾਂ ਮੰਗੀਆਂ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਹਲਕੇ ਦੀ ਖੁਸ਼ਹਾਲੀ ਤੇ ਤਰੱਕੀ ਲਈ ਗੋਵਿੰਦ ਸਿੰਘ ਸੰਧੂ ਦਾ ਸਾਥ ਦਿੱਤਾ ਜਾਵੇ। ਉਹਨਾਂ ਲੋਕਾਂ ਨੂੰ ਦੱਸਿਆ ਕਿ ਗੋਵਿੰਦ ਸਿੰਘ ਸੰਧੂ ਪੜ੍ਹਿਆ-ਲਿਖਿਆ, ਸੂਝਵਾਨ ਇਮਾਨਦਾਰ ਤੇ ਨਸ਼ਾ ਰਹਿਤ ਆਗੂ ਹੈ, ਜੋ ਪਿਛਲੇ ਲੰਬੇ ਸਮੇਂ ਤੋਂ ਆਪਣੇ ਨਾਨਾ ਸ. ਸਿਮਰਨਜੀਤ ਸਿੰਘ ਮਾਨ ਨਾਲ ਮਿਲ ਕੇ ਬਰਨਾਲਾ ਹਲਕੇ ਦੇ ਲੋਕਾਂ ਦੀ ਸੇਵਾ ਕਰ ਰਿਹਾ ਹੈ। ਉਹ ਹਲਕੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਚੰਗੀ ਤਰ੍ਹਾਂ ਸਮਝਦਾ ਅਤੇ ਹੱਲ ਕਰਾਉਣ ਦੀ ਸਮਰੱਥਾ ਰੱਖਦਾ ਹੈ। ਇਸ ਇਲਾਕੇ ਦੇ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਕੇ ਉਹਨਾਂ ਦੀ ਜ਼ਿੰਦਗੀ ਸੰਵਾਰਨ ਦੀ ਇੱਛਾ ਰੱਖਦਾ ਹੈ। ਹਲਕੇ ਦੇ ਲੋਕਾਂ ਦੀ ਤਰੱਕੀ ਲਈ ਬਹੁਤ ਕੁਝ ਕਰਨਾ ਚਾਹੁੰਦਾ ਹੈ, ਜਿਸ ਦੇ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਇਸ ਲਈ ਆਉਣ ਵਾਲੀ 20 ਨਵੰਬਰ ਨੂੰ ਚੋਣ ਨਿਸ਼ਾਨ ਬਾਲਟੀ ਵਾਲਾ ਬਟਨ ਦਬਾ ਕੇ ਗੋਵਿੰਦ ਸਿੰਘ ਸੰਧੂ ਨੂੰ ਕਾਮਯਾਬ ਬਣਾਇਆ ਜਾਵੇ, ਤਾਂ ਜੋ ਹਲਕੇ ਦੇ ਵਿਗੜ ਰਹੇ ਹਾਲਾਤਾਂ ਨੂੰ ਸੁਧਾਰਨ ਲਈ ਅਤੇ ਲੋਕਾਂ ਦੇ ਸਰਕਾਰਾਂ ਤੋਂ ਬਣਦੇ ਹੱਕ ਦਿਵਾਉਣ ਲਈ ਵਿਧਾਨ ਸਭਾ ਵਿੱਚ ਆਵਾਜ਼ ਬੁਲੰਦ ਕਰ ਸਕੇ।

ਇਸ ਮੌਕੇ ਉਹਨਾਂ ਦੇ ਨਾਲ ਯੂਥ ਵਿੰਗ ਪੰਜਾਬ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਸਮਾਓ, ਸੀਨੀਅਰ ਆਗੂ ਸੁਖਪਾਲ ਸਿੰਘ ਛੰਨਾ, ਗੁਰਜੰਟ ਸਿੰਘ ਭਾਊ, ਅਮਰਜੀਤ ਸਿੰਘ ਗਿੱਲ, ਹਰਿੰਦਰ ਸਿੰਘ ਢੀਡਸਾ, ਮੱਖਣ ਸਿੰਘ ਢਿੱਲੋਂ, ਕੁਲਵੰਤ ਸਿੰਘ ਲੱਡੀ, ਅਮਨਦੀਪ ਸਿੰਘ, ਕੋਮਲਪ੍ਰੀਤ ਸਿੰਘ, ਸਤਿਗੁਰ ਸਿੰਘ, ਮਹਿਕਦੀਪ ਸਿੰਘ, ਅਮਨਦੀਪ ਸਿੰਘ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ। ਇਸ ਦੌਰਾਨ ਵੱਖ-ਵੱਖ ਮਹੱਲਿਆਂ ਵਿੱਚ ਲੋਕਾਂ ਨੇ ਬੀਬੀ ਪਵਿਤ ਕੌਰ ਨੂੰ ਭਰੋਸਾ ਦਵਾਇਆ ਕਿ ਉਹ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਤੇ ਹਲਕੇ ਦੀ ਖੁਸ਼ਹਾਲੀ ਲਈ ਗੋਵਿੰਦ ਸਿੰਘ ਸੰਧੂ ਦਾ ਡੱਟ ਕੇ ਸਾਥ ਦੇਣਗੇ।

# ਬਰਨਾਲਾ ਵਾਸੀਆਂ ਵੱਲੋਂ ਪ੍ਰਗਟਾਏ ਵਿਸ਼ਵਾਸ ਉਪਰ ਖਰਾ ਉਤਰਾਂਗਾ: ਹਰਿੰਦਰ ਸਿੰਘ ਧਾਲੀਵਾਲ



**ਬਰਨਾਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਵੱਲੋਂ ਬਰਨਾਲਾ ਸ਼ਹਿਰ ਅਤੇ ਪਿੰਡਾਂ ਵਿੱਚ ਕੀਤੇ ਜਾ ਰਹੇ ਚੋਣ ਜਲਸਿਆਂ ਦੌਰਾਨ ਭਾਰੀ ਸਮਰਥਨ ਮਿਲ ਰਿਹਾ ਹੈ। ਹਰਿੰਦਰ ਸਿੰਘ ਧਾਲੀਵਾਲ ਨੇ ਮਾਨਾ ਪਿੰਡੀ ਧਨੌਲਾ, ਖੁੱਡੀ ਰੋਡ, ਬਾਜਵਾ ਪੱਤੀ, ਆਵਾ ਬਸਤੀ ਵਿਖੇ ਚੋਣ ਸਭਾਵਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਬਾਂਸਲ ਆਟੋ ਵਿਖੇ ਸਭਾ ਕੀਤੀ।

ਆਪ ਉਮੀਦਵਾਰ ਨੇ ਅਕਾਲੀ ਆਗੂ ਸਾਬਕਾ ਕੌਂਸਲਰ ਦਿਆਲ ਕੌਰ ਨੂੰ ਸਾਥੀਆਂ ਸਣੇ ਆਪ ਵਿੱਚ ਸ਼ਾਮਲ ਕਰਵਾਇਆ ਜਿਨ੍ਹਾਂ ਵਿੱਚ ਸਵਰਨ ਸਿੰਘ, ਜਗਮੋਹਨ ਸਿੰਘ, ਜਗਤਾਰ ਸਿੰਘ ਮਠਾੜੂ, ਸੁਰਜੀਤ ਸਿੰਘ ਜਟਾਣਾ, ਰੇਸ਼ਮ ਸਿੰਘ ਜਟਾਣਾ, ਜਤਿੰਦਰ ਸਿੰਘ ਜਟਾਣਾ, ਜਗਤਾਰ ਸਿੰਘ ਜਟਾਣਾ, ਰਾਜ ਸਿੰਘ ਤੇ ਜਤਿੰਦਰ ਸਿੰਘ ਬਬਲੀ ਵੀ ਸ਼ਾਮਲ ਸਨ।

# ਮੀਤ ਹੇਅਰ ਵੱਲੋਂ 'ਆਪ ਦੀ ਸਰਕਾਰ, ਆਪ ਦਾ ਵਿਧਾਇਕ' ਮੁਹਿੰਮ ਵੱਖ-ਵੱਖ ਚੋਣ ਮੀਟਿੰਗਾਂ



**ਬਰਨਾਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਵੱਲੋਂ ਆਪਣੇ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਦੀ ਚੋਣ ਮੁਹਿੰਮ ਨੂੰ ਸਿਖਰਾਂ ਉਤੇ ਲਿਜਾਂਦਿਆਂ ਸੁਮੱਚੀ ਲੀਡਰਸ਼ਿਪ ਚੋਣ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਮੀਤ ਹੇਅਰ ਨੇ ਜੋਧਪੁਰ, ਹੰਡਿਆਇਆ ਖੁਰਦ, ਸੰਘੇੜਾ, ਗਰੀਨ ਐਵੇਨਿਊ ਬਰਨਾਲਾ ਵਿਖੇ ਇਕੱਠਾਂ ਨੂੰ ਸੰਬੋਧਨ ਕੀਤਾ ਜਿੱਥੇ ਵੱਡੀ ਗਿਣਤੀ ਵਿੱਚ ਪੁੱਜੇ ਲੋਕਾਂ ਨੇ ਆਪ ਨੂੰ ਜਿਤਾਉਣ ਦਾ ਅਹਿਦ ਲਿਆ।

ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ 'ਆਪ ਦੀ ਸਰਕਾਰ, ਆਪ ਦਾ ਵਿਧਾਇਕ' ਦੀ ਮੁਹਿੰਮ ਤਹਿਤ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰਨਾਲਾ ਹਲਕੇ ਦੀ ਕਈ ਦਹਾਕਿਆਂ ਬਾਅਦ ਸਾਰ ਲਈ ਗਈ ਹੈ।

ਪਾਰਟੀ ਅਤੇ ਸਰਕਾਰ ਨੇ ਉਨ੍ਹਾਂ ਨੂੰ ਮੰਤਰੀ ਬਣਾ ਕੇ ਮਾਣ ਬਖਸ਼ਿਆ ਗਿਆ ਅਤੇ ਬਰਨਾਲਾ ਵਿੱਚ ਰੁਕੇ ਹੋਏ ਕੰਮ ਸ਼ੁਰੂ ਕੀਤੇ। ਹੁਣ ਇਨ੍ਹਾਂ ਕੰਮਾਂ ਨੂੰ ਜਾਰੀ ਰੱਖਣ ਲਈ ਹਰਿੰਦਰ ਸਿੰਘ ਧਾਲੀਵਾਲ ਦੇ ਹੱਥ ਮਜ਼ਬੂਤ ਕੀਤੇ ਜਾਣ।

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ, ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਗੁਰਪ੍ਰੀਤ ਸਿੰਘ ਬਣਾਂਵਾਲੀ ਤੇ ਅੰਮ੍ਰਿਤਪਾਲ ਸਿੰਘ ਸੁੱਖਾਨੰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਰਨਾਲਾ ਆਮ ਆਦਮੀ ਪਾਰਟੀ ਦਾ ਆਧਾਰ ਹੈ ਅਤੇ ਇੱਥੋਂ ਹੀ ਪੂਰੇ ਸੂਬੇ ਅਤੇ ਦੇਸ਼ ਵਿੱਚ ਪਾਰਟੀ ਨੇ ਮਜ਼ਬੂਤੀ ਵੱਲ ਕਦਮ ਵਧਾਏ ਸਨ।

# ਨਾਭਾ ਸ਼ਹਿਰ ਦੇ ਬੂਹੀ ਰੋਡ ਫੀਡਰ ਦੀ ਬਿਜਲੀ ਸਪਲਾਈ ਅੱਜ ਬੰਦ ਰਹੇਗੀ

**ਨਾਭਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਸ਼ਹਿਰ ਦੇ ਬੂਹੀ ਰੋਡ ਫੀਡਰ ਦੀ ਬਿਜਲੀ ਸਪਲਾਈ ਅੱਜ ਬੰਦ ਰਹੇਗੀ ਇਸ ਸਬੰਧੀ ਨਾਭਾ ਸ਼ਹਿਰੀ ਸਬ-ਡਵਿਜਨ ਦੇ ਐਸ ਡੀ ਓ ਸ ਸੁਰਜੀਤ ਸਿੰਘ ਜੀ ਨੇ ਦੱਸਿਆ ਕਿ ਜ਼ਰੂਰੀ ਮੁਰੰਮਤ ਕਾਰ ਅੱਜ 11 ਕੇ ਵੀ ਬੂਹੀ ਰੋਡ ਫੀਡਰਾ ਚ ਪੈਂਦੇ ਏਰੀਏ ਸਰਕੁਲਰ ਰੋਡ, ਪੀਤ ਵਿਹਾਰ, ਸਿਵਾ ਇਨਕਲੇਵ, ਮੁਨਾ ਲਾਲ ਇਨਕਲੇਵ, ਏਕਤਾ ਕਲੋਨੀ, ਸਾਰਦਾ ਕਲੋਨੀ ਬੂਹੀ ਰੋਡ ਆਦਿ ਦੀ ਬਿਜਲੀ ਸਪਲਾਈ ਅੱਜ ਸਵੇਰੇ 11 ਵਜੇ ਤੋਂ 2 ਵਜੇ ਤੱਕ ਬੰਦ ਰਹੇਗੀ।

# ਛਠ ਦੇ ਤਿਉਹਾਰ ਮੌਕੇ ਪਵਨ ਗੁਪਤਾ ਦੀ ਸੁਪਤਨੀ ਨੇ ਡੀ.ਸੀ.ਡਬਲਿਊ. ਵਿਖੇ ਟੇਕਿਆ ਮੱਥਾ



**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਛਠ ਦੇ ਮਹਾਨ ਤਿਉਹਾਰ ਮੌਕੇ ਡੀ.ਸੀ.ਡਬਲਿਊ.ਪਟਿਆਲਾ ਦੇ ਘਾਟ ਵਿਖੇ ਸ਼ਿਵ ਸੈਨਾ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਦੀ ਧਰਮ ਪਤਨੀ ਸ਼੍ਰੀਮਤੀ ਸੁਮਨ ਗੁਪਤਾ ਅਤੇ ਉਨ੍ਹਾਂ ਦੇ ਛੋਟੇ ਭਰਾ ਸ੍ਰੀ ਰਾਜੇਸ਼ ਕੁਮਾਰ ਦੀ ਧਰਮ ਪਤਨੀ ਸ਼੍ਰੀਮਤੀ ਸੁਨੀਤਾ ਗੁਪਤਾ ਨੇ ਮੱਥਾ ਟੇਕਿਆ। ਇਸ ਮੌਕੇ 'ਤੇ ਚੜ੍ਹਦੇ ਸੂਰਜ ਨੂੰ ਜਲ ਚੜ੍ਹਾਵਾ ਕੇ ਸ੍ਰੀ ਪਵਨ ਗੁਪਤਾ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਨੇ ਸ਼ਿਰਕਤ ਕੀਤੀ।

# ਭਾਸ਼ਾ ਵਿਭਾਗ ਵੱਲੋਂ ਰਾਜ ਪੱਧਰੀ ਸਮਾਰੋਹ ਮੌਕੇ ਡਾ. ਜੇ ਬੀ ਸੇਖੋਂ ਨੂੰ ਪੁਰਸਕਾਰ ਪ੍ਰਦਾਨ



**ਗੜ੍ਹਸ਼ੰਕਰ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਮਨਾਏ ਜਾਣ ਵਾਲੇ ਪੰਜਾਬੀ ਮਾਹ ਦਾ ਉਦਘਾਟਨੀ ਸਮਾਰੋਹ ਭਾਸ਼ਾ ਭਵਨ ਪਟਿਆਲਾ ਵਿਖੇ ਕਰਵਾਇਆ ਗਿਆ ਜਿਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ.ਬਲਵੀਰ ਸਿੰਘ ਦੀ ਅਗਵਾਈ ਹੇਠ ਸਾਲ ਦੀਆਂ ਬਿਹਤਰੀਨ ਪੁਸਤਕਾਂ ਦੇ ਲੇਖਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਖ਼ਾਲਸਾ ਕਾਲਜ ਮਾਹਿਲਪੁਰ ਦੇ ਪੰਜਾਬੀ ਵਿਭਾਗ ਦੇ ਮੁੱਖੀ ਡਾ ਜੇ ਬੀ ਸੇਖੋਂ ਨੂੰ ਉਨਾਂ ਦੀ ਪੁਸਤਕ 'ਚੌਥਾ ਪਹਿਰ ਲਈ ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ.ਜਸਵੰਤ ਸਿੰਘ ਜ਼ਫ਼ਰ ਨੇ ਕੀਤੀ ਅਤੇ ਪੰਜਾਬੀ ਪੁਰਸਕਾਰ ਜੇਤੂ ਲੇਖਕਾਂ ਨੂੰ ਮੁਬਾਰਕਬਾਦ ਦਿੱਤੀ।

ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ, ਦਰਸ਼ਨ ਬੁੱਟਰ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਡਾ.ਆਤਮ ਰੰਧਾਵਾ, ਪ੍ਰਧਾਨ ਪੰਜਾਬ ਸਾਹਿਤ ਅਕੈਡਮੀ ਚੰਡੀਗੜ੍ਹ ਅਤੇ ਡਾ. ਸਰਬਜੀਤ ਸਿੰਘ, ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਮੁੱਖ ਮਹਿਮਾਨ ਡਾ.ਬਲਵੀਰ ਸਿੰਘ ਨੇ ਪੁਰਸਕਾਰ ਜੇਤੂ ਲੇਖਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਆਪਣੀ ਕਲਮ ਨਾਲ ਹੋਰ ਵਧੀਆ ਸਾਹਿਤ ਰਚਨ ਲਈ ਹੱਲਾਸ਼ੇਰੀ ਦਿੱਤੀ। ਇਸ ਮੌਕੇ ਡਾ ਜੇ ਬੀ ਸੇਖੋਂ ਨੇ ਕਿਹਾ ਕਿ ਪ੍ਰਿੰਸੀਪਲ ਤੇਜਾ ਸਿੰਘ ਵਰਗੇ ਵਿਦਵਾਨ ਲੇਖਕ ਦੇ ਨਾਮ 'ਤੇ ਪੁਰਸਕਾਰ ਦੀ ਪ੍ਰਾਪਤੀ ਹੋਣਾ ਉਨਾਂ ਲਈ ਜ਼ਿੰਦਗੀ ਦਾ ਸੁਨਹਿਰੀ ਮੌਕਾ ਹੈ। ਉਨਾਂ ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ। ਦੱਸਣਯੋਗ ਹੈ ਕਿ ਮੌਲਿਕ ਪੁਸਤਕਾਂ ਦੇ ਲੇਖਕ ਡਾ ਜੇ ਬੀ ਸੇਖੋਂ ਦਾ ਨਾਮ ਸਮਕਾਲ ਦੇ ਗਲਪ ਆਲੋਚਕਾਂ ਵਿੱਚ ਸ਼ੁਮਾਰ ਹੈ ਜਿਨਾਂ ਦੇ 60 ਤੋਂ ਵੱਧ ਖੋਜ ਪੱਤਰ ਵੱਖ ਵੱਖ ਸਾਹਿਤਕ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਇਲਾਕੇ ਦੇ ਸਾਹਿਤਕਾਰਾਂ ਅਤੇ ਵੱਖ ਵੱਖ ਸਿੱਖਿਅਕ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਡਾ ਸੇਖੋਂ ਨੂੰ ਇਸ ਪ੍ਰਾਪਤੀ 'ਤੇ ਸ਼ੁੱਭ ਕਾਮਨਾਵਾ ਦਿੱਤੀਆਂ।

# ਕੈਨੇਡਾ ਅੰਦਰ ਫਿਰਕੂ ਜ਼ਹਿਰ ਘੋਲਣ ਦੀ ਸਜਿਸ਼ ਪ੍ਰਤੀ ਸੁਚੇਤ ਰਹਿਣ ਦੀ ਲੋੜ : ਇਨਕਲਾਬੀ ਕੇਂਦਰ

**ਬਰਨਾਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਇੱਕ ਹਿੰਦੂ ਮੰਦਿਰ ਸਾਹਮਣੇ ਦੋ ਧਾਰਮਿਕ ਫਿਰਕਿਆਂ ਵਿਚਕਾਰ ਹੋਈਆਂ ਹਿੰਸਕ ਝੜਪਾਂ ਕਾਰਨ ਕੈਨੇਡਾ ਦੇ ਪ੍ਰਵਾਸੀ ਭਾਈਚਾਰਿਆਂ ਵਿੱਚ ਚਿੰਤਾ ਤੇ ਸਹਿਮ ਦਾ ਮਹੌਲ ਹੈ, ਇਸ ਸਹਿਮ ਨੂੰ ਸਰਕਾਰੀ ਤੇ ਭੜਕਾਊ ਮੀਡੀਆ ਨੇ ਹੋਰ ਭੜਕਾਅ ਦਿੱਤਾ ਹੈ। ਕੈਨੇਡਾ ਅੰਦਰਲੇ ਕੁੱਝ ਧਾਰਮਿਕ ਕੱਟੜਪੰਥੀ ਵਿਅਕਤੀ ਸਰਕਾਰਾਂ ਦੇ ਵੰਡਪਾਊ ਏਜੰਡੇ ਤਹਿਤ ਸਮਾਜ ਵਿੱਚ ਅਸ਼ਾਂਤੀ ਤੇ ਨਫਰਤ ਫੈਲਾਉਣ ਦਾ ਕਾਰਨ ਬਣ ਰਹੇ ਹਨ, ਜਦਕਿ ਆਮ ਲੋਕ ਫਿਰਕੂ ਮਸਲਿਆਂ ਤੋਂ ਕੋਹਾਂ ਦੂਰ ਹਨ। ਇਸ ਬਾਰੇ ਗੰਭੀਰ ਸਰੋਕਾਰ ਰੱਖਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਉਹਨਾਂ ਕਿਹਾ ਕਿ ਕਿਸੇ ਵੀ ਧਰਤੀ ਉੱਤੇ ਵਿਦੇਸ਼ੀ ਦਖਲਅੰਦਾਜੀ ਨਾਲ ਵੱਖਰੇ ਵਿਚਾਰਾਂ ਵਾਲੇ ਵਿਅਕਤੀਆਂ ਦਾ ਕਤਲ ਨਿੰਦਣਯੋਗ ਹੈ, ਉਹ ਚਾਹੇ ਕੈਨੇਡਾ-ਅਮਰੀਕਾ ਦੀ ਧਰਤੀ ਉਤੇ ਹੋਵੇ ਜਾਂ ਫ਼ਲਸਤੀਨ ਦੀ ਧਰਤੀ ਉਤੇ ਜਾਂ ਭਾਰਤ ਦੀ ਧਰਤੀ ਤੇ ਹੋਵੇ। ਸਰਕਾਰਾਂ ਆਪਸੀ ਸਹਿਯੋਗ ਅਤੇ ਨਿਆਂਇਕ ਤਰੀਕੇ ਨਾਲ ਕੂਟਨੀਤਿਕ ਮਸਲਿਆਂ ਨੂੰ ਨਜਿੱਠਣ ਦੀ ਬਜਾਇ ਇਸਤੇ ਸਿਆਸਤ ਕਰਨ 'ਚ ਲੱਗੀਆਂ ਹੋਈਆਂ ਹਨ। ਕਨੇਡਾ ਅਤੇ ਭਾਰਤ ਦੇਸ਼ਾਂ ਦੇ ਸਰਕਾਰੀ ਅਧਿਕਾਰੀਆਂ, ਸਰਕਾਰ ਪੱਖੀ ਮੀਡੀਆ ਤੇ ਉਹਨਾਂ ਦੀਆਂ ਪਿਛਲੱਗ ਫਿਰਕੂ ਸੰਸਥਾਵਾਂ ਨੇ ਕੂਟਨੀਤਿਕ ਬਿਆਨਬਾਜ਼ੀਆਂ ਕਰਕੇ ਮਹੌਲ ਨੂੰ ਜ਼ਹਿਰੀਲਾ ਕੀਤਾ ਹੋਇਆ ਹੈ। ਸਰਕਾਰੀ ਪ੍ਰਚਾਰ-ਪ੍ਰਾਪੇਗੰਡਾ ਤੇ ਕੂਟਨੀਤਿਕ ਬਿਆਨਬਾਜ਼ੀ ਨੇ ਕੈਨੇਡਾ ਵਿੱਚ ਵੱਸਦੇ ਵੱਖ-ਵੱਖ ਕੌਮੀ-ਕੌਮਾਂਤਰੀ ਭਾਈਚਾਰਿਆਂ ਵਿਚਕਾਰ ਫੁੱਟ ਪਾਉਣ ਅਤੇ ਨਫ਼ਰਤ ਫੈਲਾਉਣ ਦਾ ਕੰਮ ਕੀਤਾ ਹੈ। ਆਗੂਆਂ ਕਿਹਾ ਕਿ ਕੈਨੇਡਾ ਵਿੱਚ ਚੋਣਾਂ ਦਾ ਸਮਾਂ ਨੇੜੇ ਹੈ ਤੇ ਸਾਮਰਾਜੀ ਦਿਸ਼ਾ-ਨਿਰਦੇਸ਼ਤ ਨੀਤੀਆਂ ਕਾਰਨ ਪੈਦਾ ਹੋਏ ਉੱਥੋਂ ਦੇ ਲੋਕਾਂ ਦੇ ਮਹਿੰਗਾਈ, ਬੇਰੁਜ਼ਗਾਰੀ, ਟੈਕਸ ਬੋਝ, ਰਿਹਾਇਸ਼ੀ ਘਰਾਂ ਦਾ ਸੰਕਟ, ਸਿਹਤ ਸਹੂਲਤਾਂ ਦੀ ਘਾਟ ਆਦਿ ਬੁਨਿਆਦੀ ਮੁੱਦਿਆਂ ਵੱਲ ਧਿਆਨ ਦੇਣ ਦੀ ਬਜਾਇ ਟਰੂਡੋ ਸਰਕਾਰ ਲੋਕਾਂ ਨੂੰ ਕੂਟਨੀਤਿਕ ਵਿਵਾਦਾਂ ਵਿੱਚ ਉਲਝਾਅ ਰਹੀ ਹੈ।

# ਰੁੱਖਾਂ ਦੀ ਕਟਾਈ ਕਾਰਨ ਹੀ ਮਨੁੱਖ ਨੂੰ ਅੱਜ ਕੁਦਰਤੀ ਆਫ਼ਤਾਂ ਦਾ ਕਰਨਾ ਪੈ ਰਿਹਾ ਹੈ ਸਾਹਮਣਾ: ਬੰਨੀ ਚੈਹਿਲ



**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੂਵਕ ਸੇਵਾਵਾਂ ਕਲੱਬ ਰਣਜੀਤ ਨਗਰ ਦੇ ਚੇਅਰਮੈਨ ਅਤੇ ਸਰਪ੍ਰਸਤ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਕਿਹਾ ਕਿ ਇਨਸਾਨ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਸੀ ਜਿਸ ਦੇ ਚੱਲਦਿਆਂ ਹੁਣ ਮਨੁੱਖ ਨੂੰ ਕੁਦਰਤੀ ਆਫ਼ਤਾਂ ਜਿਵੇ ਕਿ ਸੋਕਾ, ਹੜਾ ਅਤੇ ਹੋਰ ਅਨੇਕਾਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਹਨਾਂ ਕੁਦਰਤੀ ਆਫ਼ਤਾਂ ਦੇ ਲਈ ਮਨੁੱਖ ਖ਼ੁਦ ਜ਼ਿੰਮੇਵਾਰ ਹੈ ਉਹਨਾਂ ਕਿਹਾ ਕਿ ਹਰ ਮਨੁੱਖ ਨੂੰ ਆਪਣਾ ਨੈਤਿਕ ਫਰਜ਼ ਸਮਝਦੇ ਹੋਏ ਸਾਲ ਵਿੱਚ ਘੱਟ ਤੋਂ ਘੱਟ ਦੱਸ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਕੁਦਰਤੀ ਆਫ਼ਤਾਂ ਤੋਂ ਆਪ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾ ਸਕਾਂਗੇ।

ਉਹਨਾਂ ਕਿਸਾਨਾ ਨੂੰ ਵੀ ਅਪੀਲ ਕੀਤੀ ਕਿ ਉਹੋ ਜੀਰੀ ਦੇ ਨਾੜ ਨੂੰ ਅੱਗ ਨਾ ਲਗਾਉਣ ਇਸ ਨਾਲ ਇਨਸਾਨ ਨੂੰ ਅਨੇਕਾਂ ਬੀਮਾਰੀਆਂ ਟੀ ਬੀ, ਕੈਂਸਰ, ਫੇਫੜਿਆਂ ਦੀ ਬੀਮਾਰੀ,ਸਾਹ ਦੀ ਬੀਮਾਰੀ ਅਤੇ ਹੋਰ ਅਨੇਕਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹਨਾਂ ਕਿਸਾਨਾ ਨੂੰ ਅਪੀਲ ਕੀਤੀ ਕਿ ਉਹੋ ਸਰਕਾਰ ਵਲੋਂ ਜੀਰੀ ਦੇ ਨਾੜ ਨੂੰ ਸੰਭਾਲਣ ਵਾਲੀ ਮਸੀਨਰੀ ਦੀ ਵਰਤੋਂ ਕਰਨ।

# ਫਤਿਹ ਸਿੰਘ ਬਾਦਲ ਵੱਲੋਂ ਗਿੱਦੜਬਾਹਾ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬਾ ਅਮ੍ਰਿਤਾ ਵੜਿੰਗ ਦੇ ਹੱਕ 'ਚ ਚੋਣ ਪ੍ਰਚਾਰ



**ਗਿੱਦੜਬਾਹਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਕਾਂਗਰਸ ਪਾਰਟੀ ਦੀ ਟਿਕਟ ਤੇ ਚੋਣ ਲੜ ਰਹੇ ਉਮੀਦਵਾਰ ਬੀਬਾ ਅੰਮ੍ਰਿਤਾ ਵੜਿੰਗ ਦੇ ਚੋਣ ਪ੍ਰਚਾਰ ਨੂੰ ਲੈ ਕੇ ਹਲਕੇ ਦੇ ਪਿੰਡ ਮਧੀਰ ਦੇ ਵਿੱਚ ਡੋਰ ਟੂ ਡੋਰ ਜਾ ਕੇ ਚੋਣ ਪ੍ਰਚਾਰ ਕਰ ਰਹੇ ਸ ਫਤਿਹ ਸਿੰਘ ਬਾਦਲ ਪੁੱਤਰ ਸ ਮਹੇਸ਼ਇੰਦਰ ਸਿੰਘ ਬਾਦਲ ਜੋ ਕਿ ਵਿਧਾਨ ਸਭਾ ਹਲਕਾ ਲੰਬੀ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਹਨ ਕਾਂਗਰਸ ਪਾਰਟੀ ਵੱਲੋਂ ਉਨ੍ਹਾਂ ਦੀ ਡਿਊਟੀ ਗਿੱਦੜਬਾਹਾ ਹਲਕੇ ਦੇ ਪਿੰਡ ਮਧੀਰ ਦੇ ਵਿੱਚ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬਾ ਅੰਮ੍ਰਿਤਾ ਵੜਿੰਗ ਧਰਮ ਪਤਨੀ। ਸ ਅਮਰਿੰਦਰ ਸਿੰਘ ਰਾਜਾ ਵੜਿੰਗ ਪੰਜਾਬ ਕਾਂਗਰਸ ਪ੍ਰਧਾਨ ਵੱਲੋਂ ਚੋਣ ਪ੍ਰਚਾਰ ਕਰਨ ਦੇ ਲਈ ਲਗਾਈ ਗਈ ਹੈ ਜਿਸ ਨੂੰ ਲੈ ਕੇ ਅੱਜ ਫਤਿਹ ਸਿੰਘ ਬਾਦਲ ਵੱਲੋਂ ਮਧੀਰ ਪਿੰਡ ਦੇ ਵਿੱਚ ਡੋਰ ਟੂ ਡੋਰ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ ਅਤੇ ਲੋਕਾਂ ਨੂੰ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬਾ ਅਮ੍ਰਿਤਾ ਵੜਿੰਗ ਦੇ ਹੱਕ ਦੇ ਵਿੱਚ ਵੋਟਾ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਤੇ ਬਹਾਦਰ ਸਿੰਘ ਗਰੇਵਾਲ ਸਾਬਕਾ ਸਰਪੰਚ ਪਿੰਡ ਬਾਂਡੀ, ਹਰਜਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਪੰਜਾਵਾਂ ਲੰਬੀ, ਲਾਲੀ ਬਨਵਾਲਾ, ਮੋਹਨ ਸਿੰਘ ਮੈਂਬਰ ਪੰਚ ਪਿੰਡ ਖਿਉਵਾਲੀ, ਸ਼ਿਵ ਲਾਲ ਪਿੰਡ ਮਾਨਾ,ਨੀਲਾ ਸਿੰਘ ਮਾਨ ਪਿੰਡ ਮਾਨਾ,ਰੋਮੀ ਲੰਬੀ, ਅਤੇ ਪਿੰਡ ਮਧੀਰ ਦੇ ਆਗੂ ਅਤੇ ਵਰਕਰ ਵੀ ਭਾਰੀ ਮਾਤਰਾ ਦੇ ਵਿੱਚ ਹਾਜ਼ਰ ਸਨ।

# ਉੱਘੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਦੇ 63ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਲਗਾਇਆ ਵਿਸ਼ਾਲ ਖ਼ੂਨਦਾਨ ਕੈਂਪ



**ਮਾਛੀਵਾੜਾ ਸਾਹਿਬ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਕਾਰਜਾਂ ਵਿੱਚ ਜੁਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਐਨ.ਜੀ.ਓ ਵੱਲੋਂ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਦੇ 63ਵੇਂ ਜਨਮਦਿਨ ਦੀ ਖੁਸ਼ੀ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਜਾਣਕਾਰੀ ਦਿੰਦਿਆਂ ਐਨ.ਜੀ.ਓ ਮੈਂਬਰ ਜਗਦੀਸ਼ ਚਾਨਣਾ, ਮਿੰਕੂ ਹੰਸ, ਪਰਮਦੀਪ ਪਾਲ ਸਿੰਘ ਅਤੇ ਲਵਰੀਸ਼ ਸ਼ਰਮਾ ਨੇ ਦੱਸਿਆ ਕਿ ਐਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਲਾਏ ਇਸ ਕੈਂਪ ਵਿੱਚ 122 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ। ਇਹ ਕੈਂਪ ਐਚ.ਡੀ.ਐਫ.ਸੀ ਬੈਂਕ ਬ੍ਰਾਂਚ ਮਾਛੀਵਾੜਾ ਦੇ ਬ੍ਰਾਂਚ ਓਪਰੇਸ਼ਨ ਮੈਨੇਜਰ ਦਮਨਦੀਪ ਸਿੰਘ ਅਤੇ ਪਰਮਿੰਦਰ ਸਿੰਘ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਅਤੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਖ਼ੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਉਨਾਂ ਨੂੰ ਸਨਮਾਨਿਤ ਕੀਤਾ। ਖੀਰਨੀਆਂ ਅਤੇ ਰਾਜਾ ਗਿੱਲ ਨੇ ਕਿਹਾ ਕਿ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਵੱਧ ਤੋਂ ਵੱਧ ਖ਼ੂਨਦਾਨ ਕਰੋ। ਤੁਹਾਡੇ ਵੱਲੋਂ ਦਾਨ ਕੀਤਾ ਖ਼ੂਨ ਬੇਸ਼ਕੀਮਤੀ ਜਾਨਾਂ ਬਚਾਉਣ ਵਿੱਚ ਸਹਾਈ ਹੁੰਦਾ ਹੈ। ਉਨਾਂ ਐਨ.ਜੀ.ਓ ਵੱਲੋਂ ਕੀਤੇ ਸਾਰੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਕੈਂਪ ਲਈ ਸ਼ਿਵਲੀ ਅਤੇ ਐਨ.ਜੀ.ਓ ਟੀਮ ਦੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ ਕਿ ਇਸ ਕੈਂਪ ਲਈ ਲੋਕਾਂ ਵਿੱਚ ਖ਼ੂਨ ਦਾਨ ਕਰਨ ਪ੍ਰਤੀ ਇਨਾ ਜਿਆਦਾ ਉਤਸ਼ਾਹ ਦੇਖਿਆ ਗਿਆ ਕਿ ਇਹ ਕੈਂਪ ਦੇਰ ਸ਼ਾਮ ਤੱਕ ਚੱਲਦਾ ਰਿਹਾ। ਇਹਨਾਂ ਦੀ ਐਨ.ਜੀ.ਓ ਟੀਮ ਦਾ ਲੋਕਾਂ ਵਿੱਚ ਇੰਨਾ ਜਿਆਦਾ ਪਿਆਰ ਦੇਖਿਆ ਗਿਆ ਕੈਂਪ ਖਤਮ ਹੋਣ ਦੇ ਬਾਵਜੂਦ ਵੀ ਖ਼ੂਨਦਾਨੀ ਖ਼ੂਨ ਦਾਨ ਕਰਨ ਲਈ ਪਹੁੰਚਦੇ ਰਹੇ। ਇਸ ਮੌਕੇ ਬਾਬਾ ਬੂਟਾ ਸਿੰਘ ਖਾਲਸਾ ਈਸਾਪੁਰ ਵਾਲਿਆਂ ਵੱਲੋਂ ਪ੍ਰਧਾਨ ਸ਼ਿਵਲੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ 11 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਅਤੇ ਸੂਟ ਵੀ ਵੰਡੇ ਗਏ।

ਇਸ ਮੌਕੇ ਐਨ.ਜੀ.ਓ ਵੱਲੋਂ ਖ਼ੂਨਦਾਨ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾਉਣ ਵਾਲੀਆ ਚਾਰ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ, ਜਿਨਾਂ ਵਿੱਚ ਐਂਬੂਲੈਂਸ ਸੇਵਾਵਾਂ ਦੇਣ ਵਾਲੇ ਸਤੀਸ਼ ਕੁਮਾਰ ਨੂੰ 78 ਵਾਰ, ਦਿਲਦੀਪ ਪ੍ਰਕਾਸ਼ਨ ਸਮਰਾਲਾ ਦੇ ਮੁਖੀ ਲੇਖਕ ਦੀਪ ਦਿਲਬਰ ਨੂੰ 76 ਵਾਰ, ਪੱਤਰਕਾਰ ਅੰਮ੍ਰਿਤਪਾਲ ਸਮਰਾਲਾ ਨੂੰ 67 ਵਾਰ, ਉੱਘੇ ਸਮਾਜ ਸੇਵੀ ਸ਼ੰਕਰ ਕਲਿਆਣ ਨੂੰ 55 ਵਾਰ ਖ਼ੂਨਦਾਨ ਕਰਨ ਬਦਲੇ ਸਨਮਾਨਿਤ ਵੀ ਕੀਤਾ ਗਿਆ। ਸ਼ਿਵਲੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਆਪਣੇ ਜਨਮ ਦਿਨ, ਵਿਆਹ ਵਰੇਗੰਢ ਜਾਂ ਬਰਸੀ ਮੌਕੇ ਵੱਧ ਤੋਂ ਵੱਧ ਖ਼ੂਨਦਾਨ ਕੈਂਪ ਲਗਾਓ ਤਾਂ ਜੋ ਲੋੜਵੰਦਾਂ ਦੀ ਮਦਦ ਹੋ ਸਕੇ,ਉਨਾਂ ਨੇ ਆਏ ਹੋਏ ਸਾਰੇ ਹੀ ਮਹਿਮਾਨਾਂ ਦਾ ਆਪਣੇ ਅਤੇ ਐਨ.ਜੀ.ਓ ਟੀਮ ਵੱਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਸਾਰਿਆਂ ਵੱਲੋਂ ਦਿੱਤੇ ਇੰਨੇ ਪਿਆਰ ਲਈ ਹਮੇਸ਼ਾ ਰਿਣੀ ਰਹਾਂਗਾ।

ਇਸ ਮੌਕੇ ਇੰਸਪੈਕਟਰ ਕੁਲਜੀਤ ਸਿੰਘ ਗਿੱਲ, ਇੰਸਪੈਕਟਰ ਗੁਰਪ੍ਰਤਾਪ ਸਿੰਘ, ਸਬ ਇੰਸਪੈਕਟਰ ਪ੍ਰਗਟ ਸਿੰਘ, ਸਬ ਇੰਸਪੈਕਟਰ ਖੁਸ਼ਵਿੰਦਰ ਕੌਰ, ਮੈਡੀਕਲ ਅਫ਼ਸਰ ਡਾ.ਦਵਿੰਦਰ ਕੁਮਾਰ ਵਰਮਾ, ਤੇਜਿੰਦਰ ਸਿੰਘ ਕੂਨਰ, ਹਰਜਤਿੰਦਰ ਸਿੰਘ ਬਾਜਵਾ, ਪੀਏ ਹਰਚੰਦ ਸਿੰਘ, ਗੁਰਮੁਖ ਸਿੰਘ, ਬਚਨ ਸਿੰਘ, ਅਕਾਲੀ ਆਗੂ ਜਸਪਾਲ ਸਿੰਘ ਜੱਜ, ਹਰਜੋਤ ਸਿੰਘ ਮਾਂਗਟ, ਬਲਾਕ ਮੀਡੀਆ ਇੰਚਾਰਜ ਕਾਂਗਰਸ ਵਿਨੀਤ ਕੁਮਾਰ ਝੜੌਦੀ, ਹਰਿੰਦਰ ਸਿੰਘ, ਪਰਮਿੰਦਰ ਸਿੰਘ ਗੁਲਿਆਣੀ, ਭੁਪਿੰਦਰ ਸਿੰਘ ਕਾਹਲੋਂ, ਚੇਅਰਮੈਨ ਛਿੰਦਰਪਾਲ ਹਿਯਾਤਪੁਰਾ, ਬਲਵਿੰਦਰ ਸਿੰਘ ਝੜੌਦੀ, ਪਰਮਜੀਤ ਕੌਰ, ਹਰਚਰਨਜੀਤ ਸਿੰਘ, ਨੀਰਜ ਸਿਹਾਲਾ, ਰਾਜ ਕਮਲ ਸਿੰਘ ਗਿੱਲ, ਰਜਿੰਦਰ ਸਿੰਘ (ਸਾਰੇ ਸਰਪੰਚ), ਰੂਪਾ ਝੜੌਦੀ, ਕੁਲਵਿੰਦਰ ਸਿੰਘ ਮਾਣੇਵਾਲ, ਕਰਨੈਲ ਸਿੰਘ, ਸੁਖਵਿੰਦਰ ਸਿੰਘ ਭੱਟੀਆਂ, ਸੁੱਖਾ ਮਾਨ ਪਵਾਤ, ਆਪ ਆਗੂ ਜਗਮੀਤ ਸਿੰਘ ਮੱਕੜ, ਬਲਵਿੰਦਰ ਸਿੰਘ ਬਿੰਦਰ, ਲਾਲੀ ਸਮਰਾਲਾ, ਐਡਵੋਕੇਟ ਪਰਵਿੰਦਰ ਸਿੰਘ ਗਿੱਲ, ਐਡਵੋਕੇਟ ਕੁਲਦੀਪ, ਐਡਵੋਕੇਟ ਦੀਪਕ ਸ਼ਰਮਾ, ਮੈਨੇਜਰ ਕਲਿਆਣ ਜਿਊਲਰਜ਼ ਮੋਹਿਤ ਸ਼ਰਮਾ, ਪ੍ਰਿੰਸੀਪਲ ਸਰਜੀਤ ਸਿੰਘ ਬਾਜਵਾ, ਨਿਰੰਜਨ ਸੂਖਮ, ਦਰਸ਼ਨ ਲਾਲ ਜੈਨ, ਇੰਦਰਜੀਤ ਸਿੰਘ ਮੱਲੀ, ਬਲਜਿੰਦਰ ਸਿੰਘ ਤੂਰ, ਸੈਂਨਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਨੰਬਰਦਾਰ ਰੋਸ਼ਨ ਲਾਲ ਹੰਸ, ਲਾਲੀ ਪਾਮੇ, ਪਰਮਜੀਤ ਸਿੰਘ, ਏ.ਐਸ.ਆਈ ਕਰਨੈਲ ਸਿੰਘ, ਏ.ਐਸ.ਆਈ ਸੰਜੀਵ ਕੁਮਾਰ, ਰਾਜ ਕੌਰ,ਪੱਤਰਕਾਰ ਗੁਰਦੀਪ ਸਿੰਘ ਟੱਕਰ, ਸੁਸ਼ੀਲ ਸ਼ਰਮਾ, ਗੁਰਦੀਪ ਸਿੰਘ ਚੌਹਾਨ, ਹਰਪ੍ਰੀਤ ਸਿੰਘ ਕੈਲੇ, ਗੁਰਦੀਪ ਮਾਨ, ਦੀਪਕ ਚਾਨਣਾ, ਹਰਬੰਸ ਲਾਲ ਚਾਨਣਾ ਜਗਤਾਰ ਸਿੰਘ ਜੱਸੋਵਾਲ, ਭੁਪਿੰਦਰ ਸਿੰਘ, ਪ੍ਰੀਤ ਸਿੰਘ ਮਹਿਰਾ, ਜਸਵੀਰ ਸਿੰਘ, ਮੇਜਰ ਸਿੰਘ, ਸਰਪੰਚ ਰਾਜਨ, ਕਰਨੈਲ ਸਿੰਘ, ਸਿਮਰਨਜੀਤ ਸਿੰਘ ਗੋਗੀਆ, ਜਗਦੀਪ ਸਿੰਘ ਝੱਜ, ਪੰਡਿਤ ਅਨੁਜ ਸ਼ਾਸਤਰੀ, ਪ੍ਰੋ ਬਲਦੀਪ ਕੌਰ, ਨਿਧੀ ਸ਼ਰਮਾ, ਮਨਪ੍ਰੀਤ ਸਿੰਘ, ਜਸ਼ਨ ਪਾਮੇ, ਨੀਰਜ ਮੱਟੂ, ਬਿੰਨੀ ਸਹੋਤਾ, ਗੁਰਜੰਟ ਸਿੰਘ ਜੰਟਾ, ਸੁਸ਼ੀਲ ਮੱਟੂ, ਭਾਰਗਵ ਚਾਨਣਾ, ਸਾਹਿਲ ਚਾਨਣਾ ਆਦਿ ਹਾਜ਼ਰ ਸਨ।

# ਆਜ਼ਾਦ ਉਮੀਦਵਾਰ ਵਜੋਂ ਜਿਮਨੀ ਚੋਣ ਲੜ ਰਹੇ ਮਨੀਸ਼ ਵਰਮਾ ਦਾ ਚੋਣ ਪ੍ਰਚਾਰ ਜ਼ੋਰਾਂ 'ਤੇ



**ਗਿੱਦੜਬਾਹਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿੱਦੜਬਾਹਾ ਹਲਕੇ ਚੋ 20 ਨਵੰਬਰ 2024 ਨੂੰ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹੈ ਜਿਸ ਵਿਚ ਕਈ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿਚ ਹਨ ਉਥੇ ਹੀ ਕਈ ਆਜ਼ਾਦ ਉਮੀਦਵਾਰ ਵਜੋਂ ਵੀ ਚੋਣ ਮੈਦਾਨ ਦੇ ਵਿੱਚ ਆਪਣੀ ਕਿਸਮਤ ਅਜਮਾ ਰਹੇ ਹਨ ਉੱਥੇ ਹੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਮਨੀਸ਼ ਵਰਮਾ ਉਰਫ਼ ਮੀਨੂੰ ਭਾਂਡਾ ਵੱਲੋਂ ਵੀ ਆਪਣਾ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਨੂੰ ਲੈ ਕੇ ਮੰਡੀ ਦੇ ਅੰਦਰ ਮੁਹੱਲਿਆਂ ਦੇ ਅੰਦਰ ਸ਼ਹਿਰ ਦੇ ਬਾਜ਼ਾਰ ਦੇ ਵਿੱਚ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਮਨੀਸ਼ ਵਰਮਾ ਨੂੰ ਭਰਮਾ ਹੁੰਗਾਰਾ ਮਿਲ ਰਿਹਾ ਹੈ ਲੋਕਾਂ ਵੱਲੋਂ ਗਿੱਦੜਬਾਹਾ ਦੇ ਵੋਟਰਾਂ ਵੱਲੋਂ ਜਿਸ ਪਾਸੇ ਵੀ ਜਾਂਦੇ ਨੇ ਇੱਕ ਹਵਾ ਜਿਹੀ ਬਣਦੀ ਜਾਂਦੀ ਹੈ ਜਿਵੇਂ ਇੰਜ ਲੱਗਦਾ ਹੈ 20 ਨਵੰਬਰ ਨੂੰ ਵੋਟਾਂ ਵਾਲੇ ਦਿਨ ਇੱਕ ਹਨੇਰੀ ਜਿਹੀ ਆਵੇਗੀ ਇਨਾ ਸਿਆਸੀ ਲੀਡਰਾਂ ਨੂੰ ਉੜਾ ਕੇ ਲੈ ਜਾਵੇਗੀ ਉਹ ਹਨੇਰੀ ਮਨੀਸ਼ ਵਰਮਾ ਨੂੰ ਗਿੱਦੜਬਾਹਾ ਦਾ ਵਿਧਾਇਕ ਬਣਾਈ ਗਈ ਕਿਉਂਕਿ ਜੋ ਮਨੀਸ਼ ਵਰਮਾ ਗਰੀਬ ਲੋਕਾਂ ਦੀ ਆਵਾਜ਼ ਬਣ ਕੇ ਚੋਣ ਮੈਦਾਨ ਦੇ ਵਿੱਚ ਉਤਰਿਆ ਹੈ ਗਰੀਬ ਲੋਕਾਂ ਵੱਲੋਂ ਭਰਮਾ ਹੁੰਗਾਰਾ ਦਿੱਤਾ ਜਾ ਰਿਹਾ ਹੈ ਇੱਕੋ ਹੀ ਹੈ ਗੱਲ ਲੋਕ ਇਸ ਵਾਰ ਮਨੀਸ਼ ਵਰਮਾ ਦੇ ਨੇ ਵੱਲ ਕਹਿੰਦੇ ਵੋਟਾਂ ਪਾਵਾਂਗੇ ਜਰੂਰ ਚਾਹੇ ਆਜ਼ਾਦ ਹੈ ਉਮੀਦਵਾਰ ਮਨੀਸ਼ ਵਰਮਾ ਉਰਫ ਮੀਨੂੰ ਭਾਂਡਾ ਲੋਕਾਂ ਦੀ ਸੇਵਾ ਕਰਨ ਦਾ ਦੇਣਗੇ ਲੋਕ ਮੌਕਾ ਗਲੀ ਗਲੀ ਚ ਦਿੰਦੇ ਫਿਰਦੇ ਨੇ ਲੋਕ ਇਹ ਹੋਕਾ ਮਨੀਸ਼ ਵਰਮਾ ਨੂੰ ਦੇਵਾਂਗੇ ਇਸ ਵਾਰ ਮੌਕਾ ਦੇ ਕੇ ਲੋਕਾਂ ਅਜਮਾਣਾ ਹੈ ਕਈਆਂ ਨੂੰ ਕਈ ਵਾਰ ਪਾਈਆਂ ਨੇ ਵੋਟਾਂ ਪਾ ਕੇ ਜੇਤੂ ਬਣਾਇਆ ਹੈ ਪਰ ਸਾਡੇ ਬੱਚਿਆਂ ਦਾ ਭਵਿੱਖ ਕਿਸੇ ਨੇ ਨਹੀਂ ਬਣਾਇਆ। ਇਸ ਵਾਰ ਲੋਕਾਂ ਨੇ ਮਨ ਹੈ ਬਣਾਇਆ ਬੱਚਿਆਂ ਦੇ ਭਵਿੱਖ ਲਈ ਮਨੀਸ਼ ਵਰਮਾ ਕਰੇਗਾ ਕੋਈ ਮਸਲੇ ਹੱਲ ਕੋਈ ਇੰਡਸਟਰੀ ਕੋਈ ਰੁਜ਼ਗਾਰ ਦੇ ਕਰੇਗਾ ਮਸਲੇ ਹੱਲ ਤੁਰ ਪਏ ਨੇ ਲੋਕ ਮਨੀਸ਼ ਵਰਮਾ ਵੱਲ ਇੱਕ ਵਾਰ ਜੇ ਦਿੱਤਾ ਮੌਕਾ ਗਿੱਦੜਬਾਹਾ ਵਾਲਿਆਂ ਨੂੰ ਨਹੀਂ ਦੇਵਾਂਗਾ ਮੈਂ ਧੋਖਾ ਜਿਨ੍ਹਾਂ ਨੇ ਦਿੱਤੇ ਹੈ ਧੋਖੇ ਹੁਣ ਫਿਰ ਭਾਲਦੇ ਆ ਮੌਕੇ ਜਿਨਾਂ ਨੇ ਝੂਠੇ ਕਿਰਾਏ ਪਰਚੇ ਜਾਇਦਾਤਾਂ ਤੇ ਕਬਜ਼ੇ ਕੀਤੇ ਕਾਰੋਬਾਰ ਚ ਹਿੱਸੇ ਪਾਏ ਮੰਡੀ ਦੇ ਕਈ ਵਪਾਰੀ ਵੀ ਖੂੰਜੇ ਲਾਏ ਪਰ ਕਈ ਲੋਕ ਨੇ ਐਸੇ ਜਿਹੜੇ ਫਿਰ ਵੀ ਫਿਰਦੇ ਨੇ ਉਹਨਾਂ ਦੇ ਨਾਲ ਜਿਨਾਂ ਨੇ ਮੰਡੀ ਦੇ ਵਪਾਰੀਆਂ ਦਾ ਕਰਤਾ ਕਾਰੋਬਾਰ ਖਰਾਬ ਜਿਹੜੇ ਫਿਰਦੇ ਨੇ ਨਾਲ ਉਹ ਪਿੱਛੋਂ ਪਛਤਾਉਣਗੇ ਫਿਰ ਇਹ ਵੇਲਾ ਹੱਥ ਨਹੀਂ ਆਉਣਾ ਮੀਨੂੰ ਭਾਂਡਾ ਪਊ ਜਿਤਾਉਣਾ ਜੇ ਗਿੱਦੜਬਾਹਾ ਮੰਡੀ ਦੇ ਵਿੱਚ ਵਧੀਆ ਕਾਰੋਬਾਰ ਹੈ ਚਲਾਉਣਾ ਮਨੀਸ਼ ਵਰਮਾ ਮੀਨੂੰ ਭਾਂਡਾ ਗਿੱਦੜਬਾਹਾ ਹਲਕੇ ਦਾ ਐਮਐਲਏ ਪਊ ਬਣਾਉਣਾ ਯਾਦ ਰੱਖਿਓ ਇਹ ਗੱਲਾਂ ਮੇਰੀਆਂ ਮੰਡੀ ਤਾਂ ਪਹਿਲਾਂ ਹੀ ਕਰਤੀ ਬਰਬਾਦ ਇਹਨਾਂ ਸਿਆਸੀ ਲੀਡਰਾਂ ਨੇ ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਜਿਹੜੇ ਅੱਜ ਫਿਰਦੇ ਨੇ ਵੋਟਾਂ ਮੰਗਦੇ ਇਸ ਵਾਰ ਲੋਕਾਂ ਨੇ ਮਨੀਸ਼ ਵਰਮਾ ਨੂੰ ਦੇਣਾ ਹੈ ਮੌਕਾ ਜਿਹਨੇ ਕਰਨਾ ਨਹੀਂ ਇਹਨਾਂ ਨਾਲ ਧੋਖਾ ਜੋ ਗੱਲ ਕਵੇਗਾ ਉਹ ਪੂਰੀ ਕਰੇਗਾ ਜਿਹੜੇ ਲੋਕ ਇਹਨਾਂ ਸਿਆਸੀ ਪਾਰਟੀਆਂ ਵਾਲਿਆਂ ਨਾਲ ਤੁਰੇ ਨੇ ਫਿਰਦੇ ਕਿੰਨਾਂ ਨੂੰ ਅਫਸਰ ਲਵਾਤਾ ਕੋਈ ਕਹਿ ਦੇਵੇ ਵੀ ਸਾਨੂੰ ਤਾਂ ਕਿਸੇ ਨੂੰ ਨੌਕਰੀ ਤੇ ਲਾ ਤਾ ਇਹ ਸਿਰਫ ਵੋਟਾਂ ਲੈਣ ਲਈ ਸਿਆਸੀ ਪਾਰਟੀਆਂ ਵਾਲੇ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਕੰਮ ਕੋਈ ਨਹੀਂ ਕੀਤਾ ਜਾਂਦਾ।

# ਤਿੰਨ ਕੈਬਨਿਟ ਮੰਤਰੀਆਂ ਦੀ ਅਗਵਾਈ ਹੇਠ ਪੰਜਾਬ ਦੇ ਵਫਦ ਵੱਲੋਂ ਕੇਂਦਰੀ ਮੰਤਰੀ ਖੱਟਰ ਨਾਲ ਮੀਟਿੰਗ: ਬਿਜਲੀ ਤੇ ਸ਼ਹਿਰੀ ਖੇਤਰ ਨਾਲ ਸਬੰਧੀ ਆਪਣਾ ਪੱਖ ਰੱਖਿਆ

**➢ ਬੀ.ਬੀ.ਐਮ.ਬੀ. ਵਿੱਚ ਬਿਜਲੀ ਮੈਂਬਰ ਪੰਜਾਬ ਤੋਂ ਲਗਾਉਣ ਦੀ ਰਵਾਇਤ, ਸ਼ਾਨਨ ਪ੍ਰਾਜੈਕਟ 'ਤੇ ਪੰਜਾਬ ਦਾ ਹੱਕ ਜਤਾਇਆ ➢ ਕੇਂਦਰੀ ਪਲਾਂਟਾਂ ਤੋਂ ਲੰਬੇ ਸਮੇਂ ਲਈ ਬਿਜਲੀ ਲੈਣੀ ਅਤੇ ਸੋਲਰ ਪੰਪਾਂ ਦੀ ਕਪੈਸਟੀ ਵਧਾਉਣ ਦੀ ਰੱਖੀ ਮੰਗ**

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੇ ਕੇਂਦਰ ਨਾਲ ਜੁੜੀਆਂ ਬਿਜਲੀ ਤੇ ਸ਼ਹਿਰੀ ਖੇਤਰ ਨਾਲ ਸਬੰਧਤ ਸੂਬੇ ਦੀਆਂ ਮੰਗਾਂ ਬਾਰੇ ਕੇਂਦਰ ਸਰਕਾਰ ਅੱਗੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਿਆ ਹੈ। ਅੱਜ ਇਥੇ ਪੰਜਾਬ ਭਵਨ ਵਿਖੇ ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆ, ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ., ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ.ਰਵਜੋਤ ਸਿੰਘ ਦੀ ਅਗਵਾਈ ਹੇਠ ਸੂਬਾ ਸਰਕਾਰ ਦੇ ਵਫਦ ਵੱਲੋਂ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਦਲੀਲਾਂ ਅਤੇ ਤੱਥਾਂ ਸਮੇਤ ਆਪਣੀਆਂ ਮੰਗਾਂ ਰੱਖੀਆਂ ਜਿਸ ਉਤੇ ਕੇਂਦਰੀ ਮੰਤਰੀ ਨੇ ਪੰਜਾਬ ਦੇ ਪੱਖਾਂ ਉਤੇ ਸਕਰਤਾਮਕ ਰੁਖ ਅਪਣਾਉਣ ਦਾ ਵਿਸ਼ਵਾਸ ਦਿਵਾਇਆ।



ਅੱਜ ਬਿਜਲੀ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗਾਂ ਦੇ ਕੇਂਦਰ ਸਰਕਾਰ ਨਾਲ ਜੁੜੇ ਮਾਮਲਿਆਂ ਬਾਰੇ ਤਾਲਮੇਲ ਕਮੇਟੀ ਦੀ ਮੀਟਿੰਗ ਸੀ। ਪੰਜਾਬ ਦੇ ਕੈਬਨਿਟ ਮੰਤਰੀਆਂ ਨੇ ਆਖਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਰਹੀ ਹੈ। ਦੋਵਾਂ ਵਿਭਾਗਾਂ ਨਾਲ ਸਬੰਧਤ ਕੇਂਦਰ ਕੋਲ ਲੰਬਿਤ ਮੰਗਾਂ ਨੂੰ ਜਲਦ ਪੂਰਾ ਕੀਤਾ ਜਾਵੇ।

ਪੰਜਾਬ ਨੇ ਕੇਂਦਰ ਅੱਗੇ ਮੰਗ ਰੱਖੀ ਕਿ ਭਾਖੜਾ ਬਿਆਸ ਪ੍ਰਬੰਧਕ ਬੋਰਡ (ਬੀ.ਬੀ.ਐਮ.ਬੀ.) ਵਿੱਚ ਪੰਜਾਬ ਸੂਬੇ ਤੋਂ ਬਿਜਲੀ ਮੈਂਬਰ ਲਗਾਉਣ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਸਾਲ 2022 ਵਿੱਚ ਸੋਧ ਕੀਤੇ ਨਿਯਮਾਂ ਨੂੰ ਬਦਲਣ ਦੀ ਮੰਗ ਰੱਖੀ। ਪੰਜਾਬ ਦਾ ਕਹਿਣਾ ਸੀ ਕਿ ਨਵੀਆਂ ਸ਼ਰਤਾਂ ਅਨੁਸਾਰ ਸੂਬੇ ਵਿੱਚੋਂ ਕੋਈ ਵੀ ਯੋਗਤਾ ਵਾਲਾ ਉਮੀਦਵਾਰ ਨਹੀਂ ਮਿਲੇਗਾ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਸ਼ਾਨਨ ਪ੍ਰਾਜੈਕਟ 'ਤੇ ਪੰਜਾਬ ਨੇ ਆਪਣਾ ਪੂਰਾ ਹੱਕ ਜਤਾਉਂਦਿਆਂ ਕਿਹਾ ਕਿ ਪੰਜਾਬ ਪੁਨਰਗਠਨ ਕਾਨੂੰਨ ਤਹਿਤ ਇਸ ਉਪਰ ਪੰਜਾਬ ਦਾ ਹੀ ਹੱਕ ਬਣਦਾ ਹੈ। ਵੱਧ ਬਿਜਲੀ ਦੀ ਲੋੜ ਅਤੇ ਪੰਜਾਬ ਦੀ ਹਾਈਡਲ ਤੇ ਥਰਮਲ ਬਿਜਲੀ ਪ੍ਰਾਜੈਕਟਾਂ ਦੀ ਸੀਮਤ ਸਮਰੱਥਾ ਨੂੰ ਦੇਖਦਿਆਂ ਪੰਜਾਬ ਨੇ ਮੰਗ ਰੱਖੀ ਕਿ ਕੇਂਦਰੀ ਪਲਾਂਟਾਂ ਤੋਂ ਲੰਬੇ ਸਮੇਂ ਲਈ ਪੰਜਾਬ ਨੂੰ ਬਿਜਲੀ ਮੁਹੱਈਆ ਕਰਵਾਈ ਜਾਵੇ।

ਮੀਟਿੰਗ ਦੌਰਾਨ ਪੰਜਾਬ ਨੇ ਸੌਰ ਊਰਜਾ ਨੂੰ ਉਤਸ਼ਾਹਤ ਕਰਨ ਲਈ ਖੇਤੀਬਾੜੀ ਲਈ ਸਬਸਿਡੀ ਵਾਲੇ ਸੋਲਰ ਪੰਪਾਂ ਦੀ ਕਪੈਸਟੀ ਵਧਾਉਣ ਦੀ ਮੰਗ ਰੱਖਦਿਆਂ ਇਸ ਨੂੰ ਘੱਟੋ-ਘੱਟ 15 ਹਾਰਸ ਪਾਵਰ ਕੀਤਾ ਜਾਵੇ। ਪੰਜਾਬ ਦੀਆਂ ਖਾਣਾਂ ਤੋਂ ਸੂਬੇ ਵਿੱਚ ਤਲਵੰਡੀ ਸਾਬੋ, ਨਾਭਾ ਸਥਿਤ ਪ੍ਰਾਈਵੇਟ ਥਰਮਲ ਪਲਾਂਟਾਂ ਲਈ ਕੋਲਾ ਤਬਦੀਲ ਕਰਨ ਦੀ ਇਜਾਜ਼ਤ ਦੀ ਵੀ ਮੰਗ ਰੱਖੀ ਗਈ। ਨਵਿਆਉਣ ਯੋਗ ਊਰਜਾ ਨੂੰ ਉਤਸ਼ਾਹਤ ਕਰਨ ਲਈ ਸੱਤ ਪੈਸਾ ਪ੍ਰਤੀ ਯੂਨਿਟ ਦੇ ਵਪਾਰਕ ਮਾਰਜ਼ਨ ਵਿੱਚ ਕਮੀ ਦੀ ਮੰਗ ਰੱਖੀ ਗਈ। ਪੰਜਾਬ ਨੇ ਆਰ.ਡੀ.ਐਸ.ਐਸ. ਸਕੀਮ ਵਿੱਚ ਦੀ ਸਮਾਂ ਸੀਮਾ ਵਧਾਉਣ ਦੀ ਵੀ ਮੰਗ ਕੀਤੀ ਕਿਉਂਕਿ ਪੰਜਾਬ ਵਿੱਚ ਇਹ ਸਕੀਮ ਦੇਰੀ ਨਾਲ ਸ਼ੁਰੂ ਹੋਈ ਹੈ। ਝੋਨੇ ਦੀ ਪਰਾਲੀ ਤੋਂ ਬਿਜਲੀ ਪੈਦਾ ਕਰਨ ਲਈ ਲਗਾਏ ਜਾਣ ਵਾਲੇ ਪਲਾਂਟਾਂ ਨੂੰ ਵੀ ਬਾਇਓ ਗੈਸ ਪਲਾਂਟਾਂ ਦੀ ਤਰਜ਼ ਉਤੇ ਸਬਸਿਡੀ ਦੇਣ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਛੱਤਾਂ ਉਤੇ ਲਗਾਏ ਜਾਣ ਵਾਲੇ ਸੋਲਰ ਪ੍ਰਾਜੈਕਟਾਂ ਦੀ ਸਮਰੱਥਾ ਵਧਾਉਣ ਦੀ ਵੀ ਮੰਗ ਰੱਖੀ ਗਈ।

ਇਸੇ ਤਰ੍ਹਾਂ ਸ਼ਹਿਰੀ ਵਿਕਾਸ ਤੇ ਨਾਲ ਸਬੰਧਤ ਚਰਚਾ ਦੌਰਾਨ ਪੰਜਾਬ ਨੇ ਸੁਲਤਾਨਪੁਰ ਲੋਧੀ ਸਮਾਰਟ ਸਿਟੀ ਪ੍ਰਾਜੈਕਟ ਦਾ ਸਮਾਂ ਸੀਮਾ ਵਧਾਉਣ ਦੀ ਮੰਗ ਕੀਤੀ। ਪੰਜਾਬ ਦਾ ਕਹਿਣਾ ਸੀ ਕਿ ਇਹ ਪ੍ਰਾਜੈਕਟ ਬਾਕੀ ਤਿੰਨ ਸਮਾਰਟ ਸਿਟੀ ਪ੍ਰਾਜੈਕਟਾਂ ਤੋਂ ਬਾਅਦ ਵਿੱਚ ਅਲਾਟ ਹੋਇਆ ਸੀ ਜਿਸ ਕਾਰਨ ਇਸ ਦੀ ਸਮਾਂ ਸੀਮਾ 31 ਮਾਰਚ 2025 ਤੋਂ ਘੱਟੋ-ਘੱਟ ਦੋ ਸਾਲ ਲਈ ਵਧਾਈ ਜਾਵੇ। ਇਸੇ ਤਰ੍ਹਾਂ ਪ੍ਰਦੂਸ਼ਣ ਮੁਕਤ ਵਾਹਨਾਂ ਅਤੇ ਪਬਲਿਕ ਟਰਾਂਸਪੋਰਟ ਸਿਸਟਮ ਨੂੰ ਹੁਲਾਰਾ ਦੇਣ ਲਈ ਚੰਡੀਗੜ੍ਹ ਨਾਲ ਜੁੜਦੇ ਪੰਜਾਬ ਦੇ ਖੇਤਰਾਂ ਜਿਵੇਂ ਕਿ ਮੁਹਾਲੀ-ਜ਼ੀਰਕਪੁਰ ਨੂੰ ਵੀ ਇਕ ਕਲੱਸਟਰ ਬਣਾ ਕੇ ਇਸ ਨੂੰ ਈ-ਬੱਸ ਸੇਵਾ ਪ੍ਰਾਜੈਕਟ ਵਿੱਚ ਸ਼ਾਮਲ ਕੀਤਾ ਜਾਵੇ।

ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਪੰਜਾਬ ਦੀਆਂ ਬਹੁਤਾਤ ਮੰਗਾਂ ਉਤੇ ਸਿਧਾਂਤਕ ਸਹਿਮਤੀ ਦਿੰਦਿਆਂ ਇਨ੍ਹਾਂ ਉਤੇ ਸਕਰਾਤਮਕ ਰਵੱਈਏ ਨਾਲ ਪਹੁੰਚ ਅਪਣਾਉਣ ਦਾ ਵਿਸ਼ਵਾਸ ਦਿਵਾਇਆ।

ਮੀਟਿੰਗ ਵਿੱਚ ਕੇਂਦਰ ਤਰਫੋਂ ਸਕੱਤਰ ਬਿਜਲੀ ਪੰਕਜ ਅੱਗਰਵਾਲ, ਸੰਯੁਕਤ ਸਕੱਤਰ ਬਿਜਲੀ ਮੁਹੰਮਦ ਅਫ਼ਜ਼ਲ, ਬੀ.ਬੀ.ਐਮ.ਬੀ. ਦੇ ਚੇਅਰਮੈਨ ਮਨੋਜ ਤ੍ਰਿਪਾਠੀ, ਸ਼ਹਿਰੀ ਤੇ ਮਕਾਨ ਉਸਾਰੀ ਮੰਤਰਾਲੇ ਦੇ ਓ.ਐਸ.ਡੀ. ਜੈਦੀਪ ਅਤੇ ਡਾਇਰੈਕਟਰ ਅਮਰੂਤ ਗੁਰਜੀਤ ਸਿੰਘ ਢਿੱਲੋਂ ਅਤੇ ਪੰਜਾਬ ਤਰਫੋਂ ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰਾਂ ਤੇਜਵੀਰ ਸਿੰਘ, ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਬਿਜਲੀ ਰਾਹੁਲ ਤਿਵਾੜੀ, ਵਿਸ਼ੇਸ਼ ਸਕੱਤਰ ਸਥਾਨਕ ਸਰਕਾਰਾਂ ਦੀਪਤੀ ਉੱਪਲ, ਡਾਇਰੈਕਟਰ ਸਥਾਨਕ ਸਰਕਾਰਾਂ ਗੁਰਪ੍ਰੀਤ ਸਿੰਘ ਖਹਿਰਾ, ਵਿਸ਼ੇਸ਼ ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਪਨੀਤ ਰਿਆਤ, ਪੁੱਡਾ ਦੇ ਸੀ.ਏ. ਨੀਰੂ ਕਤਿਆਲ, ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ. ਇੰਜੀਨੀਅਰ ਬਲਦੇਵ ਸਿੰਘ ਸਰਾਂ ਹਾਜ਼ਰ ਸਨ।

ਇਸ ਮੌਕੇ ਕੇਂਦਰੀ ਮੰਤਰੀ ਤੇ ਅਧਿਕਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

ਹੁਸ਼ਿਆਰਪੁਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਵੱਲੋਂ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤਹਿਤ ਉਨ੍ਹਾਂ ਪਿੰਡਾਂ ਦੇ ਪ੍ਰਬੰਧਕਾਂ ਨੂੰ ਪਿੰਡਾਂ ਵਿੱਚ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਰਾਤ ਸਮੇਂ ਠੀਕਰੀ ਪਹਿਰਾ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਪਿੰਡਾਂ ਵਿਚ ਰਾਤ ਸਮੇਂ ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤਾ ਗਿਆ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਵੱਡੀਆਂ-ਛੋਟੀਆਂ ਨਹਿਰਾਂ, ਚੋਅ ਦੇ ਬੰਨ੍ਹ ਅਤੇ ਦਰਿਆ ਬਿਆਸ ਦੇ ਕੰਢੇ ਬਣੇ ਧੁੱਸੀ ਬੰਨ੍ਹ ਵਿਚ ਕਿਸੇ ਵੀ ਵਿਅਕਤੀ ਵਲੋਂ ਡੰਗਰਾਂ ਨੂੰ ਪਾਣੀ ਪਿਲਾਉਣ ਜਾਂ ਨਹਾਉਣ 'ਤੇ ਮੁਕੰਮਲ ਪਾਬੰਦੀ ਲਾਈ ਹੈ। ਇਸੇ ਤਰ੍ਹਾਂ ਜ਼ਿਲੇ ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ 'ਤੇ ਜਾਂ ਜਨਤਕ ਥਾਵਾਂ 'ਤੇ ਚੁਰਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ।

ਇਕ ਹੋਰ ਹੁਕਮ ਜਾਰੀ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਮਿਲਟਰੀ ਵਰਦੀ ਅਤੇ ਉਲਿਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਜੀਪਾਂ, ਮੋਟਰ ਸਾਈਕਲਾਂ, ਮੋਟਰ ਗੱਡੀਆਂ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਮਿਲਟਰੀ ਅਧਿਕਾਰੀਆਂ 'ਤੇ ਲਾਗੂ ਨਹੀਂ ਹੋਵੇਗਾ। ਇਸੇ ਤਰ੍ਹਾਂ ਆਰਮਡ ਫੋਰਸਿਸ/ਪੰਜਾਬ ਪੁਲਿਸ/ਬੀ.ਐਸ.ਐਫ ਅਤੇ ਮਿਲਟਰੀ ਰੰਗ ਦੀ ਵਰਦੀ ਦੀ ਵਰਤੋਂ ਅਣ-ਅਧਿਕਾਰਤ (ਬਾਲਗ ਵਿਅਕਤੀ) ਵੱਲੋਂ ਨਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਵਰਦੀਆਂ ਨੂੰ ਅਣ-ਅਧਿਕਾਰਤ ਵਿਅਕਤੀਆਂ ਨੂੰ ਵੇਚਣ ਅਤੇ ਖਰੀਦ ਕਰਨ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਹੁਕਮ ਆਰਮਡ ਫੋਰਸਿਸ/ਪੰਜਾਬ ਪੁਲਿਸ/ਬੀ.ਐਸ.ਐਫ/ਮਿਲਟਰੀ ਅਧਿਕਾਰੀਆਂ 'ਤੇ ਲਾਗੂ ਨਹੀ. ਹੋਵੇਗਾ। ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹੇ ਵਿਚ ਗਰਮੀਆਂ ਨੂੰ ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਤੱਕ ਅਤੇ ਸਰਦੀਆਂ ਨੂੰ ਸ਼ਾਮ 5 ਵਜੇ ਤੋਂ ਸਵੇਰੇ 7 ਵਜੇ ਤੱਕ ਗਊ ਵੰਸ਼ ਦੀ ਢੋਆ-ਢੁਆਈ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕਰਨ ਦੇ ਨਾਲ-ਨਾਲ ਜਿਨ੍ਹਾਂ ਲੋਕਾਂ ਨੇ ਗਊ ਵੰਸ਼ ਰੱਖੇ ਹੋਏ ਹਨ, ਉਨ੍ਹਾਂ ਨੂੰ ਪਸ਼ੂ ਪਾਲਣ ਵਿਭਾਗ ਪਾਸ ਰਜਿਸਟਰਡ ਕਰਾਉਣ ਦੇ ਆਦੇਸ਼ ਵੀ ਦਿੱਤੇ ਗਏ ਹਨ। ਉਪਰੋਕਤ ਸਾਰੇ ਹੁਕਮ 8 ਜਨਵਰੀ 2025 ਤੱਕ ਲਾਗੂ ਰਹਿਣਗੇ।

## ਭਾਰਤੀ ਚੋਣ ਕਮਿਸ਼ਨ ਵਲੋਂ ਯੋਗਤਾ ਮਿਤੀ 1 ਜਨਵਰੀ 2025 ਦੇ ਅਧਾਰ 'ਤੇ ਵੋਟਰ ਸੂਚੀਆਂ ਦੀ ਸੁਧਾਈ ਦਾ ਰੀਵਾਈਜਡ ਪ੍ਰੋਗਰਾਮ ਜਾਰੀ

ਗੁਰਦਾਸਪੁਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਚੋਣ ਕਮਿਸ਼ਨ ਵਲੋਂ ਯੋਗਤਾ ਮਿਤੀ 1 ਜਨਵਰੀ 2025 ਦੇ ਅਧਾਰ 'ਤੇ ਵੋਟਰ ਸੂਚੀਆਂ ਦੀ ਸੁਧਾਈ ਦਾ ਰੀਵਾਈਜਡ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ, ਸ੍ਰੀ ਉਮਾ ਸ਼ੰਕਰ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਧਾਈ ਪ੍ਰੋਗਰਾਮ ਤਹਿਤ 25 ਤੇ 26 ਨਵੰਬਰ ਨੂੰ ਫਾਰਮਟ 1 ਤੋਂ 8 ਤੱਕ ਤਿਆਰ ਕੀਤੇ ਜਾਣਗੇ। 27 ਨਵੰਬਰ ਨੂੰ ਵੋਟਰ ਸੂਚੀ ਦੀ ਇੰਟੀਗਰੇਟਡ ਡਰਾਫਟ ਪਬਲੀਕੇਸ਼ਨ ਕੀਤਾ ਜਾਵੇਗੀ। 27 ਨਵੰਬਰ ਤੋਂ 12 ਦਸੰਬਰ,2024 ਤੱਕ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਜਾਣੇ ਹਨ ਜਦਕਿ 30 ਨਵੰਬਰ ਅਤੇ 8 ਦਸੰਬਰ ਨੂੰ ਸਪੈਸ਼ਲ ਕੈਂਪ ਲਗਾਏ ਜਾਣਗੇ। ਜਿਸ ਪਿੱਛੋਂ 24 ਦਸੰਬਰ ਨੂੰ ਦਾਅਵੇ ਤੇ ਇਤਰਾਜ਼ਾਂ ਦਾ ਨਿਪਟਾਰਾ ਹੋਵੇਗਾ। ਪਹਿਲੀ ਜਨਵਰੀ 2025 ਤੱਕ ਅਪਡੇਟਿੰਗ ਡਾਟਾਬੇਸ ਅਤੇ ਸਪਲੀਮੈਂਟ ਦੀ ਪ੍ਰਿੰਟਿੰਗ ਅਤੇ 6 ਜਨਵਰੀ 2025 ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ।

# ਗਿੱਦੜਬਾਹਾ ਦੀ ਜ਼ਿਮਨੀ ਚੋਣ 'ਚ ਮੁੱਖ ਮੁਕਾਬਲਾ ਚਾਰ ਉਮੀਦਵਾਰਾਂ ਵਿਚਕਾਰ

ਗਿੱਦੜਬਾਹਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਗਿੱਦੜਬਾਹਾ ਕੀ ਜਿਮਨੀ ਚੋਣ ਨੂੰ ਲੈ ਕੇ ਇਸ ਵਾਰ ਚਾਰ ਉਮੀਦਵਾਰਾਂ ਦੇ ਵਿੱਚ ਮੁੱਖ ਮੁਕਾਬਲਾ ਬਣਦਾ ਜਾ ਰਿਹਾ ਹੈ ਇਨ੍ਹਾਂ ਚਾਰ ਉਮੀਦਵਾਰਾਂ ਦੇ ਵਿਚ ਇਕ ਅਜ਼ਾਦ ਉਮੀਦਵਾਰ ਮੁਨੀਸ਼ ਵਰਮਾ ਉਰਫ਼ ਮੀਨੂੰ ਭਾਂਡਾ ਜੋ ਕਿ ਇਨ੍ਹਾਂ ਤਿੰਨਾਂ ਉਮੀਦਵਾਰਾ ਤੇ ਭਾਰੀ ਪੈਂਦੇ ਨਜ਼ਰ ਆ ਰਹੇ ਹਨ ਹੁਣ ਗੱਲ ਕਰਿਆ ਕੁਝ ਲੋਕ ਇਹੇ ਗੱਲ ਸੋਚਦੇ ਹੋਣਗੇ ਕਿ ਇਸ ਆਜ਼ਾਦ ਉਮੀਦਵਾਰ ਨੂੰ ਤਾ ਅਸੀ ਜਾਣਦੇ ਤੱਕ ਨਹੀਂ ਨਾਮ ਹੀ ਪਹਿਲੀ ਵਾਰ ਸੁਣਿਆ ਹੈ ਅਤੇ ਪਹਿਲੀ ਵਾਰ ਹੀ ਇਸ ਨੂੰ ਵੇਖਿਆ ਹੈ ਇੱਕ ਗੱਲ ਮੈਂ ਜ਼ਰੂਰ ਕਹਾਗਾਂ ਗਿੱਦੜਬਾਹਾ ਦੇ ਵੋਟਰਾਂ ਨੂੰ ਵੀ ਇਹੇ ਬੰਦਾ ਕੋਈ ਸਿਆਸੀ ਲੀਡਰ ਨਹੀਂ ਇਸ ਦਾ ਕਿਸੇ ਸਿਆਸੀ ਪਾਰਟੀ ਨਾਲ ਕੋਈ ਸੰਬੰਧ ਨਹੀਂ ਮਲੋਟ ਸ਼ਹਿਰ ਦਾ ਰਹਿਣ ਵਾਲਾ ਮਨੀਸ਼ ਵਰਮਾ ਉਰਫ ਮੀਨੂ ਭਾਂਡਾ ਮਲੋਟ ਸ਼ਹਿਰ ਦੇ ਅੰਦਰ ਜਾ ਕੇ ਇਸ ਦਾ ਨਾਂ ਪੁੱਛ ਲਿਓ ਤੁਹਾਨੂੰ ਆਪੇ ਪਤਾ ਲੱਗ ਜਾਊ ਇਹ ਬੰਦਾ ਕਿਸ ਤਰੀਕੇ ਦਾ ਕੀ ਰੁਤਬਾ ਇਸਦਾ ਕੀ ਇਸ ਦੀ ਸੋਚ ਹੈ ਅਤੇ ਗਿੱਦੜਬਾਹਾ ਹਲਕੇ ਦੇ ਲਈ ਕੀ ਕੰਮ ਕਰਨੇ ਨੇ ਉਸ ਬਾਰੇ ਇਸਨੂੰ ਸਾਰਾ ਹੀ ਪਤਾ ਹੈ ਇਹ ਉਨ੍ਹਾਂ ਲੋਕਾਂ ਵਰਗਾ ਨਹੀਂ ਇਕੱਲੀਆਂ ਗੱਲਾਂ ਤੇ ਡਰਾਮੇ ਕਰਕੇ ਵਿਖਾਊਗਾਂ ਇਹ ਤਾਂ ਗਿੱਦੜਬਾਹਾ ਦੇ ਕੰਮ ਕਰੂਗਾ ਇਸ ਵਾਰ ਤਾਂ ਇਹ ਤੁਹਾਡੇ ਤੋਂ ਆਪ ਵੋਟਾਂ ਮੰਗਣ ਆ ਰਿਹਾ ਹੈ 2027 ਦੇ ਵਿੱਚ ਫਿਰ ਤੁਸੀਂ ਇਸ ਨੂੰ ਦੁਬਾਰਾ ਬੁਲਾਉਗੇਂ ਵੀ ਮਨੀਸ਼ ਵਰਮਾ ਜੀ ਤੁਸੀਂ ਹੀ ਗਿੱਦੜਬਾਹਾ ਤੋਂ ਦੁਬਾਰਾ ਚੋਣਾ ਲੜੋ ਜਿਹੜੇ ਅਫਸਰ ਸਿਆਸੀ ਲੀਡਰਾਂ ਦੇ ਮੌਕੇ ਦੀਆਂ ਸਰਕਾਰਾਂ ਦੇ ਕੰਮ ਨਹੀਂ ਕਰਦੇ ਉਨ੍ਹਾਂ ਲੀਡਰਾਂ ਤੋਂ ਇਹ ਬੰਦਾ ਮਨੀਸ਼ ਵਰਮਾ ਕੰਮ ਕਰਾ ਸਕਦਾ ਹੈ ਜਿਹੜੇ ਲੋਕ ਹੁਣ ਗਿੱਦੜਬਾਹਾ ਦੇ ਵਿੱਚ ਜਿਮਨੀ ਚੋਣਾਂ ਲੜ ਰਹੇ ਨੇ ਕਈ ਆਜ਼ਾਦ ਉਮੀਦਵਾਰ ਨੇ ਅਤੇ ਕਈ ਸਿਆਸੀ ਪਾਰਟੀਆਂ ਵੱਲੋਂ ਉਮੀਦਵਾਰ ਬਣਾ ਕੇ ਚੋਣ ਮੈਦਾਨ ਦੇ ਵਿੱਚ ਉਤਾਰੇ ਗਏ ਨੇ ਇਹ ਬੰਦਾ ਮਨੀਸ਼ ਵਰਮਾ ਉਨ੍ਹਾਂ ਵਿੱਚੋਂ ਅਲੱਗ ਹੈ ਜੋ ਕਿ ਜੋ ਗੱਲ ਕਹਿ ਦਿੱਤੀ ਉਸ ਤੇ ਪੂਰਾ ਉਤਰਦਾ ਹੈ ਇਹ ਨਹੀਂ ਇਹਨਾਂ ਸਿਆਸੀ ਲੀਡਰਾਂ ਵਾਂਗੂੰ ਜਿਹੜੇ ਅੱਜ ਆਪਣੇ ਆਪ ਨੂੰ ਸਾਫ ਸੁਥਰੇ ਬਣ ਕੇ ਗਿੱਦੜਬਾਹਾ ਤੋਂ ਦੁਬਾਰਾ ਚੋਣਾਂ ਲੜ ਰਹੇ ਨੇ ਤੇ ਲੋਕਾਂ ਦੀਆਂ ਮਿਨਤਾਂ ਕਰ ਰਹੇ ਨੇ ਵੀ ਇਸ ਵਾਰ ਮੌਕਾ ਦੇ ਦਿਓ ਗਿੱਦੜਬਾਹਾ ਮੰਡੀ ਦੇ ਲੋਕਾਂ ਨੂੰ ਪਤਾ ਹੈ ਜਿਨ੍ਹਾਂ ਨੇ ਦਲ ਬਦਲੀਆਂ ਕੀਤੀਆਂ ਨੇ ਪਾਰਟੀਆਂ ਬਦਲੀਆਂ ਨੇ ਉਹ ਲੋਕ ਗਿੱਦੜਬਾਹਾ ਹਲਕੇ ਦਾ ਕੀ ਮਸਲਾ ਹੱਲ ਕਰਨਗੇ ਜਿਨਾਂ ਦਾ ਪਤਾ ਹੀ ਨਹੀਂ ਦਿਨੇ ਕਿਸੇ ਨਾਲ ਰਾਤੀ ਕਿਸੇ ਨਾਲ ਉਹ ਗੁਰਦਾਸ ਮਾਨ ਸਾਹਿਬ ਵਾਲਾ ਗਾਣਾ ਯਾਦ ਹੈ ਆਂਵੇ ਸਾਡੇ ਨਾਲ ਜਾਵੇ ਕਿਸੇ ਹੋਰ ਨਾਲ ਬੱਲੇ ਉਹ ਚਲਾਕ ਸੱਜਣਾ ਇਹ ਸਿਆਸੀ ਲੀਡਰ ਹੁਣ ਉਹੋ ਜਿਹੇ ਬਣ ਚੁੱਕੇ ਨੇ ਪਰ ਇਹ ਜੋ ਆਜ਼ਾਦ ਉਮੀਦਵਾਰ ਹੈ ਮਨੀਸ਼ ਵਰਮਾ ਇਹ ਉਨ੍ਹਾਂ ਵਰਗਾ ਨਹੀਂ ਜਿਹਦੇ ਨਾਲ ਖੜ ਗਿਆ ਤਾਂ ਚਟਾਨ ਵਾਂਗੂ ਖੜੂਗਾਂ ਇਹ ਨਹੀਂ ਗਿੱਦੜਬਾਹਾ ਦੇ ਲੋਕਾਂ ਨਾਲ ਕੋਈ ਧੱਕਾ ਕਰੂਗਾ ਜਾ ਧੱਕਾ ਹੋਣ ਦੇਊਗਾ ਇਹ ਆਪ ਉਨ੍ਹਾਂ ਲੋਕਾਂ ਦੀ ਲੜਾਈ ਲੜੂਗਾ ਇਸ ਕਰਕੇ ਵੀਰੋ ਤੁਹਾਨੂੰ ਪਤਾ ਹੀ ਹੈ ਗਿੱਦੜਬਾਹਾ ਦੇ ਲੋਕਾਂ ਨੂੰ ਖਾਸ ਕਰਕੇ ਮੰਡੀ ਵਾਲੇ ਵੋਟਰਾਂ ਨੂੰ ਵੀ ਜੋ ਹਾਲਾਤ ਪਹਿਲਾ ਗਿੱਦੜਬਾਹਾ ਦੇ ਲੋਕਾਂ ਦੇ ਕੀਤੇ ਹੈ ਉਨ੍ਹਾਂ ਸਿਆਸੀ ਲੀਡਰਾਂ ਨੇ ਕੀਤੇ ਹਨ ਜਿਹੜੇ ਅੱਜ ਦੁਬਾਰਾ ਵੋਟਾਂ ਮੰਗਦੇ ਫਿਰਦੇ ਹਨ ਵੀ ਅਸੀਂ ਤਾਂ ਐ ਕਰ ਗਏ ਜੀ ਅਸੀਂ ਤਾਂ ਆ ਕਰਤਾ ਜੀ ਡਰਾਮੇ ਬੜੇ ਕਰਦੇ ਹਨ ਇਹੇ ਉਨ੍ਹਾਂ ਵਾਂਗ ਡਰਾਮੇ ਨਹੀਂ ਕਰੂਗਾ ਇਹ ਤਾਂ ਤੁਹਾਡੇ ਨਾਲ ਦੁੱਖ ਸੁੱਖ ਦੇ ਸਮੇਂ ਵੀ ਨਾਲ ਖੜੇਗਾ ਇਸ ਲਈ ਵੀਰੋ ਜੇ ਤਾ ਆਪਣੇ ਕਾਰੋਬਾਰ ਬੰਦ ਕਰਾਉਣੇ ਹੈ ਕਾਰੋਬਾਰ ਦੇ ਵਿੱਚ ਹਿੱਸੇ ਪਵਾਉਣੇ ਐ ਜਾਇਦਾਤਾਂ ਤੇ ਕਬਜ਼ੇ ਕਰਾਉਣੇ ਐ ਤਾਂ ਫਿਰ ਉਹੋ ਜਿਹੇ ਉਮੀਦਵਾਰ ਨੂੰ ਵੋਟਾਂ ਪਵਾ ਦਿਓ ਜਾ ਉਨ੍ਹਾਂ ਲੋਕਾਂ ਨੂੰ ਵੋਟਾਂ ਪਵਾ ਦਿਓ ਜਿਹੜੇ ਦਲ ਬਦਲੀਆਂ ਕਰਦੇ ਨੇ ਜਿਨਾਂ ਦਾ ਕੋਈ ਪਤਾ ਹੀ ਨਹੀਂ ਇਸ ਕਰਕੇ ਇਸ ਵਾਰ ਆਜ਼ਾਦ ਉਮੀਦਵਾਰ ਨੂੰ ਮੌਕਾ ਦਿਓ ਬੀਤੀ ਕੱਲ ਮੌਕੇ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਜੀ ਆਏ ਸਨ ਆਮ ਆਦਮੀ ਪਾਰਟੀ ਦੇ ਇਹਨਾਂ ਨੇ ਜਦੋਂ ਸਰਕਾਰ ਬਣਾਉਣੀ ਸੀ ਪੰਜਾਬ ਦੇ ਅੰਦਰ ਇੱਕ ਹਜਾਰ ਰੁਪਿਆ ਔਰਤਾਂ ਨੂੰ ਰਸੋਈ ਭੱਤਾ ਦੇਣਾ ਸੀ ਤਿੰਨ ਸਾਲ ਦੇ ਕਰੀਬ ਹੋ ਗਏ ਦੱਸੋ ਗਿੱਦੜਬਾਹਾ ਦੇ ਕਿਸੇ ਵੀ ਘਰ ਦੀ ਔਰਤ ਨੂੰ ਇਕ ਹਜਾਰ ਰੁਪਿਆ ਦਿੱਤਾ ਹੋਵੇ ਸਾਬਤ ਕਰ ਦੇਣ ਹੁਣ ਜਦੋਂ ਜ਼ਿਮਨੀ ਚੋਣ ਆ ਗਈ ਹੁਣ ਵੀ ਲਾਰੇ ਲਾ ਰਹੇ ਐ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਭਗਵੰਤ ਮਾਨ ਜੀ ਹੁਣ ਵੀ ਲਾਰਾ ਲਾ ਕੇ ਗਏ ਆ ਵੀ ਕੁਝ ਸਮਾਂ ਲੱਗੇਗਾ ਕਿ 1000/ਹਜ਼ਾਰ ਰੁਪਿਆ ਔਰਤਾਂ ਨੂੰ ਦੇਵਾਂਗੇ ਸਾਡੇ ਪੰਜਾਬ ਦੇ ਸੀਐਮ ਸਾਹਿਬ ਨੂੰ ਪੁੱਛਣ ਵਾਲਾ ਹੋਵੇ ਵੀ ਤੁਸੀਂ ਇੱਕ ਹਜਾਰ ਰੁਪਏ ਦੇਣ ਦੀਆਂ ਗੱਲਾਂ ਤਾਂ ਕਰ ਰਹੇ ਹੋ ਮੁਲਾਜ਼ਮਾਂ ਨੂੰ ਤਰਖਾਨਾਂ ਦੇਣ ਵਾਸਤੇ ਤਾਂ ਖਜ਼ਾਨੇ ਚ ਪੈਸੇ ਹੈ ਨਹੀਂ ਤੇ ਔਰਤਾਂ ਵਾਸਤੇ ਕਿੱਥੋਂ ਆਉਣਗੇ ਵਿਕਾਸ ਤੇ ਕੰਮਾਂ ਦੇ ਨੀਹ ਪੱਥਰ ਤਾਂ ਰੱਖ ਦਿੱਤੇ ਇਹ ਵੀ ਪਤਾ ਨਹੀਂ ਪੂਰੇ ਹੋਣਗੇ ਕਿ ਨਹੀਂ ਕਿਉਂਕਿ ਪੰਜਾਬ ਸਰਕਾਰ ਕੋਲੇ ਪੈਸਾ ਹੀ ਨਹੀਂ ਹੈ ਇਹ ਤਾਂ ਇਕੱਲੀਆਂ ਕਿਕਲੀਆਂ ਸੁਣਾਉਣ ਵਾਲੇ ਨੇ ਜਦੋਂ ਸਰਕਾਰ ਬਣਾਉਣੀ ਸੀ।




ਪੰਜਾਬ ਦੇ ਅੰਦਰ ਬੜੀਆਂ ਮਿੱਠੀਆਂ ਗੋਲੀਆਂ ਦਿੱਤੀਆਂ ਸੀ ਧੋਖਾ ਕਰਤਾ ਪੰਜਾਬ ਦੇ ਲੋਕਾਂ ਨਾਲ ਹੁਣ ਜਿਮਨੀ ਚੋਣਾਂ ਆ ਗਈਆਂ ਇਹਨਾਂ ਚ ਵੀ ਲਾਰੇ ਲਾਉਣਗੇ ਕੰਮ ਕੋਈ ਨਹੀਂ ਕਰਾਉਣਗੇ ਹੁਣ ਗੱਲ ਕਰੀਏ ਸਾਡੇ ਗਿੱਦੜਬਾਹਾ ਹਲਕੇ ਦੇ ਸਾਬਕਾ ਵਿਧਾਇਕ ਸਾਹਿਬ ਅਮਰਿੰਦਰ ਸਿੰਘ ਰਾਜਾ ਵੜਿੰਗ ਇਹਨਾਂ ਵੱਲੋਂ ਵੀ ਬੜੇ ਡਰਾਮੇ ਕੀਤੇ ਜਾਂਦੇ ਐ। ਕਦੇ ਬੂਟ ਪਾਲਸ਼ਾ ਕਰਦੇ ਹੈ ਕਦੇ ਚਾਹ ਬਣਾਉਂਦੇ ਐ ਕਦੇ ਬਜ਼ੁਰਗ ਮਾਵਾਂ ਨਾਲ ਫੋਟੋਆਂ ਖਿਚਾ ਕੇ ਡਰਾਮਾ ਕਰਕੇ ਲੋਕਾਂ ਨੂੰ ਵਿਖਾਉਂਦੇ ਐ ਵੀ ਇਸ ਫਿਰ ਡਰਾਮੇ ਨਾਲ ਸ਼ਾਇਦ ਗਿੱਦੜਬਾਹਾ ਵਾਲੇ ਫਿਰ ਦੁਬਾਰਾ ਵੋਟਾਂ ਪਾ ਦੇਣ ਕਿਉਂਕਿ ਪਿਛਲੇ ਵਾਰੀ 15-15 ਹਜਾਰ ਰੁਪਏ ਦੇ ਚੈੱਕ ਵੰਡੇ ਸੀ ਇਹਨਾਂ ਦੇ ਚਹੇਤਿਆਂ ਨੇ ਜੋ ਇਹਨਾਂ ਨੇ ਨਗਰ ਕੌਂਸਲ ਦੇ ਐਮਸੀ ਬਣਾਏ ਸਨ ਉਨ੍ਹਾਂ ਨੇ ਤੇ ਕੁਝ ਹੋਰ ਇਹਨਾਂ ਦੇ ਵਰਕਰ ਸੀਗੇ ਉਹਨਾਂ ਨੇ ਜਿਸ ਘਰ ਚ ਚੈੱਕ ਦਿੱਤਾ ਉਹਦੇ ਚੋਂ ਹਿੱਸਾ ਵੀ ਲਿੱਤਾ ਤੇ ਸਾਡੇ ਸਾਬਕਾ ਵਿਧਾਇਕ ਸਾਹਿਬ ਉਸ ਸਮੇਂ ਚੋਣਾਂ ਸਿਰ ਦੇ ਉੱਪਰ ਸਨ ਤੇ ਇਹਨਾਂ ਨੇ ਕਿਹਾ ਸੀ ਅਮਰਿੰਦਰ ਸਿੰਘ ਰਾਜਾ ਵੜਿੰਗ ਸਾਹਿਬ ਨੇ ਕੀ ਮੈਂ ਜਿੱਤ ਗਿਆ ਨਗਰ ਕੌਂਸਲ ਦੇ ਵਿੱਚ ਪੈਸਾ ਬਹੁਤ ਪਿਆ ਤੇ ਮੈਂ ਸਾਰੇ ਗਰੀਬ ਘਰਾਂ ਨੂੰ 15-15 ਹਜਾਰ ਦੇ ਚੈੱਕ ਜਿੱਤਣ ਤੋਂ ਬਾਅਦ ਦੇਊਂਗਾ ਜਿੱਤ ਵੀ ਗਏ ਫਿਰ ਇਥੋਂ ਲੋਕ ਸਭਾ ਹਲਕਾ ਲੁਧਿਆਣਾ ਤੋਂ ਚੋਣ ਲੜੇ ਮੈਂਬਰ ਪਾਰਲੀਮੈਂਟ ਬਣੇ ਪਰ ਉਹ 15-15 ਹਜਾਰ ਦੇ ਚੈੱਕ ਅਜੇ ਤੱਕ ਨਹੀਂ ਦਿੱਤੇ ਕਿਸੇ ਨੂੰ ਇਸ ਵਾਰ ਗਿੱਦੜਬਾਹਾ ਦੇ ਮੁਹੱਲਾ ਬੈਂਟਾਬਾਦ ਦੀਆਂ ਕੁਝ ਔਰਤਾਂ ਨੇ ਦੱਸਿਆ ਕਿ ਪਿਛਲੀ ਵਾਰ ਜਦੋਂ ਰਾਜਾ ਵੜਿੰਗ ਚੋਣਾਂ ਲੜਿਆ ਸੀ ਉਸ ਸਮੇਂ ਸਾਡੇ ਨਾਲ ਵਾਅਦੇ ਕੀਤੇ ਸਨ ਕਿ ਮੈਨੂੰ ਇਸ ਵਾਰ ਜਤਾ ਦਿਓ ਮੈਂ ਤੁਹਾਨੂੰ 15,15 ਹਜਾਰ ਰੁਪਏ ਦੇ ਚੈੱਕ ਦੇਵਾਂਗਾ ਉਨ੍ਹਾਂ ਨੇ ਵੀ ਆਵਦੇ ਵਾਅਦੇ ਪੂਰੇ ਨਹੀਂ ਕੀਤੇ ਇਸ ਤੋਂ ਬਾਅਦ ਲੋਕਾਂ ਨੇ ਵੀ ਮਨ ਬਣਾ ਲਿਆ ਜਿਵੇਂ ਰਾਜੇ ਵੜਿੰਗ ਨੇ ਮਿੱਠੀਆਂ ਗੋਲੀਆਂ ਦਿੱਤੀਆਂ ਸਨ ਉਵੇਂ ਹੀ ਗਰੀਬ ਘਰਾਂ ਦੀਆਂ ਔਰਤਾਂ ਵੱਲੋਂ ਵੀ ਮਨ ਬਣਾ ਲਿਆ ਹੈ ਵੀ ਇਸ ਵਾਰ ਕੋਈ ਵਧੀਆ ਜਿਹਾ ਉਮੀਦਵਾਰ ਹੀ ਜਿਤਾਉਣਾ ਹੈ ਜਿਹਨੇ ਸਾਡੇ ਕੰਮ ਆਉਣਾ ਹੈ ਇਸ ਵਾਰ ਤਾਂ ਮੁਕਾਬਲਾ ਚਾਰ ਉਮੀਦਵਾਰਾਂ ਦੇ ਵਿਚਕਾਰ ਹੋਣਾ ਹੈ ਭਰੋਸੇ ਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਮਨੀਸ਼ ਵਰਮਾ ਉਰਫ ਮੀਨੂੰ ਭਾਂਡਾ ਨੂੰ ਕੁਝ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਫੋਨ ਆ ਰਹੇ ਨੇ ਵੀ ਤੁਸੀਂ ਬੈਠ ਜਾਓ ਚੋਣਾ ਨਾ ਲੜੋ ਕਿਉਂ ਹੁਣ ਡਰ ਲੱਗਣ ਲੱਗ ਗਿਆ।

ਉਨ੍ਹਾਂ ਲੋਕਾਂ ਨੂੰ ਹੁਣ ਜਦੋਂ ਗਿੱਦੜਬਾਹਾ ਹਲਕੇ ਦੀ ਸੇਵਾ ਕਰਨ ਲਈ ਵਧੀਆ ਸੇਵਾਦਾਰ ਆ ਰਿਹਾ ਹੈ ਚੋਣ ਮੈਦਾਨ ਦੇ ਵਿੱਚ ਆ ਗਿਆ ਹੈ ਕਿਉਂਕਿ ਕੁਝ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਡਰ ਲੱਗਦਾ ਹੈ ਜਿਨਾਂ ਨੂੰ ਮਨੀਸ਼ ਵਰਮਾ ਉਰਫ਼ ਮੀਨੂੰ ਭਾਂਡਾ ਤੋਂ ਉਹੋ ਲੋਕ ਫੋਨ ਕਰਕੇ ਮਨੀਸ਼ ਵਰਮਾ ਨੂੰ ਬੈਠਣ ਲਈ ਕਹਿ ਰਹੇ ਨੇ ਵੀ ਤੂੰ ਚੋਣਾਂ ਨਾ ਲੜ ਤੂੰ ਤੇਰੀ ਡਿਮਾਂਡ ਦਾ ਕੀ ਹੈ ਪਰ ਮਨੀਸ਼ ਵਰਮਾ ਨੇ ਆਪਣੀ ਕੋਈ ਡਿਮਾਂਡ ਨਾ ਹੋਣ ਲਈ ਅਤੇ ਚੋਣਾਂ ਲੜਨ ਲਈ ਆਪਣਾ ਪੱਕਾ ਮਨ ਬਣਾ ਲਿਆ ਹੈ ਕਿਉਂਕਿ ਕੁਝ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਘਬਰਾਹਟ ਜੀ ਸ਼ੁਰੂ ਹੋ ਗਈ ਹੈ ਵੀ ਇਹ ਚੌਥਾ ਉਮੀਦਵਾਰ ਕਿਥੋਂ ਚੋਣ ਮੈਦਾਨ ਦੇ ਵਿੱਚ ਆ ਗਿਆ ਜੋ ਸਾਨੂੰ ਪੂਰੀ ਟੱਕਰ ਦੇ ਸਕਦਾ ਹੈ ਇਸ ਲਈ ਮਨੀਸ਼ ਵਰਮਾ ਨੇ ਪੂਰਾ ਮਨ ਬਣਾ ਲਿਆ ਵੀ ਮੈਂ ਤਾਂ ਗਿੱਦੜਬਾਹਾ ਦੇ ਲੋਕਾਂ ਦੀ ਸੇਵਾ ਕਰਨੀ ਹੈ ਜੇ ਗਿੱਦੜਬਾਹਾ ਦੇ ਲੋਕਾਂ ਮੈਨੂੰ ਮੌਕਾ ਦਿੰਦੇ ਹਨ ਤਾ ਮੈਂ ਇਕ ਸੇਵਾਦਾਰ ਬਣਕੇ ਸੇਵਾ ਕਰਾਂਗਾ ਕਿਸੇ ਨਾਲ ਕੋਈ ਧੱਕੇ ਸ਼ਾਹੀ ਨਹੀਂ ਕਰਾਂਗਾ ਸਭ ਦਾ ਮਾਣ ਸਤਿਕਾਰ ਕਰਾਂਗਾ ਇਹੀ ਮੇਰਾ ਹੀ ਬੇਨਤੀ ਹੈ ਗਿੱਦੜਬਾਹਾ ਹਲਕੇ ਦੇ ਲੋਕਾਂ ਨੂੰ ਵੀ ਤੁਸੀਂ ਕਈ ਸਿਆਸੀ ਲੀਡਰ ਇਥੋਂ ਜੇਤੂ ਬਣਾ ਕੇ ਭੇਜੇ ਹਨ ਪਰ ਤੁਹਾਡੇ ਬੱਚਿਆਂ ਦੇ ਭਵਿੱਖ ਵੱਲ ਕਿਸੇ ਨੇ ਨਹੀਂ ਵੇਖਿਆ ਕਿਸੇ ਨੇ ਕੋਈ ਇੰਡਸਟਰੀ ਕੋਈ ਫੈਕਟਰੀ ਜਾਂ ਕੋਈ ਕਾਰੋਬਾਰ ਇਸ ਹਲਕੇ ਦੇ ਬੱਚਿਆਂ ਲਈ ਕੋਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਕੀਤਾ ਪਰ ਜੇ ਮੈਨੂੰ ਗਿੱਦੜਬਾਹਾ ਦੇ ਲੋਕ ਇੱਕ ਵਾਰ ਮੌਕਾ ਦਿੰਦੇ ਹਨ ਸਿਰਫ ਢਾਈ ਸਾਲ ਬਾਕੀ ਨੇ ਪੰਜਾਬ ਸਰਕਾਰ ਦੇ ਮੇਰਾ ਵਾਅਦਾ ਹੈ ਗਿੱਦੜਬਾਹਾ ਵਾਲਿਆਂ ਦਾ ਇੱਕ ਵਾਰ ਮੌਕਾ ਦੇ ਦਿਓ ਸਿਰਫ ਢਾਈ ਸਾਲ ਦਾ ਹੀ ਦੇ ਦਿਓ ਜੇ ਮੈਂ ਕੰਮ ਚੰਗੇ ਕਰਾਂ ਤਾਂ ਮੈਨੂੰ ਦੁਬਾਰਾ ਬੁਲਾ ਲਿਓ ਨੀ ਮੈਂ ਤੁਹਾਡੇ ਤੋਂ ਵੋਟਾਂ ਮੰਗਣ ਨਹੀਂ ਆਵਾਂਗਾ ਤੁਹਾਨੂੰ ਕੰਮ ਕਰਕੇ ਵਿਖਾਵਾਂਗਾ ਜੇ ਮੇਰੇ ਕੰਮ ਚੰਗੇ ਹੋਏ ਤਾਂ ਮੈਨੂੰ ਦੁਬਾਰਾ ਵੋਟਾਂ ਪਾ ਦਿਓ ਇਹ ਫੈਸਲਾ ਹੋਣ ਤੁਸੀਂ ਕਰਨਾ ਹੈ ਵੀ ਸਿਆਸੀ ਲੀਡਰਾਂ ਦੀਆਂ ਗੱਲਾਂ ਚ ਆਉਣਾ ਹੈ ਕਿ ਆਪਣੇ ਬੱਚਿਆਂ ਦਾ ਭਵਿੱਖ ਬਣਾਉਣਾ ਹੈ ਆਉਣ ਵਾਲੀ 20 ਨਵੰਬਰ ਨੂੰ ਤੁਸੀਂ ਵੋਟਾਂ ਪਾ ਕੇ ਕਾਮਯਾਬ ਬਣਾਉਣਾ ਹੈ ਕੰਮ ਮੈਂ ਕਰਾਉਣਾ ਹੈ ਇਸ ਹਲਕੇ ਦੇ ਵਿੱਚ ਬਹੁਤ ਕੁਝ ਬੱਚਿਆਂ ਦੇ ਭਵਿੱਖ ਲਈ ਬਣਾ ਕੇ ਤੁਹਾਨੂੰ ਵਿਖਾਉਣਾ ਹੈ

## ਵਾਇਨਾਡ ਦਾ ਮਾਂ ਵਾਂਗ ਧਿਆਨ ਰੱਖਾਂਗੀ: ਪ੍ਰਿਯੰਕਾ

**ਕਾਂਗਰਸ ਆਗੂ ਵੱਲੋਂ ਵੋਟਰਾਂ ਨੂੰ ਸੇਵਾ ਦਾ ਮੌਕਾ ਦੇਣ ਦੀ ਅਪੀਲ**



ਵਾਇਨਾਡ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੀ ਜਨਰਲ ਸਕੱਤਰ ਅਤੇ ਵਾਇਨਾਡ ਲੋਕ ਸਭਾ ਸੀਟ ਤੋਂ ਸਾਂਝੇ ਜਮਹੂਰੀ ਮੋਰਚੇ (ਯੂਡੀਐੱਫ) ਦੀ ਉਮੀਦਵਾਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਅੱਜ ਕਿਹਾ ਕਿ ਉਹ ਇਸ ਇਲਾਕੇ ਦੀ ਸੇਵਾ ਉਸ ਤਰ੍ਹਾਂ ਕਰਨਾ ਚਾਹੁੰਦੀ ਹੈ, ਜਿਸ ਤਰ੍ਹਾਂ ਇੱਕ ਮਾਂ ਆਪਣੇ ਬੱਚੇ ਨੂੰ ਸੰਭਾਲਦੀ ਹੈ।

ਪ੍ਰਿਯੰਕਾ ਨੇ ਵਾਇਨਾਡ ਲੋਕ ਸਭਾ ਸੀਟ ਦੀ ਉਪ ਚੋਣ ਲਈ ਆਪਣੇ ਚੋਣ ਪ੍ਰਚਾਰ ਦੇ ਦੂਜੇ ਗੇੜੇ ਦੇ ਆਖਰੀ ਦਿਨ ਅੱਜ ਕਿਹਾ ਕਿ ਜੇ ਉਸ ਨੂੰ ਮੌਕਾ ਦਿੱਤਾ ਗਿਆ ਤਾਂ ਉਹ ਨਾ ਸਿਰਫ਼ ਸੰਸਦ ਬਲਕਿ ਹਰ ਮੰਚ 'ਤੇ ਵਾਇਨਾਡ ਦੇ ਲੋਕਾਂ ਲਈ ਲੜੇਗੀ। ਕਾਂਗਰਸ ਆਗੂ ਨੇ ਆਪਣੇ ਭਰਾ ਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਦਿਲ 'ਚ ਵਾਇਨਾਡ ਪ੍ਰਤੀ ਸਨੇਹ ਹੋਣ ਦਾ ਜ਼ਿਕਰ ਕੀਤਾ ਤੇ ਵੋਟਰਾਂ ਨੂੰ ਹਮਾਇਤ ਦੀ ਅਪੀਲ ਕੀਤੀ ਤਾਂ ਜੋ ਉਹ ਉਨ੍ਹਾਂ ਦੀ ਸੇਵਾ ਕਰ ਸਕੇ। ਪ੍ਰਿਯੰਕਾ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਖ਼ਿਲਾਫ਼ ਦੋਸ਼ ਦੁਹਰਾਉਂਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਰਾਜਨੀਤੀ ਨੇ ਦੇਸ਼ 'ਚ ਕਿਸਾਨਾਂ ਤੇ ਛੋਟੇ ਵਪਾਰ ਮਾਲਕਾਂ ਨੂੰ ਨੁਕਸਾਨ ਪਹੁੰਚਾਇਆ ਹੈ। ਪ੍ਰਿਯੰਕਾ ਨੇ ਪਲੱਕੜ 'ਚ ਮਹਿਲਾ ਕਾਂਗਰਸ ਆਗੂਆਂ ਦੇ ਹੋਟਲ ਦੇ ਕਮਰਿਆਂ ਦੀ ਪੁਲੀਸ ਵੱਲੋਂ ਤਲਾਸ਼ੀ ਲਏ ਜਾਣ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਗਲਤ ਹੈ। ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਿਯੰਕਾ ਗਾਂਧੀ ਦੇ ਹੱਕ 'ਚ ਚੋਣ ਪ੍ਰਚਾਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੋਸ਼ ਲਾਇਆ ਕਿ ਉਨ੍ਹਾਂ ਕੇਰਲ ਦੇ ਵਾਇਨਾਡ ਜ਼ਿਲ੍ਹੇ ਦੇ ਢਿੱਗਾਂ ਖਿਸਕਣ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ ਕੀਤਾ ਵਾਅਦਾ ਨਹੀਂ ਨਿਭਾਇਆ।

# ਕਦੇ ਬੇਅੰਤ ਸਿੰਘ ਨੇ ਮਨਪ੍ਰੀਤ ਨੂੰ ਹਰਾਉਣ ਲਈ ਲਾਈ ਸੀ ਵਾਹ ਕਦੇ ਦਾਦੇ ਦੀਆਂ, ਕਦੇ ਪੋਤੇ ਦੀਆਂ..!

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗਿੱਦੜਬਾਹਾ ਦੀ ਜ਼ਿਮਨੀ ਚੋਣ ਇਸ ਰਾਜਸੀ ਤੁਕ ਦੀ ਪ੍ਰਤੱਖ ਗਵਾਹ ਬਣੀ ਹੈ ਕਿ "ਸਿਆਸਤ 'ਚ ਨਾ ਤਾਂ ਕੋਈ ਸਕਾ ਹੁੰਦਾ ਹੈ ਅਤੇ ਨਾ ਹੀ ਕੁੱਝ ਸਥਾਈ ਹੁੰਦਾ ਹੈ।" ਜਦੋਂ ਹੁਣ ਗਿੱਦੜਬਾਹਾ ਦਾ ਚੋਣ ਪਿੜ ਐਨ ਭਖਿਆ ਹੋਇਆ ਹੈ ਤਾਂ ਇਸ ਚੋਣ 'ਚ ਉੱਤਰੇ ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਦੇ ਹੱਕ 'ਚ ਨਿੱਤਰੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਜ਼ਰੂਰ ਧਿਆਨ ਖਿੱਚ ਰਹੇ ਹਨ। ਜਦੋਂ 1995 'ਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਹੋਈ ਸੀ ਤਾਂ ਉਦੋਂ ਮਨਪ੍ਰੀਤ ਸਿੰਘ ਬਾਦਲ ਪੜ੍ਹਾਈ ਕਰਕੇ ਵਿਦੇਸ਼ ਤੋਂ ਪਰਤੇ ਸਨ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਅਕਾਲੀ ਦਲ ਵੱਲੋਂ ਉਮੀਦਵਾਰ ਬਣਾਇਆ ਸੀ। ਉਨ੍ਹਾਂ ਦਾ ਮੁਕਾਬਲਾ ਕਾਂਗਰਸੀ ਉਮੀਦਵਾਰ ਦੀਪਕ ਕੁਮਾਰ ਜੋ ਕਾਂਗਰਸੀ ਨੇਤਾ ਰਘਬੀਰ ਪ੍ਰਧਾਨ ਦੇ ਲੜਕੇ ਸਨ, ਨਾਲ ਹੋਇਆ ਸੀ। ਚੋਣ 'ਚ ਮਨਪ੍ਰੀਤ ਬਾਦਲ 2115 ਵੋਟਾਂ ਨਾਲ ਜੇਤੂ ਰਹੇ ਸਨ।



ਗਿੱਦੜਬਾਹਾ ਤੋਂ ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨਾਲ ਰਵਨੀਤ ਸਿੰਘ ਬਿੱਟੂ।

ਜ਼ਿਕਰਯੋਗ ਹੈ ਕਿ 1995 'ਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਲਈ ਵੱਕਾਰ ਦਾ ਸੁਆਲ ਸੀ। ਪੂਰੀ ਸਰਕਾਰ ਨੇ ਗਿੱਦੜਬਾਹਾ ਵਿੱਚ ਡੇਰੇ ਲਾਏ ਹੋਏ ਸਨ। ਕੇਂਦਰੀ ਮੰਤਰੀ ਰਵਨੀਤ ਬਿੱਟੂ ਦੇ ਦਾਦਾ ਅਤੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਉਦੋਂ ਅਕਾਲੀ ਉਮੀਦਵਾਰ ਮਨਪ੍ਰੀਤ ਬਾਦਲ ਨੂੰ ਹਰਾਉਣ ਲਈ ਗਿੱਦੜਬਾਹਾ ਦੇ ਹਰ ਗਲੀ ਮੁਹੱਲੇ ਘੁੰਮੇ ਸਨ। ਉਨ੍ਹਾਂ ਦਿਨ੍ਹਾਂ 'ਚ ਬੇਅੰਤ ਸਿੰਘ ਦੀ ਇੱਕੋ ਸਿਆਸੀ ਇੱਛਾ ਮਨਪ੍ਰੀਤ ਬਾਦਲ ਨੂੰ ਗਿੱਦੜਬਾਹਾ ਤੋਂ ਹਰਾਉਣ ਦੀ ਸੀ ਪਰ ਅਜਿਹਾ ਨਹੀਂ ਹੋ ਸਕਿਆ।

ਹੁਣ ਫਿਰ ਜਦੋਂ ਜ਼ਿਮਨੀ ਚੋਣ ਵਿੱਚ ਮਨਪ੍ਰੀਤ ਸਿੰਘ ਬਾਦਲ ਬਤੌਰ ਭਾਜਪਾ ਉਮੀਦਵਾਰ ਗਿੱਦੜਬਾਹਾ ਦੀ ਜ਼ਿਮਨੀ ਚੋਣ ਦੇ ਮੈਦਾਨ ਵਿਚ ਹਨ ਤਾਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਵੱਲੋਂ ਮਨਪ੍ਰੀਤ ਨੂੰ ਜਿਤਾਉਣ ਲਈ ਗਿੱਦੜਬਾਹਾ ਦਾ ਗੇੜੇ ਲਾਏ ਜਾ ਰਹੇ ਹਨ।

ਦੂਜੇ ਪਾਸੇ ਗਿੱਦੜਬਾਹਾ ਹਲਕੇ ਦੇ ਬਜ਼ੁਰਗ ਲੋਕ ਸੱਥਾਂ ਵਿੱਚ ਚਰਚੇ ਵੀ ਕਰ ਰਹੇ ਹਨ ਅਤੇ ਤਨਜ਼ ਵੀ ਕੱਸ ਰਹੇ ਹਨ ਕਿ ਦਾਦੇ ਨੇ ਤਾਂ ਮਨਪ੍ਰੀਤ ਬਾਦਲ ਨੂੰ ਹਰਾਉਣ ਲਈ ਪੂਰੀ ਵਾਹ ਲਾਈ ਸੀ ਪਰ ਪੋਤਰਾ ਮਨਪ੍ਰੀਤ ਨੂੰ ਜਿਤਾਉਣ ਲਈ ਪੱਬਾਂ ਭਾਰ ਹੈ। ਗਿੱਦੜਬਾਹਾ ਦੀ ਜ਼ਿਮਨੀ ਚੋਣ 'ਚ ਕਾਂਗਰਸ ਸਰਕਾਰ ਖ਼ਿਲਾਫ਼ ਹੋਏ ਮੁਲਾਜ਼ਮਾਂ ਦੇ ਪ੍ਰਦਰਸ਼ਨ ਹੀ ਅਕਾਲੀ ਉਮੀਦਵਾਰ ਮਨਪ੍ਰੀਤ ਬਾਦਲ ਦੀ ਜਿੱਤ ਦਾ ਕਾਰਨ ਬਣੇ ਸਨ।

# ਪੰਜਾਬ ਪੁਲੀਸ 'ਚ ਭਰਤੀ ਉਮੀਦਵਾਰਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ

**ਨੌਕਰੀ 'ਤੇ ਜੁਆਇਨ ਕਰਾਉਣ ਦੀ ਮੰਗ ਕੀਤੀ; ਪੁਲੀਸ ਨੇ ਬੈਰੀਕੇਡ ਲਾ ਕੇ ਧਰਨਾਕਾਰੀਆਂ ਨੂੰ ਰੋਕਿਆ**

ਸੰਗਰੂਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲੀਸ ਜ਼ਿਲ੍ਹਾ ਕੇਡਰ-2023 ਭਰਤੀ ਲਈ ਚੁਣੇ ਗਏ ਵੱਖ-ਵੱਖ ਜ਼ਿਲ੍ਹਿਆਂ ਦੇ ਉਮੀਦਵਾਰਾਂ ਨੇ ਨੌਕਰੀ 'ਤੇ ਜੁਆਇਨ ਕਰਾਉਣ ਦੀ ਮੰਗ ਨੂੰ ਲੈ ਕੇ ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਰੋਸ ਧਰਨਾ ਦਿੱਤਾ ਅਤੇ ਨੌਕਰੀ 'ਤੇ ਜੁਆਇਨ ਕਰਾਉਣ 'ਚ ਕੀਤੀ ਜਾ ਰਹੀ ਦੇਰੀ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ। ਅੱਜ ਵੱਖ-ਵੱਖ ਜ਼ਿਲ੍ਹਿਆਂ ਤੋਂ ਇੱਥੇ ਪੁੱਜੇ ਉਮੀਦਵਾਰ ਸਥਾਨਕ ਪਟਿਆਲਾ ਗੇਟ ਰੋਡ 'ਤੇ ਇਕੱਠੇ ਹੋਏ ਤੇ ਮੁੱਖ ਮੰਤਰੀ ਦੀ ਕੋਠੀ ਵੱਲ ਰੋਸ ਮਾਰਚ ਕੀਤਾ। ਜਿਉਂ ਹੀ ਪ੍ਰਦਰਸ਼ਨਕਾਰੀ ਉਮੀਦਵਾਰ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਮੁੱਖ ਗੇਟ ਨਜ਼ਦੀਕ ਪੁੱਜੇ ਤਾਂ ਪੁਲੀਸ ਨੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰੋਕ ਲਿਆ ਜਿਸ ਕਾਰਨ ਉਹ ਉਥੇ ਹੀ ਧਰਨਾ ਲਾ ਕੇ ਬੈਠ ਗਏ।



ਸੰਗਰੂਰ 'ਚ ਮੁੱਖ ਮੰਤਰੀ ਦੀ ਕੋਠੀ ਨੇੜੇ ਧਰਨਾ ਦਿੰਦੇ ਹੋਏ ਪੰਜਾਬ ਪੁਲੀਸ 'ਚ ਭਰਤੀ ਹੋਏ ਉਮੀਦਵਾਰ।

ਧਰਨੇ 'ਚ ਮਹਿਲਾ ਉਮੀਦਵਾਰ ਵੀ ਸ਼ਾਮਲ ਸਨ। ਧਰਨਾ ਦੇ ਰਹੇ ਉਮੀਦਵਾਰ ਨੌਕਰੀ 'ਤੇ ਜਲਦੀ ਜੁਆਇਨ ਕਰਾਉਣ ਦੀ ਮੰਗ ਕਰ ਰਹੇ ਸਨ। ਦੇਰ ਸ਼ਾਮ ਨੂੰ ਖ਼ਬਰ ਲਿਖੇ ਜਾਣ ਤੱਕ ਉਮੀਦਵਾਰ ਰੋਸ ਧਰਨੇ 'ਤੇ ਬੈਠੇ ਸਨ। ਉਮੀਦਵਾਰਾਂ ਨੇ ਹੱਥਾਂ 'ਚ ਨਾਅਰਿਆਂ ਵਾਲੀਆਂ ਪੋਸਟਰ ਫੜੇ ਹੋਏ ਸਨ। ਰੋਸ ਧਰਨੇ ਦੌਰਾਨ ਉਮੀਦਵਾਰ ਸੋਹਣਜੀਤ ਸਿੰਘ, ਹਰਪ੍ਰੀਤ ਸਿੰਘ, ਹਰਜੀਤ ਸਿੰਘ, ਪੁਨੀਤ ਕੁਮਾਰ ਅਤੇ ਪ੍ਰਮੋਦ ਸ਼ਰਮਾ ਨੇ ਦੱਸਿਆ ਕਿ ਜਨਵਰੀ 2023 ਵਿਚ ਪੰਜਾਬ ਪੁਲੀਸ ਵਿਚ 300 ਸਬ ਇੰਸਪੈਕਟਰਾਂ ਅਤੇ 1800 ਸਿਪਾਹੀਆਂ ਦੀਆਂ ਭਰਤੀ ਅਸਾਮੀਆਂ ਕੱਢੀਆਂ ਗਈਆਂ ਸਨ ਅਤੇ ਸਾਰੇ ਟੈਸਟਾਂ ਤੇ ਹੋਰ ਪ੍ਰਕਿਰਿਆ ਮਗਰੋਂ ਅਕਤੂਬਰ 2023 ਵਿਚ ਫਾਈਨਲ ਨਤੀਜਾ ਐਲਾਨ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਚੁਣੇ ਗਏ 1746 ਸਿਪਾਹੀਆਂ ਨੂੰ ਜ਼ਿਲ੍ਹਾ ਕੇਡਰ ਵੀ ਅਲਾਟ ਹੋ ਚੁੱਕਿਆ ਹੈ ਪਰ ਹਾਲੇ ਤੱਕ ਨੌਕਰੀ 'ਤੇ ਜੁਆਇਨ ਨਹੀਂ ਕਰਵਾਇਆ ਗਿਆ ਜਦੋਂ ਕਿ ਉਸ ਸਾਲ ਦਸੰਬਰ ਮਹੀਨੇ ਜੁਆਇਨ ਕਰਵਾਇਆ ਜਾਣਾ ਸੀ। ਉਮੀਦਵਾਰਾਂ ਨੇ ਕਿਹਾ ਕਿ ਜੁਆਇਨ ਕਰਾਉਣ ਵਿਚ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ ਕਿਉਂਕਿ ਪਹਿਲਾਂ ਪੰਚਾਇਤ ਚੋਣਾਂ ਆ ਗਈਆਂ, ਹੁਣ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹੋਣੀਆਂ ਹਨ ਜਦੋਂ ਕਿ ਫਿਰ ਨਗਰ ਕੌਂਸਲ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋ ਜਾਣਾ ਹੈ। ਚੁਣੇ ਗਏ ਉਮੀਦਵਾਰ ਜੁਆਇਨ ਕਰਨ ਦੀ ਉਡੀਕ 'ਚ ਹਨ। ਉਨ੍ਹਾਂ ਕਿਹਾ ਕਿ ਭਰਤੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਸਿਰਫ਼ ਜੁਆਇੰਨ ਕਰਾਉਣਾ ਹੀ ਬਾਕੀ ਰਹਿੰਦਾ ਹੈ, ਇਸ ਲਈ ਜਲਦ ਤੋਂ ਜਲਦ ਉਨ੍ਹਾਂ ਨੂੰ ਨੌਕਰੀ 'ਤੇ ਜੁਆਇਨ ਕਰਵਾਇਆ ਜਾਵੇ।

## ਜ਼ਿਮਨੀ ਚੋਣ: ਲੋਕ ਮੰਤਰੀ ਬਣਾਉਂਦੇ ਵੀ ਨੇ ਤੇ ਹਰਾਉਂਦੇ ਵੀ ਨੇ: ਮਾਨ



ਦੋਦਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੀ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਹੱਕ ਵਿੱਚ ਪਿੰਡ ਗੁਰੂਸਰ ਵਿੱਚ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਉਮੀਦਵਾਰ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ 'ਤੇ ਤਨਜ਼ ਕੱਸੇ ਅਤੇ ਕਿਹਾ ਕਿ ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ, ਜੋ ਮੰਤਰੀ ਬਣਾਉਂਦੇ ਵੀ ਹਨ ਅਤੇ ਹਰਾਉਂਦੇ ਵੀ ਹਨ। ਮਾਨ ਨੇ ਆਖਿਆ, "ਬਠਿੰਡਾ ਦੇ ਲੋਕਾਂ ਨੇ ਵਿੱਤ ਮੰਤਰੀ ਨੂੰ ਨਕਾਰ ਦਿੱਤਾ ਸੀ। ਹੁਣ ਉਹ ਲੋਕਾਂ ਨੂੰ ਗੁੰਮਰਾਹ ਕਰਨ ਲਈ ਕਹਿ ਰਹੇ ਹਨ ਕਿ ਉਹ 13 ਸਾਲਾਂ ਦਾ ਬਨਵਾਸ ਕੱਟ ਕੇ ਆਏ ਹਨ ਤੇ ਹੁਣ ਗਿੱਦੜਬਹਾ ਦੇ ਲੋਕਾਂ ਨੂੰ ਛੱਡ ਕੇ ਨਹੀਂ ਜਾਣਗੇ।" 'ਆਪ' ਵੱਲੋਂ ਗੁਰੂਸਰ ਦੇ ਇੰਚਾਰਜ ਲਾਏ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਕਿ ਢਾਈ ਸਾਲ ਰਹੇ ਵਿਧਾਇਕ ਰਾਜਾ ਵੜਿੰਗ ਨੇ ਵਿਧਾਨ ਸਭਾ 'ਚ ਹਲਕਾ ਗਿੱਦੜਬਾਹਾ ਲਈ ਕੋਈ ਵੀ ਮੰਗ ਜਾਂ ਸਮੱਸਿਆ ਪੇਸ਼ ਨਹੀਂ ਕੀਤੀ।ਉਨ੍ਹਾਂ ਨੇ ਕਿਹਾ ਕਿ ਹਲਕੇ ਵਿਚ 200 ਕਰੋੜ ਰੁਪਏ ਖਰਚ ਹੋ ਚੁੱਕੇ ਹਨ। ਡਿੰਪੀ ਢਿੱਲੋਂ ਨੇ ਕਿਹਾ, "ਤੁਸੀਂ ਮੈਨੂੰ ਇਕ ਮੌਕਾ ਦਿਓ ਅਸੀਂ ਤੁਹਾਨੂੰ ਦੋ ਸਾਲਾਂ ਵਿਚ ਮਨਪ੍ਰੀਤ ਬਾਦਲ ਅਤੇ ਰਾਜਾ ਵੜਿੰਗ ਨਾਲੋਂ ਵੱਧ ਕੰਮ ਕਰਕੇ ਵਿਖਾਵਾਂਗੇ।"

# ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕੀਤਾ ਲਾਡਵਾ ਵਿਧਾਨ ਸਭਾ ਖੇਤਰ ਦੇ ਪਿੰਡਾਂ ਦਾ ਧੰਨਵਾਦੀ ਦੌਰਾ

## ➢ ਸੂਬਾ ਸਰਕਾਰ ਜਮੀਨ ਤੋਂ ਵਾਂਝੇ ਯੋਗ 2 ਲੱਖ ਉਮੀਦਵਾਰਾਂ ਨੂੰ ਜਲਦੀ ਦੇਵੇਗੀ 100-100 ਵਰਗ ਗਜ ਦੇ ਪਲਾਟ : ਨਾਇਬ ਸਿੰਘ ਸੈਨੀ ➢ ਚੋਣਾਵੀ ਵਾਇਦੇ ਅਨੁਸਾਰ ਸੂਬੇ ਦੀ ਮਹਿਲਾਵਾਂ ਨੂੰ ਜਲਦੀ ਮਿਲੇਗੀ 2100-2100 ਰੁਪਏ ਦੀ ਲਾਗਤ

**ਚੰਡੀਗੜ੍ਹ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬਾ ਸਰਕਾਰ ਜਲਦੀ ਹੀ ਮੁੱਖ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਤਹਿਤ ਰਿਹਾਇਸ਼ੀ ਭੂਮੀ ਤੋਂ ਵਾਂਝੇ 2 ਲੱਖ ਯੋਗ ਉਮੀਦਵਾਰਾਂ ਨੂੰ 100-100 ਵਰਗ ਗਜ ਦੇ ਪਲਾਟ ਦੀ ਸੌਗਾਤ ਦਵੇਗੀ। ਇਸ ਦੇ ਲਈ ਜਰੂਰੀ ਪ੍ਰਕ੍ਰਿਆ ਪੂਰੀ ਕਰਨ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਇਸ ਯੋ੧ਨਾ ਤਹਿਤ ਸੂਬੇ ਵਿਚ 5 ਲੱਖ ਲੋਕਾਂ ਨੇ ਪਲਾਟ ਲਈ ਬਿਨੈ ਕੀਤਾ ਸੀ। ਇੰਨ੍ਹਾਂ ਸਾਰੇ ਯੋਗ ਲਾਭਕਾਰਾਂ ਨੂੰ ਵੱਖ-ਵੱਖ ਪੜਾਆਂ ਵਿਚ 100-100 ਵਰਗ ਗਜ ਦੇ ਪਲਾਟ ਕੀਤੇ ਜਾਣਗੇ।

ਮੁੱਖ ਮੰਤਰੀ ਬੁੱਧਵਾਰ ਨੂੰ ਜਿਲ੍ਹਾ ਕੁਰੂਕਸ਼ੇਤਰ ਦੇ ਲਾਡਵਾ ਵਿਧਾਨਸਭਾ ਖੇਤਰ ਵਿਚ ਪਿੰਡ ਉਮਰੀ, ਮਥਾਨਾ, ਦਬਖੇੜਾ, ਵੜੈਚਪੁਰ ਅਤੇ ਛਲੌਂਦੀ ਵਿਚ ਧੰਨਵਾਦੀ ਦੌਰੇ ਨੂੰ ਲੈ ਕੇ ਪ੍ਰਬੰਧਿਤ ਪ੍ਰੋਗ੍ਰਾਮਾਂ ਵਿਚ ਬੋਲ ਰਹੇ ਸਨ। ਸਾਰੇ ਪਿੰਡਾਂ ਵਿਚ ਮੁੱਖ ਮੰਤਰੀ ਦੇ ਆਉਣ 'ਤੇ ਪਿੰਡਵਾਸੀਆਂ ਨੇ ਗਰਮਜੋਸ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦੇ ਸਥਾਨਾਂ 'ਤੇ ਮੁੱਖ ਮੰਤਰੀ ਨੂੰ ਸਨਮਾਨ ਸੂਚਕ ਪੱਗ ਪਹਿਨਾ ਕੇ ਅਤੇ ਫੁੱਲ ਮਾਲਾਵਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਪਿੰਡ ਪੰਚਾਇਤ ਉਮਰੀ, ਮਥਾਨਾ, ਦਬਖੇੜਾ, ਵੜੈਚਪੁਰ ਅਤੇ ਛਲੌਂਦੀ ਦੀ ਸਾਰੀ ਮੰਗਾਂ ਨੂੰ ਪੂਰਾ ਕੀਤਾ ਅਤੇ ਪਿੰਡ ਮਥਾਨਾ, ਦਬਖੇੜਾ, ਵੜੈਚਪੁਰ ਅਤੇ ਛਲੌਂਦੀ ਨੂੰ 21-21 ਲੱਖ ਰੁਪਏ ਦੀ ਗ੍ਰਾਂਟ ਰਕਮ ਦੇਣ ਦਾ ਐਲਾਨ ਕੀਤਾ।



ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਮਹਿਲਾਵਾਂ ਨੂੰ 2100 ਰੁਪਏ ਦੀ ਰਕਮ ਦੇਣ ਦੇ ਆਪਣੇ ਚੋਣਾਵੀ ਵਾਦੇ ਨੂੰ ਪੂਰਾ ਕਰਨ ਦੀ ਦਿਸ਼ਾ ਵਿਚ ਕੰਮ ਕਰਦੇ ਹੋਏ ਅਧਿਕਾਰੀਆਂ ਨੂੰ ਵਿਵਸਥਾ ਬਨਾਉਣ ਦੇ ਆਦੇਸ਼ ਦਿੱਤੇ ਗਏ ਹਨ ਅਤੇ ਜਲਦੀ ਹੀ ਸੂਬੇ ਦੀ ਮਹਿਲਾਵਾਂ ਨੂੰ ਇਹ ਸੌਗਾਤ ਦਿੱਤੀ ਜਾਵੇਗੀ।

ਇਸ ਧੰਨਵਾਦੀ ਦੌਰੇ ਦੌਰਾਨ ਮੁੱਖ ਮੰਤਰੀ ਨੇ ਪਿੰਡ ਦਬਖੇੜਾ ਵਿਚ ਵੱਡੇ ਕੰਮਿਊਨਿਟੀ ਸੈਂਟਰ ਦੀ ਸੌਗਾਤ ਦੇਣ ਦੇ ਨਾਲ-ਨਾਲ ਪਿਛੜਾ ਵਰਗ ਚੌਪਾਲ ਦੇ ਨਵੀਨੀਕਰਣ ਦੀ ਵੀ ਮੰਜੂਰੀ ਦਿੱਤੀ। ਮੁੱਖ ਮੰਤਰੀ ਨੇ ਪਿੰਡਵਾਸੀਆਂ ਨੂੰ ਹੱਥ ਜੋੜ ਕੇ ਸੂਬੇ ਵਿਚ ਤੀਜੀ ਵਾਰ ਭਾਜਪਾ ਸਰਕਾਰ ਬਨਾਉਣ " ਧੰਨਵਾਦ ਵਿਅਕਤ ਕਰਦੇ ਹੋਏ ਕਿਹਾ ਕਿ ਲਾਡਵਾ ਵਿਧਾਨਸਭਾ ਦੇ ਨਾਲ-ਨਾਲ ਸੂਬੇ ਵਿਚ ਤੇਜ ਗਤੀ ਦੇ ਨਾਲ ਵਿਕਾਸ ਕੰਮ ਕੀਤੇ ਜਾਣਗੇ ਅਤੇ ਸੂਬੇ ਵਿਚ ਸਾਰੀ ਸੜਕਾਂ ਦੇ ਨਵੀਨੀਕਰਣ ਅਤੇ ਮੁਰੰਮਤ ਕਰਨ ਦੇ ਨਿਰਦੇਸ਼ ਅਧਿਕਾਰੀਆਂ ਨੂੰ ਦਿੱਤੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਵਿਕਾਸ ਕੰਮਾਂ ਵਿਚ ਕਿਸੇ ਵੀ ਤਰ੍ਹਾ ਦੀ ਦੇਰੀ ਲਈ ਸਬੰਧਿਤ ਅਧਿਕਾਰੀਆਂ ਦੀ ਜਿਮੇਵਾਰੀ ਤੈਅ ਕੀਤੀ ਜਾਵੇਗੀ।

**ਤੀਜੀ ਵਾਰ ਸਰਕਾਰ ਬਨਾਉਣ 'ਤੇ ਤਿੰਨ ਗੁਣਾ ਤਾਕਤ ਨਾਲ ਹੋਵੇਗਾ ਵਿਕਾਸ**

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਨਾਗਰਿਕਾਂ ਨੇ ਤੀਜੀ ਵਾਰ ਸਰਕਾਰ ਬਣਾ ਕੇ ਜੋ ਭਰੋਸਾ ਅਤੇ ਜਿਮੇਵਾਰੀ ਸਾਨੂੰ ਸੌਂਪੀ ਹੈ, ਉਸ ਭਰੋਸੇ ਨੂੰ ਬਰਕਰਾਰ ਰੱਖਿਆ ਜਾਵੇਗਾ ਅਤੇ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਡਬਲ ਇੰਜਨ ਦੀ ਸਰਕਾਰ ਤਿੰਨ ਗੁਣਾ ਤਾਕਤ ਨਾਲ ਸੂਬੇ ਦਾ ਵਿਕਾਸ ਕਰੇਗੀ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਮਾਜ ਦੇ ਆਖੀਰੀ ਵਿਅਕਤੀ ਨੂੰ ਆਯੂਸ਼ਮਾਨ, ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਪ੍ਰਦਾਨ ਕਰਨ ਸਮੇਤ ਕਿਸਾਨਾਂ ਦੀ ਫਸਲਾਂ ਨੂੰ ਐਮਐਸਪੀ 'ਤੇ ਖਰੀਦੇਗੀ, ਕਿਸਾਨਾਂ ਨੂੰ ਸਮੇਂ 'ਤੇ ਮੁਆਵਜਾ ਦੇਣਾ ਅਤੇ ਰੋਡ ਇੰਫ੍ਰਾਸਟਕਚਰ ਨੂੰ ਮਜਬੂਤ ਕਰਨ ਦਾ ਕੰਮ ਕੀਤਾ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰ ਬਣਦੇ ਹੀ ਮੀਰਜਾਂ ਨੂੰ ਫਰੀ ਡਾਇਲਸਿਸ ਦੀ ਸਹੂਲਤ ਦਿੱਤੀ ਹੈ।

**ਚੋਣਾਵੀ ਵਾਦੇ ਨੂੰ ਪੂਰਾ ਕਰਦੇ ਹੋਏ ਸੁੰਹ ਲੈਣ ਤੋਂ ਪਹਿਲਾਂ ਇਕ ਕਲਮ ਨਾਲ ਦਿੱਤੀ 25 ਹਜਾਰ ਨੌਜੁਆਨਾਂ ਨੂੰ ਸਰਕਾਰੀ ਨੌਕਰੀਆਂ**

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਤੋਂ ਪਹਿਲਾਂ ਸਰਕਾਰੀ ਨੌਕਰੀਆਂ ਵਿਕਰੀਆਂ ਸਨ, ਪਰ ਭਾਜਪਾ ਸਰਕਾਰ ਨੇ ਨੌਜੁਆਨਾਂ ਨੂੰ ਬਿਨ੍ਹਾਂ ਖਰਚੀ-ਬਿਨ੍ਹਾਂ ਪਰਚੀ ਸਰਕਾਰੀ ਨੌਕਰੀਆਂ ਦੇਣ ਦਾ ਕੰਮ ਕੀਤਾ। ਸੂਬਾ ਸਰਕਾਰ ਨੇ ਆਪਣੀ ਚੋਣਾਵੀ ਵਾਦੇ ਨੂੰ ਪੂਰਾ ਕਰਦੇ ਹੋਏ ਸੁੰਹ ਲੈਣ ਤੋਂ ਪਹਿਲਾਂ ਇਕ ਇਤਿਹਾਸਕ ਫੈਸਲਾ ਲੈਂਦੇ ਹੋਏ ਇਕ ਕਲਮ ਨਾਲ 25 ਹਜਾਰ ਨੌਜੁਆਨਾਂ ਨੂੰ ਬਿਨ੍ਹਾਂ ਸਿਫਾਰਿਸ਼ ਦੇ ਸਰਕਾਰੀ ਨੌਕਰੀਆਂ ਦੇਣ ਦਾ ਕੰਮ ਕੀਤਾ।

ਉਨ੍ਹਾਂ ਨੇ ਵਿਰੋਧੀ ਧਿਰ 'ਤੇ ਤੰਜ ਕੱਸਦੇ ਹੋਏ ਕਿਹਾ ਕਿ ਚੋਣਾਂ ਦੌਰਾਨ ਕਈ ਉਮੀਦਵਾਰਾਂ ਨੇ ਪਹਿਲਾਂ ਤੋਂ ਹੀ ਆਪਣੇ ਚਹੇਤਿਆਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਭਰੋਸਾ ਦੇ ਦਿੱਤਾ ਸੀ। ਪਰ ਸੂਬੇ ਦੀ ਜਨਤਾ ਨੇ ਵਿਰੋਧੀ ਪਾਰਟੀਆਂ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਕੀਤਾ। ਉਨ੍ਹਾਂ ਨੇ ਕਿਹਾ ਕਿ ਵਿਧਾਨਸਭਾ ਚੋਣ ਤੋਂ ਪਹਿਲਾਂ ਨੌਜੁਆਨਾਂ ਨੂੰ ਨੌਕਰੀਆਂ ਨਾ ਮਿਲਣ ਇਸ ਦੇ ਲਈ ਕਾਂਗਰਸ ਪਾਰਟੀ ਤਾਂ ਚੋਣ ਕਮਿਸ਼ਨ ਦੇ ਕੋਲ ਚਲੀ ਗਈ ਸੀ ਅਤੇ ਚੋਣ ਜਾਬਤਾ ਦੇ ਚਦਲੇ ਨੌਕਰੀਆਂ 'ਤੇ ਰੋਕ ਲਗਾਉਣੀ ਪਈ। ਇਸ ਤੋਂ ਕਾਂਗਰਸ ਦਾ ਨੌਜੁਆਨਾਂ ਦੇ ਪ੍ਰਤੀ ਦੋਹਰੀ ਨੀਤੀ ਦਾ ਚਿਹਰਾ ਵੀ ਸਾਫ ਹੋ ਗਿਆ ਹੈ।

**ਪੰਜਾਬ ਸਰਕਾਰ ਨੇ ਨਹੀਂ ਖਰੀਦੀ ਕਿਸਾਨਾਂ ਦੀ ਫਸਲ**

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਵਿਧਾਨਸਭਾ ਚੋਣਾਂ ਦੌਰਾਨ ਵੀ ਹਰਿਆਣਾ ਵਿਚ ਕਿਸਾਨਾਂ ਦੀ ਫਸਲ ਦਾ ਇਕ-ਇਕ ਦਾਨਾ ਐਮਐਸਪੀ 'ਤੇ ਖਰੀਦਿਆ ਗਿਆ ਅਤੇ ਕਿਸੇ ਵੀ ਮੰਡੀ ਵਿਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਗਈ। ਜਦੋਂ ਕਿ ਪੰਜਾਬ ਵਿਚ ਕੋਈ ਚੋਣ ਨਹੀਂ ਸੀ ਫਿਰ ਵੀ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਫਸਲ ਨਹੀਂ ਖਰੀਦੀ ਅਤੇ ਨਾ ਹੀ ਫਸਲਾਂ ਦਾ ਨਿਰਧਾਰਿਤ ਮੁੱਲ ਦੇਣ ਦਾ ਕੰਮ ਕੀਤਾ।

**ਕਾਂਗਰਸ ਨੇ ਗਰੀਬਾਂ ਦਾ ਨਿਵਾਲਾ ਖੋਹਣ ਦਾ ਕੰਮ ਕੀਤਾ**

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਗਰੀਬ ਵਿਅਕਤੀ ਦਾ ਨਿਵਾਲਾ ਖੋਹਣ ਦਾ ਕੰਮ ਕੀਤਾ, ਜਦੋਂ ਕਿ ਭਾਜਪਾ ਸਰਕਾਰ ਨੇ ਗਰੀਬਾਂ ਨੂੰ ਉਨ੍ਹਾਂ ਦਾ ਹੱਕ ਘਰ-ਘਰ ਜਾ ਕੇ ਦੇਣ ਦਾ ਕੰਮ ਕੀਤਾ। ਹਰਿਆਣਾ ਵਿਚ ਗਰੀਬਾਂ ਨੇ ਹੀ ਤੀਜੀ ਵਾਰ ਭਾਜਪਾ ਸਰਕਾਰ ਬਨਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਤਹਿਤ 14 ਸ਼ਹਿਰਾਂ ਵਿਚ 15 ਹਜਾਰ 430 ਲੋਕਾਂ ਨੂੰ 30-30 ਵਰਗ ਗਜ ਦੇ ਪਲਾਟ ਦੇਣ ਲਈ ਆਫਰ ਲੇਟਰ ਦਿੱਤੇ ਹਨ ਅਤੇ ਵੱਡੇ ਪਿੰਡਾਂ ਵਿਚ 10 ਹਜਾਰ ਲੋਕਾਂ ਨੂੰ 50-50 ਵਰਗ ਗਜ ਦੇ ਪਲਾਟ ਦੇਣ ਦੀ ਯੋਜਨਾ ਨੂੰ ਅਮਲੀਜਾਮਾ ਪਹਿਨਾਇਆ ਹੈ। ਹਰਿਆਣਾ ਸਰਕਾਰ ਨੇ 1 ਲੱਖ 80 ਹਜਾਰ ਰੁਪਏ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ 500 ਰੁਪਏ ਵਿਚ ਸਿਲੇਂਡਰ ਦੇਣ ਦੇ ਵਾਦੇ ਨੂੰ ਪੂਰਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਭਲਾਈਕਾਰੀ ਨੀਤੀਆਂ ਦੇ ਕਾਰਨ ਸਾਲ 2029 ਵਿਚ ਵੀ ਭਾਜਪਾ ਸਰਕਾਰ ਬਣਾਏਗੀ ਅਤੇ ਕਾਂਗਰਸ ਦਾ ਸੂਪੜਾ ਸਾਫ ਹੋ ਜਾਵੇਗਾ।

ਸ੍ਰੀ ਨਾਇਬ ਸਿੰਘ ਸੈਨੀ ਨੇ ਲਾਡਵਾ ਬੱਸ ਸਟੈਂਡ ਤੋਂ ਲਾਡਵਾ ਤੋਂ ਜੋਧਪੁਰ ਵਾਇਆ ਸਾਲਾਸਰ ਅਤੇ ਵਿਦਿਆਰਥੀਆਂ ਦੇ ਲਈ ਲਾਡਵਾ ਤੋਂ ਜੋਤੀਸਰ ਬੱਸ ਸੇਵਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਨੇ ਕਿਹਾ ਕਿ ਹੁਣ ਲਾਡਵਾ ਬੱਸ ਸਟੈਂਡ ਤੋਂ ਰੋਜਾਨਾ ਨਿਰਧਾਰਿਤ ਰੂਟ 'ਤੇ ਬੱਸ ਚੱਲੇਗੀ ਅਤੇ ਲੋਕਾਂ ਨੂੰ ਬੱਸ ਸੇਵਾ ਦਾ ਲਾਭ ਮਿਲੇਗਾ।

# ਖੁਸ਼ੀ ਫਾਊਂਡੇਸ਼ਨ ਦੇ ਵੱਧਦੇ ਕਦਮ ਔਰਤਾਂ ਦੀ ਸਫਾਈ ਅਤੇ ਸਿਹਤ ਸੰਭਾਲ ਵੱਲ



**ਫਾਜ਼ਿਲਕਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਨਰਿੰਦਰਪਾਲ ਸਿੰਘ ਸਵਾਨਾ ਦੀ ਪਤਨੀ ਖੁਸ਼ਬੂ ਸਾਵਣਸੁਖਾ ਦੀ ਅਗਵਾਈ ਵਿੱਚ ਖੁਸ਼ੀ ਫਾਊਂਡੇਸ਼ਨ ਵੱਲੋਂ ਔਰਤਾਂ ਦੀਆਂ ਲੋੜਾਂ ਨੂੰ ਸਮਝਦਿਆਂ ਅਤੇ ਸਾਫ-ਸਫਾਈ ਨੂੰ ਤਵਜੋ ਦਿੰਦਿਆਂ ਉਨ੍ਹਾਂ ਨੂੰ ਸੈਨੇਟਰੀ ਪੈਡ ਵੰਡ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਤਹਿਤ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਲੋਵਾਲੀ ਦੀਆਂ ਵਿਦਿਆਰਥਣਾਂ ਨੂੰ ਸੈਨੇਟਰੀ ਪੈਡ ਵੰਡੇ ਗਏ।

ਮੈਨਸਟਰੂਅਲ ਹਾਈਜੀਨ ਜਾਗਰੂਕਤਾ ਕੈਂਪ ਦੌਰਾਨ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸੈਨੇਟਰੀ ਪੈਡਾਂ ਦੀ ਵਰਤੋਂ ਕਰਨ ਦੀ ਜ਼ਰੂਰਤ ਅਤੇ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨਾਂ ਕਿਹਾ ਕਿ ਸਿਹਤ ਅਤੇ ਸਫਾਈ ਨੂੰ ਬਰਕਰਾਰ ਰੱਖਣ ਲਈ ਸੈਨੇਟਰੀ ਪੈਡਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।।ਇਸਦੀ ਵਰਤੋਂ ਲੜਕੀਆਂ ਅਤੇ ਔਰਤਾਂ ਲਈ ਬਹੁਤ ਜ਼ਰੂਰੀ ਹੈ, ਖਾਸ ਕਰਕੇ ਮਾਹਵਾਰੀ ਦੌਰਾਨ, ਇਹ ਪੈਡ ਉਨ੍ਹਾਂ ਨੂੰ ਕਈ ਗੰਭੀਰ ਬਿਮਾਰੀਆਂ ਤੋਂ ਬਚਾਉਂਦਾ ਹੈ, ਔਰਤਾਂ ਦੀਆਂ ਜ਼ਿਆਦਾਤਰ ਬਿਮਾਰੀਆਂ ਉਨ੍ਹਾਂ ਦੀ ਸਿਹਤ ਦਾ ਧਿਆਨ ਨਾ ਰੱਖਣ ਕਾਰਨ ਹੁੰਦੀਆਂ ਹਨ।

ਖੁਸ਼ੀ ਫਾਊਂਡੇਸ਼ਨ ਦਾ ਮੁੱਖ ਉਦੇਸ਼ ਔਰਤਾਂ ਦੀ ਸਿਹਤ ਦਾ ਖਿਆਲ ਰੱਖਣ ਦਾ ਹੈ। ਉਨ੍ਹਾਂ ਕਿਹਾ ਕਿ ਖੁਸ਼ੀ ਫਾਊਂਡੇਸ਼ਨ ਆਉਣ ਵਾਲੇ ਸਮੇਂ ਵਿੱਚ ਵੀ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਸਕੂਲ ਪ੍ਰਿੰਸੀਪਲ ਨੂੰ ਅਪੀਲ ਕੀਤੀ ਕਿ ਜੇਕਰ ਭਵਿੱਖ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਸਿਹਤ ਸੰਭਾਲ ਜਾਂ ਕਿਸੇ ਹੋਰ ਰੂਪ ਵਿੱਚ ਮਦਦ ਦੀ ਲੋੜ ਪਵੇ ਤਾਂ ਖੁਸ਼ੀ ਫਾਊਂਡੇਸ਼ਨ ਹਮੇਸ਼ਾ ਤਿਆਰ ਹੈ। ਇਸ ਮੌਕੇ ਅਲਕਾ ਜੁਨੇਜਾ, ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਹਾਜ਼ਰ ਸਨ।

# ਲੁਧਿਆਣਾ 'ਚ ਝੋਨੇ ਦੀ ਖਰੀਦ ਹੋਈ ਅੱਧ ਤੋਂ ਪਾਰ



**ਲੁਧਿਆਣਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ ਅੱਧੇ ਤੋਂ ਵੱਧ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਪਿਛਲੇ 72 ਘੰਟਿਆਂ ਦੌਰਾਨ ਵੱਖ-ਵੱਖ ਦਾਣਾ ਮੰਡੀਆਂ ਵਿੱਚੋਂ 72.7 ਫੀਸਦ ਤੋਂ ਵੱਧ ਝੋਨੇ ਦੀ ਲਿਫਟਿੰਗ ਕਰਕੇ ਇਸ ਪ੍ਰਕਿਰਿਆ ਵਿੱਚ ਹੋਰ ਤੇਜ਼ੀ ਲਿਆਂਦੀ ਹੈ।

ਪ੍ਰਸ਼ਾਸਨ ਵੱਲੋਂ ਲਗਭਗ 18 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਰੱਖਿਆ ਹੈ। ਅੱਜ ਤੱਕ 1055982.5 ਮੀਟ੍ਰਿਕ ਟਨ ਝੋਨੇ ਦੀ ਆਮਦ ਵਿੱਚੋਂ 1007571 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ ਦੇ ਨਤੀਜੇ ਵਜੋਂ ਖਰੀਦ ਦਰ ਲਗਭਗ 95.41 ਫੀਸਦ ਰਹੀ। ਡਿਪਟੀ ਕਮਿਸ਼ਨਰ ਜੋਰਵਾਲ ਨੇ ਇਹ ਵੀ ਦੱਸਿਆ ਕਿ ਕਿਸਾਨਾਂ ਨੂੰ ਹੁਣ ਤੱਕ ਕੁੱਲ 2,147 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਨਾਲ-ਨਾਲ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਅਨਾਜ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਅਤੇ ਖਰੀਦ ਪ੍ਰਕਿਰਿਆ ਦੇ ਹਰ ਪੜਾਅ @ਤੇ ਕਿਸਾਨਾਂ ਦੀ ਮਦਦ ਕਰਨ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਇਸ ਗੱਲ @ਤੇ ਵੀ ੍ਰ ਦਿੱਤਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਸੁਚਾਰੂ ਅਤੇ ਨਿਰਵਿਘਨ ਖਰੀਦ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਹੈ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਇਸ ਸੀਜ਼ਨ ਦੌਰਾਨ ਕਿਸਾਨਾਂ ਦਾ ਸਮਰਥਨ ਜਾਰੀ ਰੱਖਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਉਹ ਨਿੱਜੀ ਤੌਰ @ਤੇ ਖਰੀਦ, ਲਿਫਟਿੰਗ ਅਤੇ ਅਦਾਇਗੀ ਪ੍ਰਕਿਰਿਆਵਾਂ ਦੀ ਨਿਗਰਾਨੀ ਕਰ ਰਹੇ ਹਨ, ਰੋਜ਼ਾਨਾ ਖਰੀਦ ਯਤਨਾਂ ਦੀ ਸਮੀਖਿਆ ਕਰ ਰਹੇ ਹਨ।

# ਬਿਜਲੀ ਦਾ ਟ੍ਰਾਂਸਫਾਰਮਰ ਖਰਾਬ ਹੋਣ 'ਤੇ ਗ੍ਰਾਮੀਣ ਖੇਤਰਾਂ ਵਿਚ 2 ਘੰਟੇ ਤੇ ਸ਼ਹਿਰੀ ਖੇਤਰਾਂ 1 ਘੰਟੇ ਵਿਚ ਯਕੀਨੀ ਕਰਨ ਬਿਜਲੀ ਸਪਲਾਈ: ਅਨਿਲ ਵਿਜ

**ਚੰਡੀਗੜ੍ਹ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਰਜਾ ਮੰਤਰੀ ਅਨਿਲ ਵਿਜ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਟ੍ਰਾਂਸਫਾਰਮਰ ਖਰਾਬ ਹੋਣ 'ਤੇ ਵਿਭਾਗ ਗ੍ਰਾਮੀਣ ਖੇਤਰਾਂ ਵਿਚ 2 ਘੰਟੇ ਤੇ ਸ਼ਹਿਰੀ ਖੇਤਰਾਂ ਵਿਚ 1 ਘੰਟੇ ਵਿਚ ਬਿਜਲੀ ਸਪਲਾਈ ਯਕੀਨੀ ਕਰਨ। ਨਾਲ ਹੀ ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਊਹ ਬਿਜਲੀ ਲਾਇਨ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸੇਫਟੀ ਕਿੱਟ ਉਪਲਬਧ ਕਰਵਾਈ ਜਾਵੇ।

ਸ੍ਰੀ ਅਨਿਲ ਵਿਜ ਅੱਜ ਇੱਥੇ ਉਰਜਾ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਕਰ ਰਹੇ ਸਨ। ਬਿਜਲੀ ਦੀ ਲਾਇਨ ਲੋਸਿਸ ਨੂੰ ਘੱਟ ਕਰਨ 'ਤੇ ਪ੍ਰਮੁੱਖਤਾ ਦੇ ਨਾਲ ਤਕਨੀਕੀ ਤੌਰ 'ਤੇ ਵੱਖ-ਵੱਖ ਕਦਮ ਚੁੱਕੇ ਜਾਣ



ਉਰਜਾ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬਿਜਲੀ ਦੀ ਚੋਰ ਨੂੰ ਰੋਕਣ ਲਈ ਸਹੀ ਕਦਮ ਚੁੱਕੇ ਜਾਣ। ਜੇਕਰ ਬਿਜਲੀ ਚੋਰੀ ਕਰਦਾ ਕੋਈ ਖਪਤਕਾਰ ਫੜਿਆ ਜਾਂਦਾ ਹੈ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ, ਬਿਜਲੀ ਦੀ ਲਾਇਨ ਲੋਸਿਸ ਨੂੰ ਘੱਟ ਕਰਨ ਲਈ ਪ੍ਰਮੁੱਖਤਾ ਦੇ ਨਾਲ ਤਕਨੀਕੀ ਤੌਰ 'ਤੇ ਵੱਖ-ਵੱਖ ਕਦਮ ਚੁੱਕੇ ਜਾਣ।

ਬਿਜਲੀ ਦਾ ਨਵਾਂ ਕਨੈਕਸ਼ਨ ਲਗਾਉਣ 'ਤੇ ਖਪਤਕਾਰਾਂ ਤੋਂ ਬਿਜਲੀ ਦੀ ਤਾਰ ਮੰਗਣ 'ਤੇ ਸਬੰਧਿਤ ਬਿਜਲੀ ਕਰਮਚਾਰੀ ਦੇ ਖਿਲਾਫ ਹੋਵੇਗੀ ਸਖਤ ਕਾਰਵਾਈ

ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਸੂਬੇ ਵਿਚ ਮੀਟਰ ਟੇਸਟਿੰਗ ਦੀ ਲੈਬਾਂ ਨੂੰ ਐਨਏਬੀਐਲ ਤੋਂ ਮੰਜੂਰ ਕਰਵਾਇਆ ਜਾਵੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ ਕਿ ਬਿਜਲੀ ਦਾ ਨਵਾਂ ਕਨੈਕਸ਼ਨ ਲਗਾਉਣ 'ਤੇ ਖਪਤਕਾਰ ਤੋਂ ਬਿਜਲੀ ਦੀ ਤਾਰ ਮੰਗਣ 'ਤੇ ਸਬੰਧਿਤ ਕਰਮਚਾਰੀਆਂ ਦੇ ਖਿਲਾਫ ਸਖਤ ਕਾਰਵਾਈ ਹੋਵੇਗੀ।

ਸ੍ਰੀ ਵਿਜ ਨੇ ਕਿਹਾ ਕਿ ਪੂਰੇ ਸੂਬੇ ਵਿਚ ਜਿਨ੍ਹਾਂ ਸਬ-ਸਟੇਸ਼ਨਾਂ 'ਤੇ ਵੱਧ ਲੋਡ ਹੈ, ਉਨ੍ਹਾਂ ਦੀ ਸਮਰੱਥਾ ਵਧਾਈ ਜਾਵੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਟ੍ਰਾਂਸਫਾਰਮਾਂ ਦਾ ਲੋਡ ਵੀ ਪਤਾ ਕਰਨ ਦਾ ਆਦੇਸ਼ ਦਿੰਦੇ ਹੋਏ ਕਿਹਾ ਕਿ ਜੇਕਰ ਕਨੈਕਸ਼ਨ ਲੋਡ ਵੱਧ ਦਾ ਹੈ ਤਾਂ ਟ੍ਰਾਂਸਫਾਰਮਰ ਨੂੰ ਅਪਗ੍ਰੇਡ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਵਿਭਾਗ ਦੇ ਕਰਮਚਾਰੀਆਂ ਨੂੰ ਸਰਕਾਰੀ ਮਕਾਨ ਦੇਣ ਲਈ ਯੋਜਨਾ ਤਿਆਰ ਕੀਤੀ ਜਾਵੇ।

ਪੀਐਮ ਸੂਰਿਆ ਘਰ ਯੋਜਨਾ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਕੀਤਾ ਜਾਵੇ ਜਾਗਰੁਕ - ਵਿਜ

ਸ੍ਰੀ ਵਿਜ ਨੇ ਕਿਹਾ ਕਿ ਹਰਿਆਣਾ ਨੂੰ ਪੀਐਮ ਸੂਰਿਆ ਘਰ ਯੋਜਨਾ ਤਹਿਤ 1 ਲੱਖ ਕਨੈਕਸ਼ਨ ਦੇਣ ਦੇ ਟੀਚਾ ਭਾਰਤ ਸਰਕਾਰ ਵੱਲੋਂ ਮਿਲਿਆ ਹੈ। ਸੂਬੇ ਵਿਚ 7 ਹਜਾਰ ਤੋਂ ਵੱਧ ਪੀਐਮ ਸੂਰਿਆ ਘਰ ਯੋਜਨਾ ਤਹਿਤ ਕਨੈਕਸ਼ਨ ਦੇ ਦਿੱਤੇ ਗਏ ਹਨ। ਇਸ ਨੂੰ ਹੋਰ ਵੱਧ ਵਧਾਉਣ ਲਈ ਵੱਖ-ਵੱਖ ਸਰੋਤਾਂ ਨਾਲ ਲੋਕਾਂ ਨੂੰ ਜਾਗਰੁਕ ਕੀਤਾ ਜਾਵੇਗਾ।

ਉਨ੍ਹਾਂ ਨੇ ਇਸ ਟੀਚੇ ਨੂੰ 31 ਮਾਰਚ 2025 ਤਕ ਪੂਰਾ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

# ਵਿਧਾਇਕ ਮਾਲੇਰਕੋਟਲਾ ਵੱਲੋਂ ਰਾਜ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ- 2024 ਦਾ ਉਦਘਾਟਨ

**ਅਮਰਗੜ੍ਹ , 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਤਰਫੋਂ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮਰਗੜ੍ਹ ਵਿਖੇ ਰਾਜ ਪੱਧਰੀ ਖੇਡਾਂ- 2024 ਦਾ ਆਗਾਜ ਕੀਤਾ ਗਿਆ।

ਇਹਨਾਂ ਖੇਡਾਂ ਦਾ ਉਦਘਾਟਨੀ ਸਮਾਰੋਹ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਵਲੋਂ ਕੀਤਾ ਗਿਆ। ਇਸ ਦੌਰਾਨ ਐਮ.ਡੀ ਪਾਈਨੀਅਰ ਪਬਲਿਕ ਸਕੂਲ ਪਰਮਿੰਦਰ ਕੌਰ ਮੰਡੇਰ, ਉਪ ਮੰਡਲ ਮੈਜਿਸਟਰੇਟ ਅਮਰਗੜ੍ਹ ਸੁਰਿੰਦਰ ਕੌਰ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ।

ਵਿਧਾਇਕ ਰਹਿਮਾਨ ਨੇ ਕਿਹਾ ਕਿ ਇਹਨਾਂ ਖੇਡਾਂ ਦਾ ਮਕਸਦ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣਾ ਅਤੇ ਨੌਜਵਾਨਾ ਨੂੰ ਨਸ਼ਿਆ ਦੇ ਬੁਰੇ ਪ੍ਰਭਾਵ ਤੋਂ ਬਚਾਉਣਾ ਹੈ। ਉਹਨਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖਿਡਾਰੀ ਇਹਨਾਂ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਅਤੇ ਇੱਕ ਨਿਰੋਗ ਜੀਵਨ ਜਿਉਣ ਅਤੇ ਖੇਡਾਂ ਵਿੱਚ ਮੱਲਾਂ ਮਾਰ ਕੇ ਆਪਣਾ, ਆਪਣੇ ਕੋਚ ਅਤੇ ਪਰਿਵਾਰ ਦਾ ਨਾਮ ਖੇਡਾਂ ਦੇ ਖੇਤਰ ਵਿੱਚ ਰੌਸ਼ਨ ਕਰਨ ।

ਵਾਲੀਬਾਲ (ਸ਼ੂਟਿੰਗ) ਦੇ ਖੇਡਾਂ ਮੁਕਾਬਲੇ ਵਿੱਚ ਅੰਡਰ 14 (ਪੱਕੀ) ਸ੍ਰੀ ਮੁਕਤਸਰ ਸਾਹਿਬ ਨੇ ਪਹਿਲਾ ਸਥਾਨ ਸੰਗਰੂਰ ਨੇ ਦੂਜਾ ਅਤੇ ਫਾਜਿਲਕਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ ।

# ਹਾਦਸਾਗ੍ਰਸਤ ਕਾਰ 'ਚੋਂ ਦੇਸੀ ਸ਼ਰਾਬ ਬਰਾਮਦ

**ਸਿਰਸਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਹਾਈਵੇਅ ਨੌਂ 'ਤੇ ਸਥਿਤ ਮਹਿੰਦਰਾ ਏਜੰਸੀ ਨੇੜੇ ਹਾਦਸੇ ਦਾ ਸ਼ਿਕਾਰ ਹੋਈ ਇਨੋਵਾ ਗੱਡੀ 'ਚੋਂ ਪੁਲੀਸ ਨੇ ਦੇਸੀ ਸ਼ਰਾਬ ਦੀਆਂ 1224 ਬੋਤਲਾਂ (102 ਪੇਟੀਆਂ) ਬਰਾਮਦ ਕੀਤੀਆਂ ਹਨ। ਪੁਲੀਸ ਫ਼ਰਾਰ ਹੋਏ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਇਨੋਵਾ ਗੱਡੀ ਅਤੇ ਸ਼ਰਾਬ ਨੂੰ ਕਬਜ਼ੇ 'ਚ ਲੈ ਕੇ ਥਾਣਾ ਡਿੰਗ 'ਚ ਆਬਕਾਰੀ ਐਕਟ ਤਹਿਤ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿੰਗ ਥਾਣਾ ਇੰਚਾਰਜ ਸਬ-ਇੰਸਪੈਕਟਰ ਭੀਮ ਸਿੰਘ ਨੇ ਦੱਸਿਆ ਕਿ ਡਿੰਗ ਥਾਣਾ ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਐੱਨ.ਐੱਚ. 9 ਆਊਟਲੈੱਟ ਖੇਤਰ 'ਚ ਇਨੋਵਾ ਗੱਡੀ ਹਾਦਸਾਗ੍ਰਸਤ ਹੋ ਗਈ ਹੈ ਤੇ ਗੱਡੀ 'ਚ ਸ਼ਰਾਬ ਲੱਦੀ ਹੋਈ ਹੈ। ਸੂਚਨਾ ਮਿਲਣ 'ਤੇ ਪੁਲੀਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਉਕਤ ਇਨੋਵਾ ਗੱਡੀ 'ਚੋਂ 1224 ਬੋਤਲਾਂ ਦੇਸੀ ਸ਼ਰਾਬ ਬਰਾਮਦ ਕੀਤੀ। ਥਾਣਾ ਇੰਚਾਰਜ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਸ਼ਰਾਬ ਨਾਜਾਇਜ਼ ਤੌਰ 'ਤੇ ਤਸਕਰੀ ਲਈ ਲਿਜਾਈ ਜਾ ਰਹੀ ਸੀ। ਥਾਣਾ ਇੰਚਾਰਜ ਨੇ ਦੱਸਿਆ ਕਿ ਜਾਂਚ ਦੌਰਾਨ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗਾ ਕਿ ਉਕਤ ਸ਼ਰਾਬ ਕਿੱਥੋਂ ਲਿਆਂਦੀ ਗਈ ਅਤੇ ਕਿੱਥੇ ਸਪਲਾਈ ਕੀਤੀ ਜਾਣੀ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਾਂਚ ਦੌਰਾਨ ਜੋ ਵੀ ਵਿਅਕਤੀ ਸ਼ਰਾਬ ਦੀ ਤਸਕਰੀ ਵਿੱਚ ਸ਼ਾਮਲ ਪਾਇਆ ਗਿਆ, ਉਸ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਨਰ ਨਰਾਇਣ ਸੇਵਾ ਸਮਿਤੀ ਨੇ ਰਾਸ਼ਨ ਵੰਡਿਆ



**ਸ਼ਾਹਬਾਦ ਮਾਰਕੰਡਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵਾ ਕਾਰਜਾਂ ਵਿੱਚ ਨਰ ਨਰਾਇਣ ਸੇਵਾ ਸਮਿਤੀ ਨੇ ਲੋੜਵੰਦ 55 ਪਰਿਵਾਰਾਂ ਨੂੰ ਮਹੀਨਾ ਵਾਰ ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿਚ ਮੁਫਤ ਰਾਸ਼ਨ ਵੰਡਿਆ। ਸਮਿਤੀ ਦੇ ਸੰਸਥਾਪਕ ਮੁਨੀਸ਼ ਭਾਟੀਆ ਨੇ ਦੱਸਿਆ ਕਿ ਸਮਿਤੀ ਪਿਛਲੇ 14 ਸਾਲਾਂ ਚ ਸਮਾਜ ਸੇਵਾ ਦੇ ਕਾਰਜਾਂ ਵਿਚ ਜੁਟੀ ਹੋਈ ਹੈ ਤੇ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਰਾਸ਼ਨ ਤੋਂ ਇਲਾਵਾ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਤੇ ਗਰੀਬ ਤੇ ਹੋਣਹਾਰ ਵਿਦਿਆਰਥੀਆਂ ਦੀ ਪੜ੍ਹਾਈ ਲਈ ਮਦਦ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਸਭ ਕੁਝ ਮਹੀਨਾਵਾਰ ਡੋਨਰ ਮੈਂਬਰਾਂ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਰਿਹਾ ਹੈ। ਭਾਟੀਆ ਨੇ ਕਿਹਾ ਕਿ ਲੋੜਵੰਦ ਪਰਿਵਾਰਾਂ ਦੀ ਮਦਦ ਕਰਕੇ ਵੱਖਰਾ ਹੀ ਅਨੰਦ ਹੈ ਤੇ ਕਮੇਟੀ ਮੈਂਬਰ ਸਮਾਜ ਭਲਾਈ ਦੇ ਕਾਰਜਾਂ ਲਈ ਹਰ ਵੇਲੇ ਯਤਨਸ਼ੀਲ ਰਹਿੰਦੇ ਹਨ।

ਇਸ ਮੌਕੇ ਮੰਦਰ ਦੇ ਸੰਚਾਲਕ ਅਚਾਰੀਆ ਕ੍ਰਿਸ਼ਨਾ ਭੱਟ, ਮੁਨੀਸ਼ ਭਾਟੀਆ, ਹਰੀਸ਼ ਵਿਰਮਾਨੀ, ਬਿੱਟੂ ਬੱਤਰਾ, ਵਿਨੋਦ ਸ਼ਰਮਾ, ਸਤਪਾਲ ਭਾਟੀਆ,ਸੁਸ਼ੀਲ ਠੁਕਰਾਲ, ਕਰਨੈਲ ਸਿੰਘ, ਪੰਕਜ ਮਿੱਤਲ,ਅਭਿਸ਼ੇਕ ਛਾਬੜਾ ਮੌਜੂਦ ਸਨ।

# ਨਾਬਾਲਗ ਨੂੰ ਵਰਗਲਾਉਣ ਦੇ ਦੋਸ਼ ਹੇਠ ਕੇਸ ਦਰਜ

**ਏਲਨਾਬਾਦ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਪਿੰਡ ਵਿੱਚੋਂ ਇੱਕ ਨੌਜਵਾਨ ਇੱਕ ਨਾਬਾਲਗ ਲੜਕੀ ਨੂੰ ਵਰਗਲਾ ਕੇ ਲੈ ਗਿਆ ਹੈ। ਇਸ ਸਬੰਧੀ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਲੜਕੀ ਦੇ ਪਿਤਾ ਨੇ ਦੋਸ਼ ਲਗਾਇਆ ਕਿ ਉਸਦੀ 16 ਸਾਲਾਂ ਲੜਕੀ ਜਦੋਂ ਵੀ ਸਕੂਲ ਜਾਂਦੀ ਸੀ ਤਾਂ ਇੱਕ ਲੜਕਾ ਉਸਦਾ ਪਿੱਛਾ ਕਰਦਾ ਸੀ ਜਿਸਨੂੰ ਕਈ ਵਾਰ ਅਜਿਹਾ ਕਰਨ ਤੋਂ ਰੋਕਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਲੰਘੀ ਰਾਤ ਜਦੋਂ ਸਾਰਾ ਪਰਿਵਾਰ ਘਰ ਵਿੱਚ ਸੁੱਤਾ ਪਿਆ ਸੀ ਤਾਂ ਲੜਕੀ ਘਰ ਵਿੱਚੋਂ ਲਾਪਤਾ ਹੋ ਗਈ। ਜਦੋਂ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਕਤ ਲੜਕਾ ਹੀ ਉਨ੍ਹਾਂ ਦੀ ਲੜਕੀ ਨੂੰ ਵਰਗਲਾ ਕੇ ਲੈ ਗਿਆ ਹੈ। ਲੜਕੀ ਦੇ ਪਿਤਾ ਨੇ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਲੜਕੀ ਦਾ ਸੁਰਾਗ ਲਾਇਆ ਜਾਵੇ। ਪੁਲੀਸ ਨੇ ਕੇਸ ਉਸਦਾ ਪਿੱਛਾ ਕਰਦਾ ਸੀ ਜਿਸਨੂੰ ਕਈ ਵਾਰ ਅਜਿਹਾ ਕਰਨ ਤੋਂ ਰੋਕਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਲੰਘੀ ਰਾਤ ਜਦੋਂ ਸਾਰਾ ਪਰਿਵਾਰ ਘਰ ਵਿੱਚ ਸੁੱਤਾ ਪਿਆ ਸੀ ਤਾਂ ਲੜਕੀ ਘਰ ਵਿੱਚੋਂ ਲਾਪਤਾ ਹੋ ਗਈ। ਜਦੋਂ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਕਤ ਲੜਕਾ ਹੀ ਉਨ੍ਹਾਂ ਦੀ ਲੜਕੀ ਨੂੰ ਵਰਗਲਾ ਕੇ ਲੈ ਗਿਆ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਸਬੰਧੀ ਹਾਸਿਲ ਕੀਤੀ ਜਾਣਕਾਰੀ




**ਤਰਨ ਤਾਰਨ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਦੇ ਕੀਤੇ ਜਾ ਰਹੇ ਦੌਰੇ ਦੌਰਾਨ ਅੱਜ ਜ਼ਿਲ੍ਹਾ ਤਰਨ ਤਾਰਨ ਦਾ ਦੌਰਾ ਕਰਦਿਆਂ ਭਿੱਖੀਵਿੰਡ ਦੇ ਇੱਕ ਸਕੂਲ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਸਰਹੱਦੀ ਪਿੰਡਾਂ ਵਿੱਚ ਬਣੀਆਂ ਪਿੰਡ ਪੱਧਰੀ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ ਗਿਆ ਅਤੇ ਉਹਨਾਂ ਤੋਂ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆਂ ਨੇ ਕਿਹਾ ਕਿ ਸਰਹੱਦੀ ਇਲਾਕਿਆਂ ਵਿੱਚ ਲੜਕੀਆਂ ਨੂੰ ਉੱਚ ਸਿੱਖਿਆ ਮੁਹੱਈਆ ਕਰਵਾਉਣਾ ਸਮੇਂ ਦੀ ਬਹੁਤ ਵੱਡੀ ਲੋੜ ਹੈ ਅਤੇ ਮਾਪੇ ਆਪਣੀਆਂ ਧੀਆਂ ਨੂੰ ਆਧੁਨਿਕ ਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਅੱਗੇ ਆਉਣ ਤਾਂ ਜੋ ਉਹ ਦੇਸ਼ ਤੇ ਸਮਾਜ ਦੀ ਤਰੱਕੀ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਣ।

ਉਹਨਾਂ ਕਿਹਾ ਕਿ ਸਰਹੱਦੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਇਹਨਾਂ ਇਲਾਕਿਆਂ ਦੇ ਲੋਕਾਂ ਨੂੰ ਸੜਕਾਂ, ਆਵਾਜਾਈ ਸਹੂਲਤਾਂ, ਆਧੁਨਿਕ ਤੇ ਮਿਆਰੀ ਸਿੱਖਿਆ, ਰੋਜ਼ਗਾਰ, ਪੀਣ ਵਾਲ ਸਾਫ਼ ਪਾਣੀ ਅਤੇ ਸਿਹਤ ਸਹੂਲਤਾਂ ਹੋਰ ਬਿਹਤਰ ਢੰਗ ਤੇ ਪਹਿਲ ਦੇ ਆਧਾਰ 'ਤੇ ਮਿਲ ਸਕਣ।

ਉਹਨਾਂ ਕਿਹਾ ਕਿ ਸਮਾਜ ਵਿੱਚ ਨਸ਼ੇ ਵਰਗੀ ਭਿਆਨਕ ਬਿਮਾਰੀ ਨਾਲ ਨਜਿੱਠਣ ਲਈ ਮਹਿਲਾਵਾਂ ਨੂੰ ਵਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਆਮ ਲੋਕਾਂ ਤੇ ਖਾਸਕਰ ਔਰਤਾਂ ਦੇ ਸਹਿਯੋਗ ਨਾਲ ਹੀ ਅਸੀਂ ਨੌਜਵਾਨ ਪੀੜ੍ਹੀ ਨੂੰ ਨਸ਼ੇ ਵਰਗੀ ਭੈੜੀ ਬਿਮਾਰ ਤੋਂ ਬਚਾ ਸਕਦੇ ਹਾਂ। ਉਹਨਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਬਹੁਤ ਵੱਡੀ ਲੋੜ ਹੈ। ਉਹਨਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਸਮਰੱਥਾਂ ਦੀ ਕੋਈ ਘਾਟ ਨਹੀਂ ਹੈ।

ਉਹਨਾਂ ਕਿਹਾ ਕਿ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਰਹੱਦ ਦੇ ਨੇੜਲੇ ਪਿੰਡਾਂ 'ਚ ਪਿੰਡ ਪੱਧਰੀ ਸੁਰੱਖਿਆ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਕਿ ਸਰਹੱਦੀ ਇਲਾਕਿਆਂ ਵਿੱਚ ਸਾਮਜ ਵਿਰੋਧੀ ਅਨਸਰਾਂ ਖਿਲਾਫ ਜਾਗਰੂਕਤਾ ਦਾ ਕੰਮ ਕਰਦੀਆਂ ਹਨ ਅਤੇ ਇਹਨਾਂ ਦੀ ਸੂਚਨਾ ਪੁਲਿਸ ਅਤੇ ਬੀਐਸਐਫ ਨੂੰ ਉਪਲਬੱਧ ਕਰਵਾਉਂਦੀਆਂ ਹਨ।

ਉਹਨਾਂ ਕਿਹਾ ਕਿ ਸਰਹੱਦੀ ਖੇਤਰਾਂ ਦੀਆਂ ਮੁਸਕਿਲਾਂ ਅਤੇ ਸਮਰੱਥਾਵਾਂ ਨੂੰ ਉਹ ਹੋਰ ਬਿਹਤਰ ਤਰੀਕੇ ਨਾਲ ਜਾਣਨ ਲਈ ਪਿੰਡ ਪੱਧਰੀ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਸਮੇਂ-ਸਮੇਂ 'ਤੇ ਰਾਜਭਵਨ ਬੁਲਾਇਆ ਜਾਇਆ ਕਰੇਗਾ ਤਾਂ ਜੋ ਉਹਨਾਂ ਦੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਦਾ ਢੁਕਵਾਂ ਹੱਲ ਕੀਤਾ ਜਾ ਸਕੇ।


ਇਸ ਉਪਰੰਤ ਉਹਨਾਂ ਬੀ. ਐੱਸ. ਐੱਫ਼. ਕੈਂਪ ਭਿੱਖੀਵਿੰਡ ਵਿਖੇ ਵਾਲੀਬਲ ਮੈਚ ਦਾ ਵੀ ਆਨੰਦ ਮਾਣਿਆ। ਇਸ ਮੌਕੇ ਅਡੀਸ਼ਨਲ ਚੀਫ਼ ਸੈਕਟਰੀ ਸ੍ਰੀ ਕੇ ਸ਼ਿਵਾ ਪ੍ਰਸ਼ਾਦ, ਪ੍ਰਿੰਸੀਪਲ ਸਕੱਤਰ ਸ੍ਰੀ ਵੀਕੇ ਮੀਨਾ, ਕਮਿਸ਼ਨਰ ਜਲੰਧਰ ਡਵੀਜ਼ਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ, ਡੀਆਈਜੀ ਰਣਜੀਤ ਸਿੰਘ ਢਿੱਲੋਂ, ਡਿਪਟੀ ਕਮਿਸ਼ਨਰ ਸ੍ਰੀਰਾਹੁਲ ਦੁਗਲ, ਰਾਮ ਕਿਸ਼ਨ, ਰਾਹੁਲ, ਐਸਐਸਪੀ ਸ੍ਰੀ ਅਭਿਮਨਿਓ ਰਾਣਾ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜਰ ਸਨ।

# ਝੋਨੇ ਦੀ ਖਰੀਦੀ ਗਈ ਫਸਲ ਦੀ ਅਦਾਇਗੀ ਵਜੋਂ ਕਿਸਾਨਾਂ ਨੂੰ ਜਾਰੀ ਕੀਤੇ 816.14 ਕਰੋੜ ਰੁਪਏ

**ਫ਼ਤਹਿਗੜ੍ਹ ਸਾਹਿਬ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇ ਲਿਫਟਿੰਗ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਹੁਣ ਤੱਕ ਮੰਡੀਆਂ ਵਿੱਚੋਂ ਲਗਭਗ 64 ਫੀਸਦੀ ਝੋਨੇ ਦੀ ਲਿਫਟਿੰਗ ਕਰਵਾਈ ਜਾ ਚੁੱਕੀ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਮੰਡੀਆਂ ਵਿੱਚ ਹੁਣ ਤੱਕ 03 ਲੱਖ 70 ਹਜ਼ਾਰ 203 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਹੈ ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 03 ਲੱਖ 65 ਹਜ਼ਾਰ 124 ਮੀਟਰਿਕ ਟਨ (98 ਫੀਸਦੀ ਤੋਂ ਵੱਧ) ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚੋਂ ਹੁਣ ਤੱਕ 02 ਲੱਖ 31 ਹਜ਼ਾਰ 391 ਮੀਟਰਿਕ ਟਨ ਝੋਨੇ ਦੀ ਲਿਫਟਿੰਗ ਕਰਵਾਈ ਗਈ ਹੈ ਤੇ ਖਰੀਦੇ ਗਏ ਝੋਨੇ ਦੀ ਅਦਾਇਗੀ ਵਜੋਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 816.14 ਕਰੋੜ ਰੁਪਏ ਜਮ੍ਹਾਂ ਕਰਵਾਏ ਜਾ ਚੁੱਕੇ ਹਨ।

ਡਾ. ਸੋਨਾ ਥਿੰਦ ਨੇ ਦੱਸਿਆ ਕਿ ਮੰਡੀਆਂ ਵਿੱਚ ਖਰੀਦੇ ਗਏ ਕੁੱਲ ਝੋਨੇ ਵਿੱਚੋਂ ਪਨਗ੍ਰੇਨ ਵੱਲੋਂ 01 ਲੱਖ 43 ਹਜ਼ਾਰ 110 ਮੀਟਰਿਕ ਟਨ, ਮਾਰਕਫੈੱਡ ਵੱਲੋਂ 91 ਹਜ਼ਾਰ 569 ਮੀਟਰਿਕ ਟਨ, ਪਨਸਪ ਵੱਲੋਂ 85 ਹਜ਼ਾਰ 959 ਮੀਟਰਿਕ ਟਨ, ਵੇਅਰ ਹਾਊਸ ਵੱਲੋਂ 39 ਹਜ਼ਾਰ 515 ਮੀਟਰਿਕ ਟਨ, ਐਫ.ਸੀ.ਆਈ. ਵੱਲੋਂ 4189 ਮੀਟਰਿਕ ਟਨ ਤੇ ਵਪਾਰੀਆਂ ਵੱਲੋਂ 782 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।



ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਉਸ ਨੂੰ ਖੇਤ ਵਿੱਚ ਹੀ ਵਾਹੁਣ ਨੂੰ ਤਰਜ਼ੀਹ ਦੇਣ ਤਾਂ ਜੋ ਦਿਨੋਂ ਦਿਨ ਗੰਧਲੇ ਹੁੰਦੇ ਜਾ ਰਹੇ ਵਾਤਾਵਰਣ ਪ੍ਰਦੂਸ਼ਣ ਦਾ ਖਾਤਮਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿਥੇ ਵਾਤਾਵਰਣ ਪ੍ਰਦੂਸ਼ਣ ਫੈਲਦਾ ਹੈ ਉਥੇ ਹੀ ਇਸ ਨਾਲ ਮਨੁੱਖੀ ਸਿਹਤ ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਦਾ ਖਾਤਮਾ ਕਰਨਾ ਸਾਡੀ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ ਅਤੇ ਕਿਸਾਨਾਂ ਨੂੰ ਇਸ ਵਿੱਚ ਆਪਣਾ ਉਸਾਰੂ ਯੋਗਦਾਨ ਪਾਉਣਾ ਚਾਹੀਦਾ ਹੈ।

# ਸਰਹੱਦ ਪਾਰੋਂ ਨਸ਼ਾ ਤਸਕਰੀ ਰੋਕਣ ਲਈ ਲੋਕਾਂ ਦੇ ਸਾਥ ਦੀ ਲੋੜ: ਰਾਜਪਾਲ

**ਅੰਮ੍ਰਿਤਸਰ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਪਣੇ ਚਾਰ ਦਿਨਾਂ ਦੇ ਸਰਹੱਦੀ ਦੌਰੇ ਦੌਰਾਨ ਅੱਜ ਕਿਹਾ ਕਿ ਸਰਹੱਦ ਪਾਰੋਂ ਹੁੰਦੀ ਨਸ਼ੇ ਦੀ ਤਸਕਰੀ ਰੋਕਣ ਲਈ ਲੋਕਾਂ ਦੇ ਸਾਥ ਦੀ ਲੋੜ ਹੈ। ਉਨ੍ਹਾਂ ਅੱਜ ਸ਼ਾਮ ਨੂੰ ਅਟਾਰੀ ਸਰਹੱਦ 'ਤੇ ਰੀਟਰੀਟ ਰਸਮ ਦਾ ਆਨੰਦ ਮਾਣਿਆ। ਇਸ ਮੌਕੇ ਉਨ੍ਹਾਂ ਬੀਐੱਸਐੱਫ ਦੇ ਜਵਾਨਾਂ ਦੀ ਪਰੇਡ ਦੇਖੀ ਅਤੇ ਜਵਾਨਾਂ ਦੇ ਇਸ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਇਸ ਮੌਕੇ ਬੀਐੱਸਐੱਫ ਵੱਲੋਂ ਰਾਜਪਾਲ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਨੇ ਇੱਕ ਸਵਾਲ ਦੇ ਜਵਾਬ 'ਚ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਸਿਰਫ ਸਖਤੀ ਕਰਨ ਦੀ ਨਹੀਂ ਬਲਕਿ ਬਦਲ ਦੇਣ ਦੀ ਲੋੜ ਹੈ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਹਰੀਕੇ ਪੱਤਣ ਵਿੱਚ ਪੈਂਦੇ ਸਤਲੁਜ ਤੇ ਬਿਆਸ ਦਰਿਆ ਦੇ ਸੰਗਮ ਦੇ ਨਿਰੀਖਣ ਮਗਰੋਂ ਅਧਿਕਾਰੀਆਂ ਨੂੰ ਦਰਿਆ ਵਿੱਚ ਫੈਕਟਰੀਆਂ 'ਚੋਂ ਨਿਕਲਣ ਵਾਲੇ ਗੰਦੇ ਪਾਣੀ ਦੀ ਨਿਕਾਸੀ ਦੇ ਪੁਖ਼ਤਾ ਪ੍ਰਬੰਧ ਕਰਨ ਅਤੇ ਫੈਕਟਰੀਆਂ ਦਾ ਗੰਧਲਾ ਪਾਣੀ ਦਰਿਆ ਵਿੱਚ ਨਾ ਪੈਣ ਦੇਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਾਫ਼ ਅਤੇ ਕੁਦਰਤੀ ਪਾਣੀ ਹੀ ਦਰਿਆ ਵਿੱਚ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੰਧਲੇ ਪਾਣੀ ਨਾਲ ਪ੍ਰਦੂਸ਼ਣ ਵੱਧ ਰਿਹਾ ਹੈ ਅਤੇ ਦਰਿਆ ਦਾ ਪਾਣੀ ਵੀ ਲਗਾਤਾਰ ਗੰਧਲਾ ਹੋ ਰਿਹਾ ਹੈ। ਗੰਧਲਾ ਪਾਣੀ ਦਰਿਆ ਵਿੱਚ ਰਹਿਣ ਵਾਲੇ ਜੀਵ-ਜੰਤੂਆਂ ਅਤੇ ਦਰਿਆ 'ਤੇ ਨਿਰਭਰ ਪਸ਼ੂ-ਪੰਛੀਆਂ ਲਈ ਖਤਰਾ ਪੈਦਾ ਕਰਦਾ ਹੈ।

ਰਾਜਪਾਲ ਨੇ ਕਿਹਾ ਕਿ ਕੁਦਰਤੀ ਤੌਰ 'ਤੇ ਇਹ ਜਗ੍ਹਾ ਬਹੁਤ ਸੁੰਦਰ ਹੈ ਅਤੇ ਇਸ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਸੈਲਾਨੀਆਂ ਦੇ ਰਹਿਣ ਸਹਿਣ ਅਤੇ ਸੈਰ-ਸਪਾਟੇ ਨੂੰ ਵਿਕਸਿਤ ਕਰਨ ਲਈ ਇੱਥੇ ਮੁੱਢਲੀਆਂ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣ। ਇਸ ਮਗਰੋਂ ਉਨ੍ਹਾਂ ਜੰਗਲਾਤ ਵਿਭਾਗ ਦੇ ਮਿਊਜ਼ੀਅਮ ਦਾ ਦੌਰਾ ਕੀਤਾ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਸਰਹੱਦੀ ਖੇਤਰ ਦੇ ਕਸਬਾ ਭਿੱਖੀਵਿੰਡ ਦੇ ਡੀਏਵੀ ਸੀਨੀਆਰ ਸੈਕੰਡਰੀ ਸਕੂਲ ਵਿੱਚ ਪਿੰਡਾਂ ਦੀਆਂ ਸੁਰੱਖਿਆ ਕਮੇਟੀਆਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਕਿਹਾ ਕਿ ਉਹ ਸਰਹੱਦੀ ਖੇਤਰ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਰਾਜ ਭਵਨ ਸੱਦਿਆ ਕਰਨਗੇ। ਰਾਜਪਾਲ ਨੇ ਕਿਹਾ ਕਿ ਲੜਕੀਆਂ ਨੂੰ ਉੱਚ ਸਿੱਖਿਆ ਮੁਹੱਈਆ ਕਰਵਾਉਣਾ ਸਮੇਂ ਦੀ ਲੋੜ ਹੈ।ਉਨ੍ਹਾਂ ਸਰਹੱਦੀ ਖੇਤਰਾਂ ਵਿੱਚ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੰਦਿਆਂ ਲੋਕਾਂ ਨੂੰ ਸੜਕਾਂ, ਆਵਾਜਾਈ ਸਹੂਲਤਾਂ, ਆਧੁਨਿਕ ਤੇ ਮਿਆਰੀ ਸਿੱਖਿਆ, ਰੁਜ਼ਗਾਰ, ਪੀਣ ਵਾਲੇ ਸਾਫ਼ ਪਾਣੀ ਅਤੇ ਸਿਹਤ ਸਹੂਲਤਾਂ ਨੂੰ ਹੋਰ ਬਿਹਤਰ ਕੀਤੇ ਜਾਣ 'ਤੇ ਵੀ ਜ਼ੋਰ ਦਿੱਤਾ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪਰਾਲੀ ਨਾ ਸਾੜਨ ਲਈ ਕਾਲਜ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



**ਨਾਭਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਇੱਕ ਜਾਗਰੂਕਤਾ ਸੈਮੀਨਾਰ ਸਰਕਾਰੀ ਰਿਪੁਦਮਨ ਕਾਲਜ, ਨਾਭਾ ਵਿਖੇ ਕਰਵਾਇਆ ਗਿਆ। ਇਸ ਮੌਕੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਵਿਦਿਆਰਥੀਆਂ ਦੇ ਭਾਸ਼ਣ ਅਤੇ ਕਵਿਤਾ ਲੇਖਨ ਦੇ ਮੁਕਾਬਲੇ ਕਰਵਾਏ ਗਏ। ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਹਰਦੀਪ ਸਿੰਘ ਸਭਿਖੀ, ਡਿਪਟੀ ਡਾਇਰੈਕਟਰ (ਟ੍ਰੇਨਿੰਗ), ਕੇ.ਵੀ.ਕੇ., ਪਟਿਆਲਾ ਨੇ ਉਹਨਾਂ ਦੇ ਸੈਂਟਰ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਕਰਕੇ ਹੋਣ ਵਾਲੇ ਨੁਕਸਾਨਾਂ ਪ੍ਰਤੀ ਜਾਗਰੂਕ ਕੀਤਾ।

ਡਾ. ਸਭਿਖੀ ਨੇ ਉਹਨਾਂ ਨੂੰ ਇਕ ਸਿਹਤਮੰਦ ਜੀਵਨ ਜਿਊਣ ਲਈ ਸ਼ਹਿਦ ਦੀ ਰੋਜ਼ਾਨਾ ਵਰਤੋਂ ਕਰਨ ਦਾ ਸੰਦੇਸ਼ ਵੀ ਦਿੱਤਾ। ਡਾ. ਗੁਰਪ੍ਰੀਤ ਸਿੰਘ ਸਿੱਧੂ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ), ਕੇ.ਵੀ.ਕੇ., ਪਟਿਆਲਾ ਨੇ ਵਿਦਿਆਰਥੀਆਂ ਨੂੰ ਪਰਾਲੀ ਸੰਭਾਲਣ ਵਾਸਤੇ ਅਪਣਾਈਆਂ ਜਾਣ ਵਾਲੀਆਂ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰਪੂਰਵਕ ਦੱਸਿਆ ਅਤੇ ਸਮੇਂ ਦੀ ਲੋੜ ਅਨੁਸਾਰ ਵਾਤਾਵਰਨ ਨੂੰ ਬਚਾਉਣ ਲਈ ਖੇਤੀਬਾੜੀ ਦੇ ਢੰਗਾਂ ਵਿਚ ਲੋੜੀਂਦੀ ਤਬਦੀਲੀ ਬਾਰੇ ਵੀ ਜਾਣਕਾਰੀ ਦਿੱਤੀ। ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ), ਕੇ.ਵੀ.ਕੇ., ਪਟਿਆਲਾ ਨੇ ਜੰਕ ਫੂਡ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਅਤੇ ਖੇਤੀਬਾੜੀ ਵਸਤਾਂ ਦੇ ਮੁੱਲ ਵਾਧੇ ਲਈ ਪ੍ਰੋਸੈਸਿੰਗ ਤਕਨੀਕਾਂ ਦੀ ਮਹੱਤਤਾ ਬਾਰੇ ਵੀ ਦੱਸਿਆ। ਇਸ ਸੈਮੀਨਾਰ ਦਾ ਆਯੋਜਨ ਪ੍ਰਿੰਸੀਪਲ ਡਾ. ਵਿਨੀਤਾ ਰਾਣੀ, ਸਰਕਾਰੀ ਰਿਪੁਦਮਨ ਕਾਲਜ ਨਾਭਾ ਦੀ ਯੋਗ ਅਗਵਾਈ ਹੇਠ ਕੀਤਾ ਗਿਆ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਮਾਹਿਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਆਪਣੇ ਜੀਵਨ ਵਿਚ ਅਪਣਾਉਣ ਲਈ ਪ੍ਰੇਰਿਤ ਕੀਤਾ। ਇਹਨਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਸਨਮਾਨ ਚਿੰਨ੍ਹ ਵੀ ਦਿੱਤੇ ਗਏ। ਅਖੀਰ ਵਿੱਚ ਕਾਲਜ ਦੇ ਬੋਟਨੀ ਵਿਭਾਗ ਦੇ ਮੁਖੀ ਅਤੇ ਈਕੋ ਕਲੱਬ ਦੇ ਇੰਚਾਰਜ ਪ੍ਰੋਫੈਸਰ ਸਵਰਨਜੀਤ ਕੌਰ ਨੇ ਆਏ ਹੋਏ ਸਾਇੰਸਦਾਨਾਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰਾਂ ਦੇ ਸੈਮੀਨਾਰਾਂ ਲਈ ਕਾਲਜ ਵਲੋਂ ਸਹਿਯੋਗ ਦੇਣ ਦਾ ਭਰੋਸਾ ਦਵਾਇਆ।

# ਸੰਸਦ ਮੈਂਬਰ ਸੰਜੀਵ ਅਰੋੜਾ ਨੇ ਫਿਰੋਜ਼ਪੁਰ ਰੋਡ ’ਤੇ ਐਲੀਵੇਟਿਡ ਹਾਈਵੇਅ ਦੇ ਹੇਠਲੇ ਹਿੱਸੇ ਨੂੰ ਸੁੰਦਰ ਬਣਾਉਣ ਲਈ ਮੀਟਿੰਗ ਕੀਤੀ

**ਲੁਧਿਆਣਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਲੁਧਿਆਣਾ ਵਿਖੇ ਫਿਰੋਜ਼ਪੁਰ ਰੋਡ ’ਤੇ ਐਲੀਵੇਟਿਡ ਹਾਈਵੇਅ ਦੇ ਹੇਠਾਂ 7 ਕਿਲੋਮੀਟਰ ਤੱਕ ਦੇ ਹਿੱਸੇ ਦੇ ਸੁੰਦਰੀਕਰਨ ਦੀ ਯੋਜਨਾ ਨੂੰ ਅੰਤਿਮ ਰੂਪ ਦੇਣ ਲਈ ਵੀਰਵਾਰ ਨੂੰ ਨਗਰ ਨਿਗਮ ਦਫ਼ਤਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ।



ਮੀਟਿੰਗ ਤੋਂ ਬਾਅਦ, ਐਮਪੀ ਸੰਜੀਵ ਅਰੋੜਾ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ, ਜਿਸ ਵਿੱਚ ਪ੍ਰਮੁੱਖ ਉਦਯੋਗਪਤੀਆਂ, ਲੁਧਿਆਣਾ ਮਿਉਂਸਪਲ ਕਾਰਪੋਰੇਸ਼ਨ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਵਿਚਕਾਰ ਇੱਕ ਸਹਿਯੋਗੀ ਪਹਿਲਕਦਮੀ ਦਾ ਐਲਾਨ ਕੀਤਾ ਗਿਆ ਜਿਸਦਾ ਉਦੇਸ਼ ਇਸ ਮਹੱਤਵਪੂਰਨ ਹਿੱਸੇ ਦੇ ਸੁਹਜ ਅਤੇ ਵਾਤਾਵਰਣ ਦੀ ਗੁਣਵੱਤਾ ਨੂੰ ਵਧਾਉਣਾ ਹੈ। ਪ੍ਰੋਜੈਕਟ ਵਿੱਚ ਇੰਡਸਟਰੀ ਦੇ ਆਗੂ ਸ਼ਾਮਲ ਹੋਣਗੇ ਜੋ ਮਾਰਗ ਦੇ ਨਾਲ ਮਨੋਨੀਤ ਖੇਤਰਾਂ ਦੇ ਸੁੰਦਰੀਕਰਨ ਅਤੇ ਟਿਕਾਊ ਰੱਖ-ਰਖਾਅ ਦੋਵਾਂ ਵਿੱਚ ਯੋਗਦਾਨ ਪਾਉਣਗੇ।

ਲੁਧਿਆਣਾ ਸਥਿਤ ਪ੍ਰਮੁੱਖ ਉਦਯੋਗਾਂ ਦੇ ਨੁਮਾਇੰਦਿਆਂ ਨੇ ਇਸ ਸੁੰਦਰੀਕਰਨ ਦੇ ਯਤਨਾਂ ਦੀ ਰਣਨੀਤੀ ਬਣਾਉਣ ਲਈ ਹੋਈ ਚਰਚਾ ਵਿੱਚ ਹਿੱਸਾ ਲਿਆ। ਇਸ ਮੌਕੇ ਲੁਧਿਆਣਾ ਦੇ ਉੱਘੇ ਉਦਯੋਗਪਤੀਆਂ ਵਿੱਚ ਏਵਨ ਸਾਈਕਲਜ਼ ਦੇ ਓਂਕਾਰ ਸਿੰਘ ਪਾਹਵਾ, ਕਰੀਮਿਕਾ ਦੇ ਅਨੂਪ ਬੈਕਟਰ, ਹੀਰੋ ਸਾਈਕਲਜ਼ ਲਿਮਟਿਡ ਦੇ ਐਸਕੇ ਰਾਏ, ਹੈਮਪਟਨ ਸਕਾਈ ਰਿਐਲਟੀ ਲਿਮਟਿਡ ਦੇ ਅਨੁਜ, ਬੋਨ ਬਰੈੱਡ, ਡੀਸੀਐਮ ਯੰਗ ਐਂਟਰਪ੍ਰੀਨੀਅਰਜ਼ ਸਕੂਲ ਦੀ ਸੋਨਲ ਮਹਾਜਨ, ਆਈਸੀਐਮ ਦੇ ਸੱਤਿਆ ਭਾਟੀਆ ਅਤੇ ਹੋਰ ਹਾਜ਼ਰ ਸਨ। ਉਦਯੋਗ ਦੀ ਸ਼ਮੂਲੀਅਤ ਵਿੱਚ ਪ੍ਰੋਜੈਕਟ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਲੈਂਡਸਕੇਪਿੰਗ, ਰੋਸ਼ਨੀ ਅਤੇ ਰੱਖ-ਰਖਾਅ ਸ਼ਾਮਲ ਹੋਣਗੇ।ਅਰੋੜਾ ਨੇ ਕਿਹਾ ਕਿ ਮੁੱਖ ਉਦੇਸ਼ਾਂ ਵਿੱਚ ਸ਼ਹਿਰ ਦੇ ਅਕਸ ਨੂੰ ਮੁੜ ਸੁਰਜੀਤ ਕਰਨ ਲਈ ਗ੍ਰੀਨ ਬੈਲਟ ਦੀ ਸਥਾਪਨਾ, ਰੁੱਖ ਲਗਾਉਣਾ ਅਤੇ ਆਕਰਸ਼ਕ ਲੈਂਡਸਕੇਪਿੰਗ ਸ਼ਾਮਲ ਹਨ। ਉਨ੍ਹਾਂ ਸੁੰਦਰ ਖੇਤਰਾਂ ਦੀ ਲੰਬੇ ਸਮੇਂ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਸਹਿਭਾਗੀ ਉਦਯੋਗਾਂ ਤੋਂ ਨਿਰੰਤਰ ਰੱਖ-ਰਖਾਅ ਸਹਾਇਤਾ ਪ੍ਰਾਪਤ ਕਰਨ ਲਈ ਆਪਣੀ ਵਚਨਬੱਧਤਾ ਪ੍ਰਗਟਾਈ। ਅੱਜ ਦੀ ਮੀਟਿੰਗ ਦੇ ਏਜੰਡੇ ਵਿੱਚ ਪ੍ਰੋਜੈਕਟ ਦੇ ਟੀਚਿਆਂ, ਐਨਐਚਏਆਈ ਦੀ ਭੂਮਿਕਾ, ਨਾਮਜ਼ਦ ਕੀਤੇ ਗਏ ਸੜਕਾਂ ਦੇ ਹਿੱਸੇ ਦੀਆਂ ਜ਼ਿੰਮੇਵਾਰੀਆਂ ਅਤੇ ਉਦਯੋਗ ਦੇ ਪ੍ਰਤੀਨਿਧੀਆਂ ਵਿਚਕਾਰ ਖੁੱਲ੍ਹੀ ਚਰਚਾ ਸ਼ਾਮਲ ਸੀ। ਬਾਗਬਾਨੀ ਦੀ ਵਿਉਂਤਬੰਦੀ ਅਤੇ ਰੁੱਖ ਲਗਾਉਣ ਲਈ ਪੀਏਯੂ ਦੀਆਂ ਸੇਵਾਵਾਂ ਸੁਚੱਜੇ ਢੰਗ ਨਾਲ ਲੈਣ ਦਾ ਫੈਸਲਾ ਕੀਤਾ ਗਿਆ। ਓਵਰਬ੍ਰਿਜ ਦੇ ਹੇਠਾਂ ਅਜਿਹੇ ਪੌਦੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਘੱਟ ਤੋਂ ਘੱਟ ਪਾਣੀ ਅਤੇ ਧੁੱਪ ਦੀ ਲੋੜ ਹੋਵੇ।

ਅਰੋੜਾ ਨੇ ਮੀਟਿੰਗ ਦਾ ਆਯੋਜਨ ਕਰਨ ਲਈ ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਅਤੇ ਐਨਐਚਏਆਈ ਪ੍ਰੋਜੈਕਟ ਡਾਇਰੈਕਟਰ ਪ੍ਰਿਅੰਕਾ ਮੀਣਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨੈਸ਼ਨਲ ਹਾਈਵੇਅ ਦੇ ਭਾਰਤ ਨਗਰ ਚੌਂਕ ਤੋਂ ਫਿਰੋਜ਼ਪੁਰ ਰੋਡ ’ਤੇ ਐਲੀਵੇਟਿਡ ਰੋਡ ਦੇ ਸ਼ੁਰੂ ਤੱਕ ਫੈਲਿਆ ਹੋਇਆ ਹੈ, ਜੋ ਕਿ ਸੁੰਦਰੀਕਰਨ ਦੇ ਮੁਕੰਮਲ ਹੋਣ ਤੋਂ ਬਾਅਦ ਲੁਧਿਆਣਾ ਦੇ ਸ਼ਹਿਰੀ ਦ੍ਰਿਸ਼ ਵਿੱਚ ਇੱਕ ਸ਼ਾਨਦਾਰ ਤਬਦੀਲੀ ਦੀ ਕਲਪਨਾ ਕਰਦਾ ਹੈ। ਐਨਐਚਏਆਈ ਨੇ ਪ੍ਰੋਜੈਕਟ ਲਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸਓਪੀ) ਸਾਂਝੀਆਂ ਕੀਤੀਆਂ ਹਨ, ਹਾਲਾਂਕਿ ਕੁਝ ਤੱਤ ਹਿੱਸੇਦਾਰਾਂ ਵਿਚਕਾਰ ਹੋਰ ਚਰਚਾ ਲਈ ਖੁੱਲ੍ਹੇ ਹਨ। ਇਸ ਵਿੱਚ ਸ਼ਾਮਲ ਉਦਯੋਗਾਂ ਨੇ ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐਸਆਰ) ਗਤੀਵਿਧੀਆਂ ਦੇ ਹਿੱਸੇ ਵਜੋਂ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਸਹਿਮਤੀ ਦਿੱਤੀ ਹੈ, ਜਿਸ ਵਿੱਚ ਵਿਗਿਆਪਨ ਦੇ ਮੌਕੇ ਪ੍ਰੋਤਸਾਹਨ ਵਜੋਂ ਪ੍ਰਦਾਨ ਕੀਤੇ ਜਾ ਰਹੇ ਹਨ। ਸੁੰਦਰੀਕਰਨ ਦੇ ਯਤਨਾਂ ਵਿੱਚ ਪੀਏਯੂ, ਲੁਧਿਆਣਾ ਦੇ ਮਾਹਿਰਾਂ ਦੀ ਅਗਵਾਈ ਵਿੱਚ ਪੌਦੇ ਲਗਾਉਣਾ, ਪੇਂਟ ਅਤੇ ਲੈਂਡਸਕੇਪਿੰਗ ਸ਼ਾਮਲ ਹੋਵੇਗੀ। ਐਮਪੀ ਸੰਜੀਵ ਅਰੋੜਾ ਨੇ ਭਰੋਸਾ ਦਿਵਾਇਆ ਕਿ ਉਹ ਐਨ.ਐਚ.ਏ.ਆਈ., ਚੰਡੀਗੜ੍ਹ ਦੇ ਖੇਤਰੀ ਅਧਿਕਾਰੀ ਨਾਲ ਮੀਟਿੰਗ ਦੌਰਾਨ ਉਠਾਈਆਂ ਗਈਆਂ ਚਿੰਤਾਵਾਂ ਨੂੰ ਦੂਰ ਕਰਨਗੇ ਅਤੇ ਉਮੀਦ ਪ੍ਰਗਟਾਈ ਕਿ ਅਗਲੇ ਚਾਰ ਤੋਂ ਛੇ ਹਫ਼ਤਿਆਂ ਵਿੱਚ ਇਹ ਪ੍ਰੋਜੈਕਟ ਸ਼ੁਰੂ ਹੋ ਜਾਵੇਗਾ। ਅਦਿੱਤਿਆ ਡੇਚਲਵਾਲ (ਨਗਰ ਨਿਗਮ ਲੁਧਿਆਣਾ), ਪ੍ਰਿਅੰਕਾ ਮੀਣਾ (ਪ੍ਰੋਜੈਕਟ ਡਾਇਰੈਕਟਰ, ਐਨ.ਐਚ.ਏ.ਆਈ, ਲੁਧਿਆਣਾ), ਅੰਕੁਰ ਮਹਿੰਦਰੂ (ਜੋਇੰਟ ਕਮਿਸ਼ਨਰ, ਨਗਰ ਨਿਗਮ) ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਮੀਟਿੰਗ ਵਿੱਚ ਸ਼ਿਰਕਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਨਗਰ ਨਿਗਮ ਕਮਿਸ਼ਨਰ ਅਦਿੱਤਿਆ ਡੇਚਲਵਾਲ ਨੇ ਭਰੋਸਾ ਦਿਵਾਇਆ ਕਿ ਇਸ ਮਾਰਗ ਨੂੰ ਮੋਹਰੀ ਮੰਨਦਿਆਂ ਸਮੁੱਚੇ ਲੁਧਿਆਣਾ ਨੂੰ ਸੁੰਦਰ ਬਣਾਇਆ ਜਾਵੇਗਾ।

# ਖੇਤੀਬਾੜੀ ਸਹਿਕਾਰੀ ਸਭਾਵਾਂ ’ਚ ਡੀ.ਏ.ਪੀ. ਦੀ ਸਪਲਾਈ ਯਕੀਨੀ ਬਣਾਉਣ ਲਈ ਚੈਕਿੰਗ ਨਿਰੰਤਰ ਜਾਰੀ

**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਣਕ ਤੇ ਸਬਜ਼ੀਆਂ ਦੀ ਬਿਜਾਈ ਲਈ ਕਿਸਾਨਾਂ ਨੂੰ ਲੋੜੀਂਦੀ ਡੀ.ਏ.ਪੀ. ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਜ਼ਿਲ੍ਹੇ ਅੰਦਰ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਿਰੰਤਰ ਚੈਕਿੰਗ ਜਾਰੀ ਹੈ। ਡੀ.ਏ.ਪੀ. ਦੀ ਸਭਾਵਾਂ ਅੰਦਰ ਕਿਸੇ ਤਰ੍ਹਾਂ ਦੀ ਬਲੈਕਮਾਰਕੀਟਿੰਗ ਅਤੇ ਜਮ੍ਹਾਂਖੋਰੀ ਦੀ ਚੈਕਿੰਗ ਦੇ ਨਾਲ-ਨਾਲ ਕਿਸਾਨਾਂ ਨੂੰ ਡੀ.ਏ.ਪੀ. ਦੀ ਵੰਡ ਹੱਦ ਕਰਜੇ ਮੁਤਾਬਕ ਕੀਤੀ ਜਾਣੀ ਵੀ ਯਕੀਨੀ ਬਣਾਈ ਜਾ ਰਹੀ ਹੈ।



ਪਟਿਆਲਾ ਜ਼ਿਲ੍ਹੇ ’ਚ ਸਹਿਕਾਰੀ ਸਭਾਵਾਂ ਦੇ ਉਪ ਰਜਿਸਟਰਾਰ ਸੰਗਰਾਮ ਸਿੰਘ ਸੰਧੂ ਦਾ ਕਹਿਣਾ ਸੀ ਕਿ ਉਨ੍ਹਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਡੀ.ਏ.ਪੀ. ਦੀ ਆ ਰਹੀ ਸਪਲਾਈ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਕਿਸਾਨ ਮੈਬਰਾਂ ਨੂੰ ਤਕਸੀਮ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਇਸੇ ਦੌਰਾਨ ਕਿਸਾਨਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਖੇਤੀਬਾੜੀ ਮਾਹਰਾਂ ਦੀ ਰਾਏ ਮੁਤਾਬਕ ਹੀ ਡੀ.ਏ.ਪੀ. ਦੀ ਵਰਤੋਂ ਆਪਣੇ ਖੇਤਾਂ ਵਿੱਚ ਕਰਨ। ਉਨ੍ਹਾਂ ਕਿਹਾ ਕਿ ਡੀ.ਏ.ਪੀ. ਦੇ ਬਦਲ ਵਜੋਂ ਕਿਸਾਨ ਐਨ.ਪੀ.ਕੇ. ਦੀ ਵੀ ਵਰਤੋਂ ਕਰ ਸਕਦੇ ਹਨ, ਜੋਕਿ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਵਾਧੂ ਉਪਲਬੱਧ ਕਰਵਾਇਆ ਜਾ ਰਿਹਾ ਹੈ।

ਉਪ ਰਜਿਸਟਰਾਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਡੀ.ਏ.ਪੀ. ਦੀ ਬਲੈਕਮਾਰਕੀਟਿੰਗ, ਜਮ੍ਹਾਂਖੋਰੀ ਤੇ ਕਿਸਾਨਾਂ ਨੂੰ ਇਸ ਦੀ ਵੰਡ ਹੱਦ ਕਰਜੇ ਮੁਤਾਬਕ ਕੀਤੇ ਜਾਣ ਦੀ ਚੈਕਿੰਗ ਉਹ ਖ਼ੁਦ ਅਤੇ ਉਨ੍ਹਾਂ ਦੇ ਸਹਾਇਕ ਰਜਿਸਟਰਾਰ ਸਮੇਤ ਸਾਰੇ ਇੰਸਪੈਕਟਰ ਕਰ ਰਹੇ ਹਨ।

ਸੰਗਰਾਮ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ 263 ਖੇਤੀਬਾੜੀ ਸਹਿਕਾਰੀ ਸਭਾਵਾਂ ਹਨ, ਇਨ੍ਹਾਂ ਵਿੱਚ ਲਗਾਤਾਰ ਡੀ.ਏ.ਪੀ. ਦੀ ਸਪਲਾਈ ਆ ਰਹੀ ਹੈ ਅਤੇ ਮਾਰਕਫੈਡ ਅਤੇ ਇਫਕੋ ਵੱਲੋਂ ਹੁਣ ਤੱਕ 7843.9 ਮੀਟ੍ਰਿਕ ਟਨ ਡੀ.ਏ.ਪੀ. ਦੀ ਸਪਲਾਈ ਆ ਚੁੱਕੀ ਹੈ। ਜੋਕਿ ਕਿਸਾਨ ਮੈਂਬਰਾਂ ਨੂੰ ਉਨ੍ਹਾਂ ਦੀ ਹੱਦ ਕਰਜੇ ਮੁਤਾਬਕ ਸਭਾਵਾਂ ਵੱਲੋਂ ਵੰਡੀ ਜਾ ਰਹੀ ਹੈ।


ਉਨ੍ਹਾਂ ਅੱਗੇ ਦੱਸਿਆ ਕਿ ਐਨ.ਪੀ.ਕੇ. ਦੀ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਵਿੱਚ ਮੰਗ 230 ਮੀਟ੍ਰਿਕ ਟਨ ਦੀ ਹੈ ਜਦਕਿ ਇਸ ਦੀ ਸਪਲਾਈ 1730 ਮੀਟ੍ਰਿਕ ਟਨ ਦੀ ਕੀਤੀ ਜਾ ਚੁੱਕੀ ਹੈ।

# ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ’ਚ ਝੋਨੇ ਦੀ ਆਮਦ 10 ਲੱਖ ਮੀਟ੍ਰਿਕ ਟਨ ਤੋਂ ਹੋਈ ਪਾਰ

## ਕਿਸਾਨਾਂ ਨੂੰ ਹੁਣ ਤੱਕ 2210 ਕਰੋੜ ਰੁਪਏ ਦੀ ਕੀਤੀ ਅਦਾਇਗੀ

**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਬੀਤੇ ਦਿਨ ਤੱਕ 10 ਲੱਖ 13 ਹਜ਼ਾਰ 997 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ ਅਤੇ ਇਸ ਵਿੱਚੋਂ 10 ਲੱਖ 5 ਹਜ਼ਾਰ 384 ਮੀਟ੍ਰਿਕ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਖ਼ਰੀਦੇ ਗਏ ਝੋਨੇ ਵਿਚੋਂ ਪਨਗਰੇਨ ਵੱਲੋਂ 451556 ਮੀਟਰਿਕ ਟਨ, ਮਾਰਕਫੈਡ ਵੱਲੋਂ 244797 ਮੀਟਰਿਕ ਟਨ, ਪਨਸਪ ਵੱਲੋਂ 188100 ਮੀਟਰਿਕ ਟਨ, ਪੰਜਾਬ ਰਾਜ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 117807 ਅਤੇ ਐਫ.ਸੀ.ਆਈ. ਵੱਲੋਂ 2438 ਮੀਟਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ।ਜਦਕਿ ਵਾਪਰੀਆਂ ਵੱਲੋਂ 686 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਕੀਤੇ ਗਏ ਝੋਨੇ ਦੀ ਕਿਸਾਨਾਂ ਨੂੰ ਹੁਣ ਤੱਕ 2210.78 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ ਜੋ ਕਿ ਖਰੀਦ ਕੀਤੇ ਝੋਨੇ ਦੀ 100 ਫ਼ੀਸਦੀ ਹੈ। ਉਨ੍ਹਾਂ ਦੱਸਿਆ ਕਿ ਖਰੀਦੇ ਗਏ ਝੋਨੇ ਦੀ ਲਿਫ਼ਟਿੰਗ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਮੰਡੀਆਂ ਵਿਚੋਂ ਹੁਣ ਤੱਕ 7 ਲੱਖ ਮੀਟਰਿਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ ਤੇ ਰੋਜ਼ਾਨਾ 50 ਹਜ਼ਾਰ ਮੀਟਰਿਕ ਟਨ ਤੋਂ ਜ਼ਿਆਦਾ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਰਹੀ ਹੈ।

ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਦਾ ਨਿਪਟਾਰਾ ਕਰਨ ਲਈ ਕਿਸਾਨ ਇਨ ਸੀਟੂ ਤਕਨੀਕਾਂ ਦੀ ਵਰਤੋਂ ਕਰਨ।ਉਨ੍ਹਾਂ ਕਿਹਾ ਕਿ ਇਸ ਤਕਨੀਕ ਦੀ ਵਰਤੋਂ ਨਾਲ ਜਿਥੇ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਉਥੇ ਹੀ ਵਾਤਾਵਰਣ ਪ੍ਰਦੂਸ਼ਣ ਤੋਂ ਬਚਾਅ ਹੁੰਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜੀਆਂ ਦੇ ਸੁਰੱਖਿਅਤ ਭਵਿੱਖ ਲਈ ਇਹ ਜ਼ਰੂਰੀ ਹੈ ਕਿ ਅਸੀਂ ਵਾਤਾਵਰਣ ਪ੍ਰਤੀ ਸੁਚੇਤ ਹੋਈ।

# ਡੀ ਟੀ ਐਫ ਵੱਲੋਂ ਛੁੱਟੀ ਲੈਣ ਲਈ ਲਾਈ ਰੋਕ ਦਾ ਲਿਆ ਸਖ਼ਤ ਨੋਟਿਸ



**ਗੜ੍ਹਸ਼ੰਕਰ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਇਕਾਈ ਗੜ੍ਹਸ਼ੰਕਰ ਵੱਲੋਂ ਜਿਲਾ ਸਿੱਖਿਆ ਅਫਸਰ (ਐ ਸਿ) ਹੁਸ਼ਿਆਰਪੁਰ ਵੱਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ 4 ਦਸੰਬਰ ਤੱਕ ਕੋਈ ਵੀ ਅਧਿਆਪਕ ਛੁੱਟੀ ਉਹਨਾਂ ਦੀ ਪ੍ਰਵਾਨਗੀ ਤੋਂ ਬਗੈਰ ਨਹੀਂ ਲੈ ਸਕੇਗਾ ਦਾ ਸਖਤ ਨੋਟਿਸ ਲਿਆ ਗਿਆ।

ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਡੀਟੀਐਫ ਦੇ ਸੰਯੁਕਤ ਸਕੱਤਰ ਮੁਕੇਸ਼ ਕੁਮਾਰ ਅਤੇ ਬਲਾਕ ਪ੍ਰਧਾਨ ਵਿਨੇ ਕੁਮਾਰ ਨੇ ਕਿਹਾ ਕਿ ਇੱਕ ਪ੍ਰੋਜੈਕਟ ਦੇ ਨਾਂ ਤਹਿਤ ਅਧਿਆਪਕਾਂ ਨੂੰ ਛੁੱਟੀ ਲੈਣ ਤੋਂ ਰੋਕਣ ਲਈ ਪੱਤਰ ਜਾਰੀ ਕਰਨਾ ਜਿਸ ਨੂੰ ਜਥੇਬੰਦੀ ਕਿਸੇ ਰੂਪ ਵਿੱਚ ਵੀ ਬਰਦਾਸ਼ਤ ਨਹੀਂ ਕਰੇਗੀ ਉਹਨਾ ਕਿਹਾ ਕੋਈ ਵੀ ਪ੍ਰੋਜੈਕਟ ਤਾਂ ਹੀ ਸਫਲ ਹੋ ਸਕਦਾ ਹੈ ਜੇਕਰ ਪਹਿਲਾਂ ਉਹਨਾਂ ਦੀਆਂ ਪੂਰੀਆਂ ਸ਼ਰਤਾਂ ਕੀਤੀਆਂ ਜਾਣ ਉਹਨਾਂ ਕਿਹਾ ਕਿ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਹਜ਼ਾਰਾਂ ਹੀ ਅਸਾਮੀਆਂ ਖਾਲੀਆਂ ਹਨ ਅਤੇ ਇੱਕ ਇੱਕ ਅਧਿਆਪਕ ਸਕੂਲਾਂ ਦੀਆਂ ਸੱਤ ਸੱਤ ਕਲਾਸਾਂ ਨੂੰ ਪੜ੍ਹਾ ਰਿਹਾ ਹੈ ਤੇ ਹੁਣ ਸੀਈਪੀ ਦੇ ਪ੍ਰੋਜੈਕਟ ਰਾਹੀਂ ਅਧਿਆਪਕਾਂ ਨੂੰ ਸਿਲੇਬਸ ਨਾ ਕਰਾ ਕੇ ਇਸ ਵਿੱਚ ਉਲਝਾਇਆ ਜਾ ਰਿਹਾ ਹੈ ਅਤੇ ਮਾਨਸਿਕ ਤੌਰ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ।

# ਕੇਜਰੀਵਾਲ ਦੀ ਡਮੀ ਸਰਕਾਰ ਸਾਬਤ ਹੋਈ ਮਾਨ ਸਰਕਾਰ: ਵਿਜੈਇੰਦਰ ਸਿੰਗਲਾ

**ਸੰਗਰੂਰ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦਾ ਵਿਕਾਸ ਘੱਟ ਵਿਨਾਸ਼ ਵੱਧ ਕੀਤਾ ਹੁਣ ਤੱਕ ਦੇ ਸਮੇਂ ਵਿੱਚ ਮਾਨ ਸਰਕਾਰ ਨੇ ਇਹਨਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਲੋਕ ਨਿਰਮਾਣ ਮੰਤਰੀ ਅਤੇ ਮੌਜੂਦਾ ਆਲ ਇੰਡੀਆ ਕਾਂਗਰਸ ਖਜਾਨਚੀ ਸ਼੍ਰੀ ਵਿਜੈਇੰਦਰ ਸਿੰਗਲਾ ਨੇ ਪ੍ਰਤੀਨਿਧੀ ਅਧਾਰਾ ਪ੍ਰੈਸ ਕੀ ਤਾਕਤ ਨਾਲ ਪੰਜਾਬ ਜਿਮਨੀ ਚੋਣ ਤੇ ਚਰਚਾ ਕਰਦਿਆਂ ਕਿਹਾ ।ਓਹਨਾ ਕਿਹਾ ਕੀ ਮਾਨ ਸਰਕਾਰ ਪੰਜਾਬ ਦੇ ਵਿਕਾਸ ਕਰਣ ਵਿੱਚ ਚਾਰੋ ਤਰਫ਼ੋਂ ਫੇਲ ਹੋ ਚੁਕੀ ਹੈ ।ਪੰਜਾਬ ਦੇ ਵਿੱਚ ਕਾਨੂੰਨ ਵਿਵਸਥਾ ਦਾ ਨਾਮ ਸਰਕਾਰ ਦੀ ਜੁਬਾਨੋਂ ਗਾਇਬ ਹੋ ਚੁੱਕਿਆ ਹੈ ।ਕਿਉਂਕਿ ਅੱਜ ਕੱਲ ਹਰ 10 ਮਿੰਟ ਬਾਅਦ ਹੀ ਸੋਸ਼ਲ ਮੀਡਿਆ ਰਾਹੀਂ ਦੇਖਣ ਨੂੰ ਮਿੱਲ ਰਿਹਾ ਕਿੱਥੇ ਗੋਲੀਆਂ ਚੱਲ ਰਹਿਆ ਹਨ ਵਪਾਰੀਆਂ ਤੋਂ ਫਰੌਤੀਆਂ ਦਿਨ ਦਿਹਾੜੇ ਮੰਗਿਆ ਜਾਂ ਰਹਿਆ ਹਨ ਓਹਨਾ ਕਿਹਾ ਕੀ ਪੰਜਾਬ ਦੇ ਵਿੱਚ ਕੋਈ ਵੀਂ ਵਰਗ ਸੁਰੱਖਿਅਤ ਅਤੇ ਖੁਸ਼ ਨਹੀਂ ਹੈ ।ਮਾਨ ਸਾਹਿਬ ਆਪਣੇ ਆਪ ਨੂੰ ਹੀ ਖੁਸ਼ ਕਰਣ ਲਈ ਹਵਾਈ ਗੱਲਾਂ ਕਰਦੇ ਹਨ ।ਮਾਨ ਸਰਕਾਰ ਦਾ ਦਾਵਾ ਸੀ ਕੀ ਗੋਰੇ ਪੰਜਾਬ ਆ ਨੌਕਰੀਆਂ ਕਰਣਗੇ ਪਰ ਮਾਨ ਸਾਹਿਬ ਨੇ ਪੌਣੇ ਤਿੰਨ ਸਾਲਾਂ ਵਿੱਚ ਪੰਜਾਬ ਦੀ ਉਹ ਦੁਰਦਿਸ਼ਾਂ ਕਰ ਦਿੱਤੀ ਕੀ ਗੋਰੇ ਪੰਜਾਬ ਵਿੱਚ ਨੌਕਰੀ ਤਾਂ ਦੂਰ ਗੋਰੇ ਝੋਨਾ ਲਗਾਉਣ ਲਾਇਕ ਨਹੀਂ ਛੱਡੇ ਸਾਡੀ ਪੰਜਾਬ ਦੀ ਹੀ ਪੀੜੀ ਬੇਰੋਜਗਾਰੀ ਅਤੇ ਨਸ਼ਿਆਂ ਵੱਲ ਧੱਕ ਦਿੱਤੀ ।ਓਹਨਾ ਕਿਹਾ ਮਾਨ ਸਰਕਾਰ ਕੇਜਰੀਵਾਲ ਦੀ ਡਮੀ ਸਰਕਾਰ ਹੈ ।ਜਿਸਦਾ ਰਿਮੋਟ ਕੇਜਰੀਵਾਲ ਦੇ ਹੱਥ ਵਿੱਚ ਹੈ ਤਾਹੀਓਂ ਮਾਨ ਸਾਹਿਬ ਦਾ ਪਲ ਪਲ ਵਿੱਚ ਬਿਆਨ ਬਦਲਦਾ ਰਹਿੰਦਾ ਹੈ ।ਓਹਨਾ ਕਿਹਾ ਕੀ ਮਾਨ ਸਾਹਿਬ ਨੂੰ ਆਪਣੀ ਕੁਰਸੀ ਤੱਕ ਮਤਲੱਬ ਸੀ ਜੋ ਮਿਲਣ ਮਗਰੋਂ ਕੀਤੇ ਵਾਧੀਆ ਤੋਂ ਮਾਨ ਸਾਹਿਬ ਅਲੋਪ ਹੋ ਗਏ ।ਓਹਨਾ ਕਿਹਾ ਬਰਨਾਲਾ ਜਿਮਨੀ ਚੋਣਾਂ ਵਿੱਚ ਜਨਤਾ ਦਾ ਪੱਖ ਕਾਂਗਰਸ ਦੇ ਹੱਕ ਵਿੱਚ ਪੂਰਾ ਜੋਰਾ ਸ਼ੋਰਾ ਤੇ ਦਿਖਾਈ ਦੇ ਰਿਹਾ ਹੈ।

# ਸਿਹਤ ਵਿਭਾਗ ਵੱਲੋਂ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਗਿਆ



**ਰੂਪ ਨਗਰ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਰੂਪਨਗਰ ਡਾ. ਤਰਸੇਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਗਿਆ। ਇਸ ਮੌਕੇ ਇੱਕ ਸੈਮੀਨਾਰ ਸਿਵਲ ਸਰਜਨ ਦਫਤਰ ਰੂਪਨਗਰ ਵਿਖੇ ਵੀ ਕੀਤਾ ਗਿਆ।

ਇਸ ਮੌਕੇ ਉਤੇ ਬੋਲਦਿਆਂ ਡਾਕਟਰ ਨੀਲੂ ਅਰੋੜਾ ਅਤੇ ਡਾਕਟਰ ਕਮਲ ਚੌਧਰੀ ਨੇ ਦੱਸਿਆ ਕਿ ਕੈਂਸਰ ਵਿਰੁੱਧ ਜਾਗਰੂਕਤਾ ਨੂੰ ਵਧਾਉਣ ਅਤੇ ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ ਲਈ ਉਤਸ਼ਾਹਿਤ ਕਰਨ ਲਈ ਹਰ ਸਾਲ 7 ਨਵੰਬਰ ਨੂੰ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਜਾਂਦਾ ਹੈ। ਇਸ ਦਿਵਸ ਦਾ ਮੁੱਖ ਉਦੇਸ਼ ਕੈਂਸਰ ਦੇ ਕਾਰਣਾਂ ਇਲਾਜ ਅਤੇ ਰੋਕਥਾਮ ਬਾਰੇ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨੀ ਹੈ।

ਪੰਜਾਬ ਸਿਹਤ ਵਿਭਾਗ ਨੇ ਕੈਂਸਰ ਜਾਗਰੂਕਤਾ ਲਈ ਵਿਸ਼ੇਸ਼ ਕਦਮ ਚੁੱਕੇ ਹਨ ਅਤੇ ਲੋਕਾਂ ਨੂੰ ਸਮੇ ਸਿਰ ਪਰੀਖਣ, ਸਿਹਤਮੰਦ ਜੀਵਨ ਸੈਲੀ, ਅਤੇ ਰੋਗ ਤੋਂ ਬਚਾਅ ਲਈ ਸਲਾਹ ਦਿੱਤੀ ਹੈ। ਇਹ ਦਿਨ ਲੋਕਾਂ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਤੇ ਜਾਗਰੂਕ ਹੋਣਾ ਮਹੱਤਵਪੂਰਨ ਹੈ। ਮੁੱਖ ਤੌਰ ਉਤੇ ਸਿਗਰਟਨੋਸ਼ੀ, ਸ਼ਰਾਬ ਸੇਵਨ ਅਤੇ ਅਸੰਤੁਲਿਤ ਭੋਜਨ ਕੈਂਸਰ ਦੇ ਮੁੱਖ ਕਾਰਕ ਹਨ। ਇਸ ਤੋਂ ਇਲਾਵਾ ਟੈਸਟ ਅਤੇ ਟੀਕਾਕਰਨ ਵੀ ਰੋਗ ਨਿਯੰਤਰਣ ਵਿੱਚ ਬਹੁਤ ਮਹੱਤਵਪੂਰਨ ਹਨ।

ਇਸ ਮੌਕੇ ਉਨਾਂ ਕਿਹਾ ਕਿ ਕੈਂਸਰ ਦੇ ਖਤਰੇ ਨੂੰ ਕੱਟਣ ਲਈ ਸੁਰੱਖਿਅਤ ਜੀਵਨ ਚੋਣਾਂ ਮਹੱਤਵਪੂਰਨ ਹਨ। ਸਮੇਂ ਸਿਰ ਟੈਸਟ ਅਤੇ ਸਿਹਤਮੰਦ ਜੀਵਨ ਸ਼ੈਲੀ ਨਾਲ ਕੈਂਸਰ ਦੇ ਮਾਮਲੇ ਘਟਾਏ ਜਾ ਸਕਦੇ ਹਨ। ਜਿਸ ਲਈ ਸਰਕਾਰ ਲੋਕਾਂ ਨੂੰ ਸਿਹਤਮੰਦ ਪੌਸ਼ਟਿਕ ਭੋਜਨ ਅਤੇ ਰੋਜ਼ਾਨਾ ਕਸਰਤ ਵੱਲ ਪ੍ਰੇਰਿਤ ਕਰ ਰਹੀ ਹੈ। ਕੈਂਸਰ ਜਾਗਰੂਕਤਾ ਦਿਵਸ ਸਾਨੂੰ ਇਹ ਯਾਦ ਦਿਲਾਉਂਦਾ ਹੈ ਕਿ ਸਿਹਤ ਸਾਡੇ ਹੱਥ ਵਿੱਚ ਹੈ ਅਤੇ ਸਿਹਤਮੰਦ ਜੀਵਨ ਅਪਣਾ ਕੇ ਅਸੀਂ ਕੈਂਸਰ ਨੂੰ ਹਰਾ ਸਕਦੇ ਹਾਂ। ਇਸ ਮੌਕੇ ਡਾਕਟਰ ਨਿਸ਼ਾ ਡਾਕਟਰ ਰਮਨ, ਡੋਲੀ ਸਿੰਗਲਾ ਆਦਿ ਹਾਜ਼ਰ ਸਨ।

# 2364 ਅਧਿਆਪਕਾਂ ਦੀ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ

**ਬਠਿੰਡਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੱਛਲੇ ਲੰਬੇ ਸਮੇ ਤੋ ਆਪਣੀਆਂ ਮੰਗਾ ਨੂੰ ਲੈਕੇ ਸੰਘਰਸ਼ ਕਰ ਰਹੇ 2364 ਅਧਿਆਪਕਾਂ ਦੀ ਅੱਜ ਉੱਚ ਅਧਿਕਾਰੀਆਂ ਨਾਲ ਮੁੱਖ ਮੰਤਰੀ ਦੀ ਗਿੱਦੜਬਾਹਾ ਫੇਰੀ ਦੌਰਾਨ ਮੀਟਿੰਗ ਹੋਈ ਜਿਸ ਵਿੱਚ ਪਿੱਛਲੇ ਚਾਰ ਸਾਲਾਂ ਤੋਂ ਆਪਣੀ ਨੌਕਰੀ ਦੀ ਉਡੀਕ ਕਰ ਰਹੇ ਅਧਿਆਪਕਾਂ ਨੂੰ ਜਲਦੀ ਹੀ ਭਰਤੀ ਪੂਰੀ ਕਰਨ ਦਾ ਆਸ਼ਵਾਸਨ ਮਿਲਿਆ, ਇਥੇ ਜ਼ਿਕਰਯੋਗ ਹੈ ਕਿ 2364 ਅਧਿਆਪਕਾਂ ਨੇ ਭਰਤੀ ਲੇਟ ਹੋਣ ਕਾਰਣ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ ਜਿਸ ਅਨੁਸਾਰ ਮੁੱਖ ਮੰਤਰੀ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਜਾਣੀਆਂ ਸਨ ਪਰ ਐਨ ਮੌਕੇ ਤੇ ਪਰਸ਼ਾਸ਼ਨ ਵਲੋ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਵਾਆਉਣ ਦਾ ਭਰੋਸਾ ਦਿੱਤਾ ਗਿਆ ਗਿਆ ਸੀ ਜਿਸ ਮਗਰੋਂ ਉੱਚ ਅਧਿਕਾਰੀਆਂ ਨੇ ਮੀਟਿੰਗ ਕਰਕੇ ਜਲਦੀ ਹੀ ਭਰਤੀ ਦਾ ਕੰਮ ਪੂਰਾ ਕਰਨ ਦਾ ਯਕੀਨ ਦਿਵਾਇਆ ਗਿਆ ਜਿਸ ਮੱਗਰੋ ਬੇਰੁਜਗਾਰ ਅਧਿਆਪਕਾਂ ਨੇ ਇਕ ਵਾਰ ਵਿਰੋਧ ਨਾ ਕਰਨ ਦਾ ਫ਼ੈਸਲਾ ਕੀਤਾ।



ਪਰ ਨਾਲ ਹੀ ਪੁਲਸ ਅਤੇ ਪ੍ਰਸ਼ਾਸਨ ਨੂੰ ਇਹ ਚੇਤਾਵਨੀ ਵੀ ਦਿੱਤੀ ਕਿ ਜੇਕਰ ਸਾਡੇ ਨਾਲ ਕੀਤਾ ਵਾਅਦਾ ਪੂਰਾ ਨਾ ਕੀਤਾ ਗਿਆ ਤਾਂ ਅਸੀਂ 20 ਤਰੀਕ ਤੱਕ ਸਰਕਾਰ ਦਾ ਭੰਡੀ ਪ੍ਰਚਾਰ ਕਰਾਂਗੇ ਨਾਲ ਹੀ ਪ੍ਰਸ਼ਾਸਨ ਨੂੰ ਇਹ ਗੱਲ ਕਹੀ ਕਿ ਵਾਰ-ਵਾਰ ਨੋਟੀਫਿਕੇਸ਼ਨ ਜਾਰੀ ਕਰਕੇ ਉਸ ਨੂੰ ਰੱਦ ਕਰਨਾ ਕੋਈ ਵਿਵੇਕ ਬੁੱਧੀ ਵਾਲਾ ਕਾਰਜ ਨਹੀਂ ਹੈ ਕਿਉਂਕਿ ਨੋਟਿਫਿਕੇਸ਼ਨ ਦੀ ਬਹੁਤ ਅਹਿਮੀਅਤ ਹੈ ਜਿਸ ਕਾਰਨ ਨੋਟੀਫਿਕੇਸ਼ਨ ਤੋਂ ਬਾਅਦ ਇੱਕ ਭਰੋਸਾ ਕਾਇਮ ਹੋਣਾ ਚਾਹੀਦਾ ਹੈ ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਸਾਰਾ ਕੁਝ ਪਹਿਲਾਂ ਦੇਖ ਜਾਂਚ ਕਰਕੇ ਨੋਟੀਫਿਕੇਸ਼ਨ ਪਾਇਆ ਜਾਵੇ ਵਾਰ ਵਾਰ ਨੋਟੀਫਿਕੇਸ਼ਨ ਪਾਣਾ ਤੇ ਉਸਨੂੰ ਰੱਦ ਕਰਨਾ ਇਹ ਕੋਈ ਚੰਗੀ ਗੱਲ ਨਹੀਂ ਪਹਿਲਾਂ ਅਜਿਹੇ ਕਾਰਜ ਘੱਟ ਹੀ ਦੇਖਣ ਨੂੰ ਮਿਲਦੇ ਸਨ ਸੋ ਨੋਟੀਫਿਕੇਸ਼ਨ ਵਾਰ-ਵਾਰ ਰੱਦ ਕਰਨ ਵਾਲਾ ਕੰਮ ਨਹੀਂ ਹੋਣਾ ਚਾਹੀਦਾ ਸਰਕਾਰ ਜਲਦੀ ਹੀ ਬੇਰੋਜ਼ਗਾਰ ਅਧਿਆਪਕਾਂ ਨੂੰ ਸਕੂਲਾਂ ਵਿੱਚ ਭੇਜੇ ਤੇ ਜਿਸ ਨਾਲ ਕਿ ਸਰਕਾਰ ਦੇ ਸਿੱਖਿਆ ਸਬੰਧੀ ਕ੍ਰਾਂਤੀਕਾਰੀ ਬਦਲਾਵਾਂ ਸਬੰਧੀ ਕੀਤੇ ਗਏ ਵਾਅਦੇ ਪੂਰੇ ਹੋ ਸਕਣ।

# ਆਜ਼ਾਦ ਉਮੀਦਵਾਰ ਵਜੋਂ ਜਿਮਨੀ ਚੋਣ ਲੜ ਰਹੇ ਮਨੀਸ਼ ਵਰਮਾ ਦਾ ਚੋਣ ਪ੍ਰਚਾਰ ਜ਼ੋਰਾਂ ’ਤੇ

**ਗਿੱਦੜਬਾਹਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿੱਦੜਬਾਹਾ ਹਲਕੇ ਚੋ 20 ਨਵੰਬਰ 2024 ਨੂੰ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹੈ ਜਿਸ ਵਿਚ ਕਈ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿਚ ਹਨ ਉਥੇ ਹੀ ਕਈ ਆਜ਼ਾਦ ਉਮੀਦਵਾਰ ਵਜੋਂ ਵੀ ਚੋਣ ਮੈਦਾਨ ਦੇ ਵਿੱਚ ਆਪਣੀ ਕਿਸਮਤ ਅਜਮਾ ਰਹੇ ਹਨ ਉੱਥੇ ਹੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਮਨੀਸ਼ ਵਰਮਾ ਉਰਫ਼ ਮੀਨੂੰ ਭਾਂਡਾ ਵੱਲੋਂ ਵੀ ਆਪਣਾ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਨੂੰ ਲੈ ਕੇ ਮੰਡੀ ਦੇ ਅੰਦਰ ਮੁਹੱਲਿਆਂ ਦੇ ਅੰਦਰ ਸ਼ਹਿਰ ਦੇ ਬਾਜ਼ਾਰ ਦੇ ਵਿੱਚ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।



ਮਨੀਸ਼ ਵਰਮਾ ਨੂੰ ਭਰਮਾ ਹੁੰਗਾਰਾ ਮਿਲ ਰਿਹਾ ਹੈ ਲੋਕਾਂ ਵੱਲੋਂ ਗਿੱਦੜਬਾਹਾ ਦੇ ਵੋਟਰਾਂ ਵੱਲੋਂ ਜਿਸ ਪਾਸੇ ਵੀ ਜਾਂਦੇ ਨੇ ਇੱਕ ਹਵਾ ਜਿਹੀ ਬਣਦੀ ਜਾਂਦੀ ਹੈ ਜਿਵੇਂ ਇੰਜ ਲੱਗਦਾ ਹੈ 20 ਨਵੰਬਰ ਨੂੰ ਵੋਟਾਂ ਵਾਲੇ ਦਿਨ ਇੱਕ ਹਨੇਰੀ ਜਿਹੀ ਆਵੇਗੀ ਇਨਾ ਸਿਆਸੀ ਲੀਡਰਾਂ ਨੂੰ ਉੜਾ ਕੇ ਲੈ ਜਾਵੇਗੀ ਉਹ ਹਨੇਰੀ ਮਨੀਸ਼ ਵਰਮਾ ਨੂੰ ਗਿੱਦੜਬਾਹਾ ਦਾ ਵਿਧਾਇਕ ਬਣਾਈ ਗਈ ਕਿਉਂਕਿ ਜੋ ਮਨੀਸ਼ ਵਰਮਾ ਗਰੀਬ ਲੋਕਾਂ ਦੀ ਆਵਾਜ਼ ਬਣ ਕੇ ਚੋਣ ਮੈਦਾਨ ਦੇ ਵਿੱਚ ਉਤਰਿਆ ਹੈ ਗਰੀਬ ਲੋਕਾਂ ਵੱਲੋਂ ਭਰਮਾ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਇੱਕੋ ਹੀ ਹੈ ਗੱਲ ਲੋਕ ਇਸ ਵਾਰ ਮਨੀਸ਼ ਵਰਮਾ ਦੇ ਨੇ ਵੱਲ ਕਹਿੰਦੇ ਵੋਟਾਂ ਪਾਵਾਂਗੇ ਜਰੂਰ ਚਾਹੇ ਆਜ਼ਾਦ ਹੈ ਉਮੀਦਵਾਰ ਮਨੀਸ਼ ਵਰਮਾ ਉਰਫ ਮੀਨੂੰ ਭਾਂਡਾ ਲੋਕਾਂ ਦੀ ਸੇਵਾ ਕਰਨ ਦਾ ਦੇਣਗੇ ਲੋਕ ਮੌਕਾ ਗਲੀ ਗਲੀ ਚ ਦਿੰਦੇ ਫਿਰਦੇ ਨੇ ਲੋਕ ਇਹ ਹੋਕਾ ਮਨੀਸ਼ ਵਰਮਾ ਨੂੰ ਦੇਵਾਂਗੇ ਇਸ ਵਾਰ ਮੌਕਾ ਦੇ ਕੇ ਲੋਕਾਂ ਅਜਮਾਣਾ ਹੈ ਕਈਆਂ ਨੂੰ ਕਈ ਵਾਰ ਪਾਈਆਂ ਨੇ ਵੋਟਾਂ ਪਾ ਕੇ ਜੇਤੂ ਬਣਾਇਆ ਹੈ ਪਰ ਸਾਡੇ ਬੱਚਿਆਂ ਦਾ ਭਵਿੱਖ ਕਿਸੇ ਨੇ ਨਹੀਂ ਬਣਾਇਆ ਇਸ ਵਾਰ ਲੋਕਾਂ ਨੇ ਮਨ ਹੈ ਬਣਾਇਆ ਬੱਚਿਆਂ ਦੇ ਭਵਿੱਖ ਲਈ ਮਨੀਸ਼ ਵਰਮਾ ਕਰੇਗਾ ਕੋਈ ਮਸਲੇ ਹੱਲ ਕੋਈ ਇੰਡਸਟਰੀ ਕੋਈ ਰੁਜ਼ਗਾਰ ਦੇ ਕਰੇਗਾ ਮਸਲੇ ਹੱਲ ਤੁਰ ਪਏ ਨੇ ਲੋਕ ਮਨੀਸ਼ ਵਰਮਾ ਵੱਲ ਇੱਕ ਵਾਰ ਜੇ ਦਿੱਤਾ ਮੌਕਾ ਗਿੱਦੜਬਾਹਾ ਵਾਲਿਆਂ ਨੂੰ ਨਹੀਂ ਦੇਵਾਂਗਾ ਮੈਂ ਧੋਖਾ ਜਿਨ੍ਹਾਂ ਨੇ ਦਿੱਤੇ ਹੈ ਧੋਖੇ ਹੁਣ ਫਿਰ ਭਾਲਦੇ ਆ ਮੌਕੇ ਜਿਨਾਂ ਨੇ ਝੂਠੇ ਕਿਰਾਏ ਪਰਚੇ ਜਾਇਦਾਤਾਂ ਤੇ ਕਬਜ਼ੇ ਕੀਤੇ ਕਾਰੋਬਾਰ ਚ ਹਿੱਸੇ ਪਾਏ ਮੰਡੀ ਦੇ ਕਈ ਵਪਾਰੀ ਵੀ ਖੂੰਜੇ ਲਾਏ ਪਰ ਕਈ ਲੋਕ ਨੇ ਐਸੇ ਜਿਹੜੇ ਫਿਰ ਵੀ ਫਿਰਦੇ ਨੇ ਉਹਨਾਂ ਦੇ ਨਾਲ ਜਿਨਾਂ ਨੇ ਮੰਡੀ ਦੇ ਵਪਾਰੀਆਂ ਦਾ ਕਰਤਾ ਕਾਰੋਬਾਰ ਖਰਾਬ ਜਿਹੜੇ ਫਿਰਦੇ ਨੇ ਨਾਲ ਉਹ ਪਿੱਛੋਂ ਪਛਤਾਉਣਗੇ ਫਿਰ ਇਹ ਵੇਲਾ ਹੱਥ ਨਹੀਂ ਆਉਣਾ ਮੀਨੂੰ ਭਾਂਡਾ ਪਊ ਜਿਤਾਉਣਾ ਜੇ ਗਿੱਦੜਬਾਹਾ ਮੰਡੀ ਦੇ ਵਿੱਚ ਵਧੀਆ ਕਾਰੋਬਾਰ ਹੈ ਚਲਾਉਣਾ ਮਨੀਸ਼ ਵਰਮਾ ਮੀਨੂੰ ਭਾਂਡਾ ਗਿੱਦੜਬਾਹਾ ਹਲਕੇ ਦਾ ਐਮਐਲਏ ਪਊ ਬਣਾਉਣਾ ਯਾਦ ਰੱਖਿਓ ਇਹ ਗੱਲਾਂ ਮੇਰੀਆਂ ਮੰਡੀ ਤਾਂ ਪਹਿਲਾਂ ਹੀ ਕਰਤੀ ਬਰਬਾਦ ਇਹਨਾਂ ਸਿਆਸੀ ਲੀਡਰਾਂ ਨੇ ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਜਿਹੜੇ ਅੱਜ ਫਿਰਦੇ ਨੇ ਵੋਟਾਂ ਮੰਗਦੇ ਇਸ ਵਾਰ ਲੋਕਾਂ ਨੇ ਮਨੀਸ਼ ਵਰਮਾ ਨੂੰ ਦੇਣਾ ਹੈ ਮੌਕਾ ਜਿਹਨੇ ਕਰਨਾ ਨਹੀਂ ਇਹਨਾਂ ਨਾਲ ਧੋਖਾ ਜੋ ਗੱਲ ਕਵੇਗਾ ਉਹ ਪੂਰੀ ਕਰੇਗਾ ਜਿਹੜੇ ਲੋਕ ਇਹਨਾਂ ਸਿਆਸੀ ਪਾਰਟੀਆਂ ਵਾਲਿਆਂ ਨਾਲ ਤੁਰੇ ਨੇ ਫਿਰਦੇ ਕਿੰਨਾਂ ਨੂੰ ਅਫਸਰ ਲਵਾਤਾ ਕੋਈ ਕਹਿ ਦੇਵੇ ਵੀ ਸਾਨੂੰ ਤਾਂ ਕਿਸੇ ਨੂੰ ਨੌਕਰੀ ਤੇ ਲਾ ਤਾ ਇਹ ਸਿਰਫ ਵੋਟਾਂ ਲੈਣ ਲਈ ਸਿਆਸੀ ਪਾਰਟੀਆਂ ਵਾਲੇ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਕੰਮ ਕੋਈ ਨਹੀਂ ਕੀਤਾ ਜਾਂਦਾ।

# ਕਕਾਰਾਂ ’ਤੇ ਪਾਬੰਦੀ ਲਗਾ ਕੇ ਕੀਤੇ ਜਾ ਰਹੇ ਹਮਲੇ ਸਿੱਖਾਂ ਨਾਲ ਸਰਾਸਰ ਧੱਕਾ : ਐਡਵੋਕੇਟ ਧਾਮੀ

## ਐਡਵੋਕੇਟ ਧਾਮੀ ਦਾ ਮੁੜ ਪ੍ਰਧਾਨ ਬਣਨ ’ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕੀਤਾ ਸਨਮਾਨਤ

**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਕੂਮਤੀ ਸਰਕਾਰਾਂ ਵੱਲੋਂ ਸਿੱਖ ਕੌਮ ’ਤੇ ਕੀਤੇ ਜਾ ਰਹੇ ਹਮਲੇ ਨਾਸਹਿਣਯੋਗ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਧਾਰਮਿਕ ਚਿੰਨਾਂ ਅਤੇ ਕੰਕਾਰਾਂ ’ਤੇ ਪਾਬੰਦੀ ਲਾਉਣਾ ਸਰਾਸਰ ਗਲਤ ਅਤੇ ਸਿੱਖਾਂ ਨਾਲ ਵੱਡਾ ਧੱਕਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਪ੍ਰਗਟਾਵਾ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਗੱਲਬਾਤ ਕਰਦਿਆਂ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਚੌਥੀ ਵਾਰ ਪ੍ਰਧਾਨ ਬਣਨ ਉਪਰੰਤ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਐਡਵੋਕੇਟ ਧਾਮੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ।



ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮੁੜ ਪ੍ਰਧਾਨ ਚੁਣੇ ਜਾਣ ’ਤੇ ਸਨਮਾਨਤ ਕਰਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ ਅਤੇ ਮੈਨੇਜਰ ਨਿਸ਼ਾਨ ਸਿੰਘ ਜ਼ੱਫ਼ਰਵਾਲ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਮੁੜ ਪ੍ਰਧਾਨ ਬਣਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪੁੱਜੇ, ਜਿਥੇ ਉਨ੍ਹਾਂ ਦਾ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਨਿੱਘਾ ਸਵਾਗਤ ਕੀਤਾ, ਜਿਨ੍ਹਾਂ ਵਿਚ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ ਉਚੇਚੇ ਤੌਰ ’ਤੇ ਪੁੱਜੇ ਹੋਏ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿੱਖੀ ਪ੍ਰੰਪਰਾਵਾਂ ਅਨੁਸਾਰ ਸ੍ਰੀ ਸਾਹਿਬ, ਗੁਰਦੁਆਰਾ ਸਾਹਿਬ ਦੀ ਇਤਿਹਾਸ ਤਸਵੀਰ ਅਤੇ ਸਿਰੋਪਾਓ ਨਾਲ ਸਨਮਾਨਤ ਵੀ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਥ ਵਿਰੋਧੀ ਸ਼ਕਤੀਆਂ ਦਾ ਏਜੰਡਾ ਸਿੱਖਾਂ ਦੀ ਪਹਿਚਾਣ ਮਿਟਾਉਣਾ ਹੈ, ਜਿਸ ਨੂੰ ਰਹਿੰਦੀ ਦੁਨੀਆ ਤੱਕ ਕਦੇ ਵੀ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਖਾਲਸਾ ਪੰਥ ਵਿਚੋਂ ਪੈਦਾ ਹੋਈ ਏਸ ਕੌਮ ਦਾ ਵਿਲੱਖਣ ਅਤੇ ਸ਼ਾਨਮਈ ਇਤਿਹਾਸ ਹੈ। ਉਨ੍ਹਾਂ ਕਿਹਾ ਸਿੱਖਾਂ ਦੇ ਧਾਰਮਕ ਚਿੰਨਾਂ ਅਤੇ ਕੰਕਾਰਾਂ ’ਤੇ ਲਗਾਈ ਜਾ ਰਹੀ ਪਾਬੰਦੀ ਵੀ ਕਿਸੇ ਹਮਲੇ ਤੋਂ ਘੱਟ ਨਹੀਂ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਵਿਦਿਆਰਥੀਆਂ ਨੂੰ ਇਮਤਿਹਾਨਾਂ ਵਿਚ ਨਾ ਬੈਠਣ ਦੇਣਾ, ਸਿੱਖੀ ਕੰਕਾਰ ਲਾਹੁਣ ਲਈ ਮਜਬੂਰ ਕਰਨਾ ਅਤੇ ਹਵਾਈ ਅੱਡਿਆਂ ’ਤੇ ਵੀ ਸਿੱਖੀ ਕੰਕਾਰਾਂ ਨੂੰ ਲੁਹਾਉਣ ਵਰਗੀਆਂ ਘਟਨਾਵਾਂ ਨੇ ਸਿੱਖ ਹਿਰਦਿਆਂ ਨੂੰ ਡੂੰਘੀ ਸੱਟ ਮਾਰੀ ਹੈ। ਐਡਵੋਕੇਟ ਧਾਮੀ ਨੇ ਤਾਜਾ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਵੱਲੋਂ ਇਹ ਆਦੇਸ਼ ਜਾਰੀ ਕਰਨਾ ਕਿ ਹਵਾਈ ਅੱਡੇ ’ਤੇ ਡਿਊਟੀ ਕਰਨ ਵਾਲੇ ਸਿੱਖ ਕਰਮਚਾਰੀ ਵੀ ਆਪਣੇ ਕੰਕਾਰਾਂ ਨਹੀਂ ਪਹਿਨ ਸਕਣਗੇ ਅਜਿਹਾ ਫੁਰਮਾਨ ਸਪੱਸ਼ਟ ਕਰਦਾ ਹੈ ਕਿ ਜਿਹੜੀ ਸਿੱਖ ਕੌਮ ਅੱਡਰੀ ਹੋਂਦ ਹਸਤੀ ਦਾ ਪ੍ਰਤੀਕ ਹੋਵੇ ਉਸ ਦੀ ਪਹਿਚਾਣ ਨੂੰ ਖ਼ਤਮ ਕਰਨ ਲਈ ਚੁੱਕੇ ਜਾ ਰਹੇ ਕਦਮ ਸਿੱਖਾਂ ਨਾਲ ਸਰਾਸਰ ਧੱਕਾ ਹੈ।

ਉਨ੍ਹਾਂ ਕਿਹਾ ਕਿ ਅਜਿਹਾ ਵਤੀਰਾ ਸਿੱਖ ਨਾਗਰਿਕਾਂ ਨਾਲ ਮੰਦਭਾਗਾ ਅਤੇ ਧਾਰਮਿਕ ਅਜ਼ਾਦੀ ’ਤੇ ਵੱਡਾ ਹਮਲਾ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਨਿਸ਼ਾਨ ਸਿੰਘ ਜੱਫ਼ਰਵਾਲ ਨੇ ਵੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹੋਰਨਾਂ ਦਾ ਸਨਮਾਨ ਕੀਤਾ ਅਤੇ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਭਾਗ ਸਿੰਘ ਚੌਹਾਨ, ਸੁਰਜੀਤ ਸਿੰਘ ਕੌਲੀ, ਆਤਮ ਪ੍ਰਕਾਸ਼ ਸਿੰਘ ਬੇਦੀ, ਮਨਦੀਪ ਸਿੰਘ ਭਲਵਾਨ ਕਰਨੈਲ ਸਿੰਘ ਵਿਰਕ ਆਦਿ ਵੀ ਮੌਜੂਦ ਸਨ।

# ਕੇਂਦਰ ਨੇ ਪੰਜਾਬ 'ਚ 27,995 ਕਰੋੜ ਰੁਪਏ ਦਾ ਝੋਨਾ ਖਰੀਦਿਆ



**ਨਵੀਂ ਦਿੱਲੀ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਖੁਰਾਕ ਨਿਗਮ (639) ਅਤੇ ਸੂਬਾ ਏਜੰਸੀਆਂ ਨੇ ਪੰਜਾਬ ਵਿੱਚ ਚੱਲ ਰਹੇ ਸਾਉਣੀ ਦੇ ਮੰਡੀਕਰਨ ਸੀਜ਼ਨ (KMS) 2024-2025 (10 ਨਵੰਬਰ ਤੱਕ) ਦੌਰਾਨ 27,995 ਕਰੋੜ ਰੁਪਏ ਦੇ 120.67 ਲੱਖ ਮੀਟ੍ਰਿਕ ਟਨ (*$") ਝੋਨੇ ਦੀ ਖਰੀਦ ਕੀਤੀ ਹੈ। .

ਸਰਕਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਦੀਆਂ ਮੰਡੀਆਂ ਵਿੱਚ 10 ਨਵੰਬਰ ਤੱਕ ਕੁੱਲ 126.67 ਲੱਖ ਮੀਟਰਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 120.67 ਲੱਖ ਮੀਟਰਕ ਟਨ ਦੀ ਸਰਕਾਰੀ ਏਜੰਸੀਆਂ ਅਤੇ ਐਫਸੀਆਈ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਸਰਕਾਰ ਵੱਲੋਂ ਗਰੇਡ 'ਏ' ਝੋਨੇ ਲਈ ਤੈਅ ਕੀਤੇ ਗਏ ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ 2,320 ਰੁਪਏ ਪ੍ਰਤੀ ਕੁਇੰਟਲ 'ਤੇ ਖਰੀਦ ਕੀਤੀ ਜਾ ਰਹੀ ਹੈ ਅਤੇ ਚੱਲ ਰਹੇ KMS 2024-25 ਸੀਜ਼ਨ ਵਿੱਚ ਹੁਣ ਤੱਕ ਖਰੀਦੇ ਗਏ ਕੁੱਲ ਝੋਨੇ ਦੀ ਕੁੱਲ ਰਕਮ 27,995 ਕਰੋੜ ਰੁਪਏ ਹੈ ਜਿਸ ਨਾਲ ਪੰਜਾਬ ਦੇ ਲਗਭਗ 6.58 ਲੱਖ ਕਿਸਾਨਾਂ ਨੂੰ ਫਾਇਦਾ ਹੋਇਆ ਹੈ।

ਵੇਰਵਿਆਂ ਅਨੁਸਾਰ ਇਸ ਵਾਰ 4,839 ਮਿੱਲ ਮਾਲਕਾਂ ਨੇ ਝੋਨੇ ਦੀ ਸ਼ੈਲਿੰਗ ਲਈ ਅਰਜ਼ੀਆਂ ਦਿੱਤੀਆਂ ਹਨ ਅਤੇ ਪੰਜਾਬ ਰਾਜ ਸਰਕਾਰ ਵੱਲੋਂ 4,743 ਮਿੱਲਰਾਂ ਨੂੰ ਪਹਿਲਾਂ ਹੀ ਕੰਮ ਅਲਾਟ ਕੀਤਾ ਜਾ ਚੁੱਕਾ ਹੈ। ਖਪਤਕਾਰ ਮਾਮਲੇ ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਕਿਹਾ ਕਿ ਪੰਜਾਬ ਵਿੱਚ KMS 2024-25 ਲਈ ਝੋਨੇ ਦੀ ਖਰੀਦ 1 ਅਕਤੂਬਰ 2024 ਤੋਂ ਸ਼ੁਰੂ ਹੋ ਗਈ ਸੀ ਅਤੇ ਪੰਜਾਬ ਦੇ ਕਿਸਾਨਾਂ ਤੋਂ ਨਿਰਵਿਘਨ ਖਰੀਦ ਲਈ ਸੂਬੇ ਭਰ ਵਿੱਚ 2,927 ਮਨੋਨੀਤ ਮੰਡੀਆਂ ਅਤੇ ਆਰਜ਼ੀ ਯਾਰਡ ਕੰਮ ਕਰ ਰਹੇ ਹਨ।

ਕੇਂਦਰ ਸਰਕਾਰ ਨੇ ਚੱਲ ਰਹੇ KMS 2024-25 ਲਈ ਝੋਨੇ ਦੀ ਖਰੀਦ ਲਈ 185 LMT ਦਾ ਅਨੁਮਾਨਿਤ ਟੀਚਾ ਮਿੱਥਿਆ ਹੈ ਜੋ ਕਿ 30 ਨਵੰਬਰ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮੰਡੀਆਂ 'ਚੋਂ ਝੋਨੇ ਦੀ ਲਿਫਟਿੰਗ ਜ਼ੋਰਾਂ 'ਤੇ ਹੈ। ਅਕਤੂਬਰ ਵਿੱਚ ਕੇਂਦਰੀ ਮੰਤਰੀ ਮੰਡਲ ਨੇ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ 2025-26 ਦੇ ਮੰਡੀਕਰਨ ਸੀਜ਼ਨ ਲਈ ਹਾੜ੍ਹੀ ਦੀਆਂ ਫ਼ਸਲਾਂ ਜਿਵੇਂ ਕਿ ਕਣਕ ਜੋ ਹੁਣ ਬੀਜੀ ਜਾ ਰਹੀ ਹੈ, ਦੇ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਵਿੱਚ 7 ਪ੍ਰਤੀਸ਼ਤ ਤੱਕ ਵਾਧੇ ਦਾ ਐਲਾਨ ਕੀਤਾ ਸੀ।

# ਅਰਵਿੰਦ ਕੇਜਰੀਵਾਲ ਨੇ ਹਲਕਾ ਚੱਬੇਵਾਲ ਦੇ ਲੋਕਾਂ ਨੂੰ ਕਿਹਾ, ਮੈਂ ਜੋ ਵੀ ਕਹਿੰਦਾ ਹਾਂ, ਹਰ ਹਾਲ ਵਿੱਚ ਪੂਰਾ ਕਰਦਾ ਹਾਂ

## ਨਾ ਤਾਂ ਮੁਫ਼ਤ ਬਿਜਲੀ ਦਿੱਤੀ, ਨਾ ਹੀ ਚੰਗੀਆਂ ਸੜਕਾਂ, ਨਾ ਹਸਪਤਾਲ ਤੇ ਸਕੂਲ ਬਣਾਏ, ਫਿਰ ਖ਼ਜ਼ਾਨਾ ਖ਼ਾਲੀ ਕਿਵੇਂ ਹੋ ਗਿਆ ? ਅਸਲ ਵਿੱਚ ਉਨ੍ਹਾਂ ਦੇ ਇਰਾਦੇ ਖ਼ਾਲੀ ਸਨ : ਮਾਨ

**ਚੰਡੀਗੜ੍ਹ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੱਬੇਵਾਲ ਵਿੱਚ 'ਆਪ' ਉਮੀਦਵਾਰ ਇਸ਼ਾਂਕ ਚੱਬੇਵਾਲ ਲਈ ਚੋਣ ਪ੍ਰਚਾਰ ਕੀਤਾ। ਦੋਵੇਂ ਆਗੂਆਂ ਨੇ ਜੀਆਂ ਵਿੱਚ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ 'ਆਪ' ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ।



ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਇਸ਼ਾਂਕ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਢਾਈ ਸਾਲ ਪਹਿਲਾਂ ਤੁਸੀਂ ਆਮ ਆਦਮੀ ਪਾਰਟੀ ਨੂੰ ਇਤਿਹਾਸਕ ਬਹੁਮਤ ਦੇ ਕੇ ਜਿਤਾਇਆ ਸੀ। ਇਸ ਲਈ ਤੁਹਾਡੀਆਂ ਉਮੀਦਾਂ ਵੀ ਜ਼ਿਆਦਾ ਹਨ। ਉਨ੍ਹਾਂ ਕਿਹਾ ਕਿ ਢਾਈ ਸਾਲ ਪਹਿਲਾਂ ਪੰਜਾਬ ਦੇ ਲੋਕ ਬਿਜਲੀ ਦੇ ਬਿੱਲਾਂ ਤੋਂ ਸਭ ਤੋਂ ਵੱਧ ਪ੍ਰੇਸ਼ਾਨ ਸਨ। ਕੁਝ 'ਤੇ 2 ਲੱਖ ਰੁਪਏ ਅਤੇ ਕੁਝ 'ਤੇ 1 ਲੱਖ ਰੁਪਏ ਤੱਕ ਦੇ ਬਿੱਲ ਬਕਾਇਆ ਸਨ। ਅਸੀਂ ਤੁਹਾਡੇ ਨਾਲ ਵਾਅਦਾ ਕੀਤਾ ਸੀ ਕਿ ਤੁਹਾਡੇ ਸਾਰੇ ਪੁਰਾਣੇ ਬਿੱਲ ਮੁਆਫ਼ ਕਰ ਦਿੱਤੇ ਜਾਣਗੇ ਅਤੇ ਇਸ ਤੋਂ ਬਾਅਦ ਤੁਹਾਡੇ ਜ਼ੀਰੋ ਬਿੱਲ ਆਉਣਗੇ। ਅਸੀਂ ਇਹ ਵਾਅਦਾ ਪੂਰਾ ਕੀਤਾ। ਹੁਣ ਲੋਕਾਂ ਦੇ ਬਿਜਲੀ ਦੇ ਬਿੱਲ ਜ਼ੀਰੋ 'ਤੇ ਆ ਰਹੇ ਹਨ।

ਕੇਜਰੀਵਾਲ ਨੇ ਕਿਹਾ ਕਿ ਦੇਸ਼ ਦੇ ਕਰੀਬ 20 ਰਾਜਾਂ ਵਿੱਚ ਭਾਜਪਾ ਦੀ ਸਰਕਾਰ ਹੈ ਅਤੇ ਬਾਕੀ ਰਾਜਾਂ ਵਿੱਚ ਹੋਰ ਪਾਰਟੀਆਂ ਦੀ ਸਰਕਾਰ ਹੈ। ਆਮ ਆਦਮੀ ਪਾਰਟੀ ਦੀ ਦੋ ਥਾਵੇਂ 'ਪੰਜਾਬ ਅਤੇ ਦਿੱਲੀ' ਵਿੱਚ ਸਰਕਾਰ ਹੈ ਅਤੇ ਦੋਵੇਂ ਥਾਵਾਂ 'ਤੇ ਲੋਕਾਂ ਦੇ ਜ਼ੀਰੋ ਬਿਜਲੀ ਦੇ ਬਿੱਲ ਆਉਂਦੇ ਹਨ ਅਤੇ 24 ਘੰਟੇ ਬਿਜਲੀ ਮਿਲਦੀ ਹੈ। ਜਦੋਂ ਕਿ ਦੂਜੇ ਰਾਜਾਂ ਵਿੱਚ ਬਿਜਲੀ ਬਹੁਤ ਮਹਿੰਗੀ ਹੈ। ਮੁਫ਼ਤ ਬਿਜਲੀ ਹੋਣਾ ਇੱਕ ਚਮਤਕਾਰ ਵਰਗਾ ਹੈ। ਅਸੀਂ ਕਿਹਾ ਸੀ ਕਿ ਅਸੀਂ ਤੁਹਾਡਾ ਇਲਾਜ ਮੁਫ਼ਤ ਕਰਾਂਗੇ। ਅੱਜ ਪੰਜਾਬ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਆਮ ਆਦਮੀ ਕਲੀਨਿਕ ਖੁੱਲ੍ਹ ਰਹੇ ਹਨ। ਉੱਥੇ ਦਵਾਈਆਂ ਅਤੇ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ। ਸਾਰੇ ਸਰਕਾਰੀ ਹਸਪਤਾਲਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਅਤੇ ਉੱਥੇ ਇਲਾਜ ਵੀ ਮੁਫ਼ਤ ਕੀਤਾ ਜਾ ਰਿਹਾ ਹੈ। ਪੰਜਾਬ ਭਰ ਵਿੱਚ ਸਕੂਲਾਂ ਨੂੰ ਠੀਕ ਕੀਤਾ ਜਾ ਰਹੀ ਹੈ। ਹੁਣ ਤੱਕ 45 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਮਿਲ ਚੁੱਕੀ ਹੈ। ਪੰਜਾਬ ਦੇ ਹਰ ਪਿੰਡ ਵਿੱਚ 4 ਤੋਂ 5 ਦੇ ਕਰੀਬ ਬੱਚਿਆਂ ਨੂੰ ਨੌਕਰੀ ਮਿਲੀ ਹੈ। ਕਿਸੇ ਤੋਂ ਕੋਈ ਪੈਸਾ ਨਹੀਂ ਲਿਆ ਗਿਆ ਅਤੇ ਕਿਸੇ ਨੂੰ ਸਿਫ਼ਾਰਸ਼ ਵੀ ਨਹੀਂ ਕਰਨੀ ਪਈ। ਪਹਿਲਾਂ ਬਿਨਾਂ ਸਿਫ਼ਾਰਸ਼ ਅਤੇ ਰਿਸ਼ਵਤ ਦੇ ਸਰਕਾਰੀ ਨੌਕਰੀ ਨਹੀਂ ਮਿਲਦੀ ਸੀ। ਅਸੀਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਅਤੇ ਹੋਰ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਕੰਮ ਵੀ ਅਜੇ ਜਾਰੀ ਹੈ। ਹੁਣ ਟੈਂਕੀ 'ਤੇ ਸਰਕਾਰੀ ਮੁਲਾਜ਼ਮ ਨਹੀਂ ਲੱਭਦੇ। ਉਹ ਆਪਣੇ ਕੰਮ 'ਤੇ ਮਿਲਦੇ ਹਨ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਕਈ ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ, ਜਿਸ ਕਾਰਨ ਲੋਕਾਂ ਨੂੰ ਰੋਜ਼ਾਨਾ ਲੱਖਾਂ ਰੁਪਏ ਦੀ ਬੱਚਤ ਹੋ ਰਹੀ ਹੈ। ਕੇਜਰੀਵਾਲ ਨੇ ਕਿਹਾ ਕਿ ਜਦੋਂ ਤੁਹਾਡਾ ਲੋਕ ਸਭਾ ਮੈਂਬਰ, ਤੁਹਾਡਾ ਵਿਧਾਇਕ ਅਤੇ ਸੂਬਾ ਸਰਕਾਰ ਤਿੰਨੋਂ ਹੀ ਆਮ ਆਦਮੀ ਪਾਰਟੀ ਦੇ ਹੋਣਗੇ ਤਾਂ ਇਲਾਕੇ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਵੇਗਾ। ਉਨ੍ਹਾਂ ਡਾ. ਰਾਜਕੁਮਾਰ ਚੱਬੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਲਾਕੇ ਦਾ ਇੱਕ ਵੀ ਪਰਿਵਾਰ ਅਜਿਹਾ ਨਹੀਂ ਹੋਵੇਗਾ, ਜਿਸ ਦਾ ਉਨ੍ਹਾਂ ਨੇ ਮੁਫ਼ਤ ਇਲਾਜ ਨਾ ਕੀਤਾ ਹੋਵੇ ।

ਕੇਜਰੀਵਾਲ ਨੇ ਲੋਕਾਂ ਨੂੰ ਕਿਹਾ ਕਿ ਜੇਕਰ ਡਾ.ਇਸ਼ਾਂਕ ਇਤਿਹਾਸਕ ਬਹੁਮਤ ਨਾਲ ਜਿਤਾਓ ਗਏ, ਤੁਹਾਡੇ ਸਾਰੇ ਕੰਮ ਪੂਰੇ ਹੋ ਜਾਣਗੇ। ਕੇਜਰੀਵਾਲ ਨੇ ਵਾਅਦਾ ਕੀਤਾ ਕਿ ਇਲਾਕੇ ਵਿੱਚ ਇੱਕ ਆਈਟੀਆਈ-ਪੌਲੀਟੈਕਨਿਕ ਕਾਲਜ ਬਣਾਇਆ ਜਾਵੇਗਾ।

ਇੱਥੋਂ ਦੇ ਲੋਕਾਂ ਨੂੰ ਬਿਸਤ ਦੁਆਬ ਨਹਿਰ ਦਾ ਕੋਈ ਲਾਭ ਨਹੀਂ ਮਿਲਦਾ ਹੈ। ਅਸੀਂ ਇੱਥੋਂ ਦੇ ਕਿਸਾਨਾਂ ਨੂੰ ਵੀ ਉਸ ਨਹਿਰ ਤੋਂ ਪਾਣੀ ਦੇਣ ਦਾ ਪ੍ਰਬੰਧ ਕਰਾਂਗੇ। ਖੇਤੀ ਆਧਾਰਿਤ ਅਤੇ ਔਰਤਾਂ ਆਧਾਰਿਤ 'ਲਘੂ ਉਦਯੋਗਾਂ' ਲਈ ਨਵੀਂ ਨੀਤੀ ਬਣਾਈ ਜਾਵੇਗੀ ਤਾਂ ਜੋ ਇੱਥੇ ਵੱਧ ਤੋਂ ਵੱਧ ਉਦਯੋਗ ਆਉਣ ਅਤੇ ਸਾਡੇ ਬੱਚਿਆਂ ਨੂੰ ਵੱਧ ਤੋਂ ਵੱਧ ਨੌਕਰੀਆਂ ਮਿਲ ਸਕਣ। ਖੇਡਾਂ ਲਈ ਲੋੜੀਂਦੇ ਸਾਰੇ ਸਟੇਡੀਅਮ ਇੱਥੇ ਬਣਾਏ ਜਾਣਗੇ। ਇਸ ਨਾਲ ਨੌਜਵਾਨਾਂ ਨੂੰ ਨਸ਼ਾ ਛੱਡਣ ਵਿੱਚ ਵੀ ਮਦਦ ਮਿਲੇਗੀ। ਆਦਮਪੁਰ ਤੋਂ ਗੜ੍ਹਸ਼ੰਕਰ ਜਾਣ ਵਾਲੀ ਸੜਕ ਦਾ ਨਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ 'ਤੇ ਰੱਖਿਆ ਜਾਵੇਗਾ ਅਤੇ ਗੁਰੂ ਘਰਾਂ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਨੂੰ 18 ਫੁੱਟ ਚੌੜਾ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਆਉਣ-ਜਾਣ ਵਿੱਚ ਕੋਈ ਦਿੱਕਤ ਨਾ ਆਵੇ।

ਜਨ ਸਭਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਵਿੱਤ ਮੰਤਰੀ ਪੰਜ ਸਾਲ ਇਹੀ ਕਹਿੰਦੇ ਰਹੇ ਕਿ ਖ਼ਜ਼ਾਨਾ ਖ਼ਾਲੀ ਹੈ। ਉਨ੍ਹਾਂ ਸਵਾਲ ਕੀਤਾ ਕਿ ਇਨ੍ਹਾਂ ਨੇ ਨਾ ਤਾਂ ਲੋਕਾਂ ਨੂੰ ਮੁਫ਼ਤ ਬਿਜਲੀ ਦਿੱਤੀ, ਨਾ ਸੜਕਾਂ ਬਣਾਈਆਂ, ਨਾ ਹੀ ਚੰਗੇ ਹਸਪਤਾਲ, ਸਕੂਲ-ਕਾਲਜ ਬਣਾਏ, ਫਿਰ ਖ਼ਜ਼ਾਨਾ ਖ਼ਾਲੀ ਕਿਵੇਂ ਹੋ ਗਿਆ? ਅਸਲ ਵਿੱਚ ਉਨ੍ਹਾਂ ਦੇ ਇਰਾਦੇ ਖ਼ਾਲੀ ਸਨ। ਉਹ ਕੰਮ ਕਰਨਾ ਹੀ ਨਹੀਂ ਚਾਹੁੰਦੇ ਸੀ।

ਉਨ੍ਹਾਂ ਕਿਹਾ ਕਿ ਅਸੀਂ ਕਦੇ ਇਹ ਨਹੀਂ ਕਿਹਾ ਕਿ ਖ਼ਜ਼ਾਨਾ ਖ਼ਾਲੀ ਹੈ ਅਤੇ ਵੱਡੇ ਕੰਮ ਵੀ ਕੀਤੇ ਹਨ। ਆਮ ਲੋਕਾਂ ਲਈ ਬਿਜਲੀ ਮੁਫ਼ਤ ਕੀਤੀ। ਖੇਤੀ ਲਈ ਵੀ ਕਿਸਾਨਾਂ ਨੂੰ ਰੋਜ਼ਾਨਾ 8 ਘੰਟੇ ਤੋਂ ਵੱਧ ਬਿਜਲੀ ਮਿਲ ਰਹੀ ਹੈ। ਬਿਜਲੀ ਦੀ ਕਮੀ ਨੂੰ ਦੂਰ ਕਰਨ ਲਈ ਅਸੀਂ ਗੋਇੰਦਵਾਲ ਸਾਹਿਬ ਵਿਖੇ ਥਰਮਲ ਪਲਾਂਟ ਖ਼ਰੀਦਿਆ।

# ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਆਸਟ੍ਰੇਲੀਆ ਵਿਖੇ ਨਿੱਘਾ ਸਵਾਗਤ



**ਚੰਡੀਗੜ੍ਹ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ ਦੇ ਸਿਡਨੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਪੰਜਾਬੀ ਭਾਈਚਾਰੇ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਹ 3 ਨਵੰਬਰ ਤੋਂ 10 ਨਵੰਬਰ, 2024 ਤੱਕ ਕਰਵਾਈ ਗਈ 67ਵੀਂ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਦੀ ਸਾਲਾਨਾ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਆਸਟ੍ਰੇਲੀਆ ਗਏ ਹਨ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਡਿਪਟੀ ਸਪੀਕਰ ਰੌੜੀ ਨੇ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀਆਂ ਨੇ ਆਪਣੀ ਸਖ਼ਤ ਮਿਹਨਤ ਅਤੇ ਸਫ਼ਲਤਾ ਨਾਲ ਦੇਸ਼ ਅਤੇ ਵਿਦੇਸ਼ ਵਿੱਚ ਪੰਜਾਬ ਦਾ ਮਾਣ ਵਧਾਇਆ ਹੈ। ਉਨ੍ਹਾਂ ਨੇ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਵਾਸੀ ਭਾਰਤੀਆਂ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਆਪਣੇ ਵਤਨ ਦੇ ਵਿਕਾਸ ਅਤੇ ਭਲਾਈ ਲਈ ਵਚਨਬੱਧ ਹਨ।

ਸ. ਰੌੜੀ ਨੇ ਕਿਹਾ, ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਪ੍ਰਵਾਸੀ ਭਾਰਤੀਆਂ ਦਾ ਸਮਰਪਣ ਅਤੇ ਸਹਿਯੋਗ ਅਹਿਮ ਭੂਮਿਕਾ ਨਿਭਾਉਂਦਾ ਹੈ।÷ ਉਨ੍ਹਾਂ ਨੇ ਆਪਣੇ ਭਾਈਚਾਰੇ ਦੀ ਭਲਾਈ ਅਤੇ ਪੰਜਾਬ ਦੇ ਵਿਸ਼ਵਵਿਆਪੀ ਅਕਸ ਨੂੰ ਹੋਰ ਉੱਚਾ ਚੁੱਕਣ ਲਈ ਪ੍ਰਵਾਸੀ ਪੰਜਾਬੀਆਂ ਦੇ ਅਟੁੱਟ ਸਮਰਥਨ ਅਤੇ ਨਿਰੰਤਰ ਯਤਨਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

# ਰੇਲਵੇ ਸਟੇਸ਼ਨ 'ਤੇ ਹੋਏ ਧਮਾਕੇ 'ਚ 21 ਦੀ ਮੌਤਾਂ, 46 ਜ਼ਖਮੀ

**ਪੇਸ਼ਾਵਰ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਵਿਚ ਕਵੇਟਾ ਦੇ ਰੇਲਵੇ ਸਟੇਸ਼ਨ 'ਤੇ ਹੋਏ ਬੰਬ ਧਮਾਕੇ 'ਚ ਘੱਟੋ-ਘੱਟ 20 ਲੋਕਾਂ ਦੀ ਮੌਤ ਹੋ ਗਈ ਅਤੇ 30 ਹੋਰ ਜ਼ਖਮੀ ਹੋ ਗਏ। ਪਾਕਿਸਤਾਨ ਨੇ ਸ਼ਨੀਵਾਰ ਨੂੰ ਇਕ ਮੀਡੀਆ ਰਿਪੋਰਟ ਦੇ ਅਨੁਸਾਰ ਜਿਓ ਨਿਊਜ਼ ਨੇ ਦੱਸਿਆ ਕਿ ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਇਹ ਧਮਾਕਾ ਰੇਲਵੇ ਸਟੇਸ਼ਨ ਦੇ ਬੁਕਿੰਗ ਦਫ਼ਤਰ 'ਚ ਟਰੇਨ ਦੇ ਪਲੇਟਫਾਰਮ 'ਤੇ ਪਹੁੰਚਣ ਤੋਂ ਠੀਕ ਪਹਿਲਾਂ ਹੋਇਆ ਸੀ। ਰੇਲਵੇ ਅਧਿਕਾਰੀਆਂ ਦੇ ਹਵਾਲੇ ਨਾਲ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਾਫਰ ਐਕਸਪ੍ਰੈਸ ਸਵੇਰੇ 9 ਵਜੇ ਪੇਸ਼ਾਵਰ ਲਈ ਰਵਾਨਾ ਹੋਣੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਧਮਾਕਾ ਹੋਇਆ ਤਾਂ ਟਰੇਨ ਅਜੇ ਪਲੇਟਫਾਰਮ 'ਤੇ ਨਹੀਂ ਪਹੁੰਚੀ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਟੇਸ਼ਨ ਦੀ ਆਮ ਭੀੜ ਨੂੰ ਦੇਖਦੇ ਹੋਏ ਮਹੱਤਵਪੂਰਨ ਜਾਨੀ ਨੁਕਸਾਨ ਦਾ ਖ਼ਤਰਾ ਹੈ।



ਰੇਲਵੇ ਸਟੇਸ਼ਨ 'ਤੇ ਹੋਏ ਧਮਾਕੇ ਤੋਂ ਬਾਅਦ ਦੀ ਤਸਵੀਰ।

# ਸਵੀਪ ਟੀਮ ਪਟਿਆਲਾ ਨੇ ਵਿਦਿਆਰਥੀਆਂ ਨੂੰ ਵੋਟਰ ਪੰਜੀਕਰਨ ਦਾ ਦਿੱਤਾ ਸੁਨੇਹਾ

**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਅੰਤਰ ਖੇਤਰੀ ਯੁਵਕ ਮੇਲਾ 2024 ਵਿੱਚ ਵਿਦਿਆਰਥੀਆਂ ਨੂੰ ਸਵੀਪ ਨੋਡਲ ਅਫਸਰ ਪਟਿਆਲਾ ਦਿਹਾਤੀ -110 ਸਤਵੀਰ ਸਿੰਘ ਗਿੱਲ ਵੱਲੋਂ ਵੋਟਰ ਪੰਜੀਕਰਨ ਬਾਰੇ ਜਾਗਰੁਕ ਕੀਤਾ ਗਿਆ। ਭਾਰਤੀ ਚੋਣ ਕਮਿਸ਼ਨ, ਮੁੱਖ ਚੋਣ ਅਫਸਰ ਪੰਜਾਬ ਅਤੇ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਸਵੀਪ ਨੋਡਲ ਅਫਸਰ ਸਤਵੀਰ ਸਿੰਘ ਗਿੱਲ ਨੇ ਵੱਖ-ਵੱਖ ਕਾਲਜਾਂ ਤੋਂ ਭਾਗ ਲੈਣ ਵਾਲੀਆਂ ਗਿੱਧਾ, ਭੰਗੜਾ, ਗੀਤ-ਸੰਗੀਤ ਟੀਮਾਂ ਅਤੇ ਹੋਰ ਕਲਾਕਾਰਾਂ ਨੂੰ ਵੱਖ-ਵੱਖ ਵੋਟਰ ਐਪਸ ਬਾਰੇ ਜਾਣਕਾਰੀ ਦਿੱਤੀ।

ਨੋਡਲ ਅਫਸਰ ਨੇ ਸਮੂਹ ਕਲਾਕਾਰਾਂ ਨੂੰ ਦੱਸਿਆ ਕਿ ਵਿਸ਼ੇਸ਼ ਸਰਸਰੀ ਸੁਧਾਈ 2025 ਤੇ ਨਵੀਂ ਵੋਟ ਬਣਵਾਉਣ/ਕਟਵਾਉਣ ਜਾਂ ਸੋਧ ਕਰਨ ਲਈ ਲਗਾਏ ਜਾ ਰਹੇ ਵਿਸ਼ੇਸ਼ ਕੈਂਪਾਂ ਤੋਂ ਵੱਧ ਤੋਂ ਵੱਧ ਫਾਇਦਾ ਚੁੱਕਿਆ ਜਾਵੇ।ਇਸ ਮੌਕੇ ਬੀ.ਐਲ.ਓ ਜਸਪਾਲ ਸਿੰਘ ਅਤੇ ਰਵਿੰਦਰ ਸਿੰਘ ਹਾਜ਼ਰ ਸਨ।ਇਸ ਮੌਕੇ ਪੰਜਾਬ ਦੇ ਪ੍ਰਸਿੱਧ ਗਾਇਕ ਪੰਮੀ ਬਾਈ, ਪ੍ਰਸਿੱਧ ਕਲਾਕਾਰ ਸਵਰਨ ਬਰਨਾਲਾ ਅਤੇ ਉਨ੍ਹਾਂ ਦੀ ਟੀਮ ਵੱਲੋ ਵੀ ਨੌਜਵਾਨਾਂ ਨੂੰ ਵੋਟ ਬਣਵਾਉਣ ਲਈ ਪ੍ਰੇਰਿਤ ਕੀਤਾ ਗਿਆ।

# 411 ਸਹਾਇਕ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਤੁਰੰਤ ਨਿਯੁਕਤ ਕਰੇ 'ਆਪ' ਸਰਕਾਰ : ਪ੍ਰੋ. ਸਮਰਾ

**ਪਟਿਆਲਾ, 10 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

1158 ਭਰਤੀ ਤਹਿਤ ਰਹਿੰਦੇ 411 ਸਹਾਇਕ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਤੁਰੰਤ ਨਿਯੁਕਤੀ ਦੀ ਮੰਗ ਦੀ ਹਮਾਇਤ ਕਰਦਿਆਂ ਗੌਰਮਿੰਟ ਕਾਲਜ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੋ. ਅੰਮ੍ਰਿਤ ਸਮਰਾ ਨੇ 'ਆਪ' ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ 1158 ਭਰਤੀ ਨੂੰ ਅੱਧ ਵਿਚਾਲੇ ਲਟਕਾ ਰਹੀ ਹੈ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਪ੍ਰੋ. ਸਮਰਾ ਨੇ ਕਿਹਾ ਕਿ 600 ਉਮੀਦਵਾਰ ਕਾਲਜਾਂ ਵਿਚ ਨਿਯੁਕਤ ਕਰ ਲਏ ਗਏ ਹਨ ਪਰ 411 ਉਮੀਦਵਾਰਾਂ ਨੂੰ ਹਾਈਕੋਰਟ ਦੇ ਫ਼ੈਸਲੇ ਦੇ ਬਾਵਜੂਦ ਡੇਢ ਮਹੀਨੇ ਤੋਂ ਖੱਜਲ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਕਰਦਿਆਂ 'ਆਪ' ਸਰਕਾਰ ਭਾਸ਼ਾਵਾਂ ਖ਼ਾਸਕਰ ਮਾਂ-ਬੋਲੀ ਪੰਜਾਬੀ ਨਾਲ ਵਿਤਕਰਾ ਕਰ ਰਹੀ ਹੈ। 'ਸਿੱਖਿਆ ਕ੍ਰਾਂਤੀ' ਦੇ ਦਾਅਵਿਆਂ ਦੀ ਫੂਕ ਨਿੱਕਲ ਰਹੀ ਹੈ ਤੇ ਸਰਕਾਰ ਜਨਤਾ ਦਾ ਪੈਸਾ ਅੰਨ੍ਹੇਵਾਹ ਇਸ਼ਤਿਹਾਰਬਾਜ਼ੀ 'ਤੇ ਲਾ ਰਹੀ ਹੈ।

ਸਰਕਾਰ ਦੀ ਇਸ ਬਦਨੀਤ ਤੇ ਟਾਲਮਟੋਲ ਦੀ ਨੀਤੀ ਤੋਂ ਇਸਦੇ ਲੋਕ ਵਿਰੋਧੀ ਹੋਣ ਦਾ ਪਤਾ ਲੱਗ ਰਿਹਾ ਹੈ। ਪ੍ਰੋ. ਸਮਰਾ ਨੇ 1158 ਫ਼ਰੰਟ ਵੱਲੋਂ ਜ਼ਿਮਨੀ ਚੋਣਾਂ ਵਿਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਵੀ ਹਮਾਇਤ ਕੀਤੀ।

ਜ਼ਿਕਰਯੋਗ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਡਬਲ ਬੈਂਚ ਨੇ ਮਿਤੀ 23 ਸਤੰਬਰ, 2024 ਨੂੰ 1158 ਸਹਾਇਕ ਪ੍ਰੋਫ਼ੈਸਰ ਅਤੇ ਲਾਇਬ੍ਰੇਰੀਅਨ ਭਰਤੀ ਨੂੰ ਨੇਪਰੇ ਚੜ੍ਹਾਉਣ ਲਈ ਹਰੀ ਝੰਡੀ ਦਿੱਤੀ। ਪੰਜਾਬ ਸਰਕਾਰ ਨੇ ਮਾਣਯੋਗ ਅਦਾਲਤ ਦੇ ਹੁਕਮ ਅਨੁਸਾਰ ਭਰਤੀ ਨੂੰ ਨੇਪਰੇ ਚੜ੍ਹਾਉਣ ਦਾ ਕਾਰਜ ਸ਼ੁਰੂ ਤਾਂ ਕੀਤਾ ਪਰ ਅੱਧ ਵਿਚਾਲੇ ਲਟਕਾ ਦਿੱਤਾ। ਮਸਲਨ 600 ਤੋਂ ਵੱਧ ਸਹਾਇਕ ਪ੍ਰੋਫ਼ੈਸਰ ਕਾਲਜਾਂ ਵਿਚ ਨਿਯੁਕਤ ਹੋ ਚੁੱਕੇ ਹਨ ਪਰ ਪਿੱਛੇ ਬਚਦੇ 411 ਸਹਾਇਕ ਪ੍ਰੋਫ਼ੈਸਰ ਤੇ ਲਾਇਬ੍ਰੇਰੀਅਨ ਉਮੀਦਵਾਰ ਪਿਛਲੇ ਡੇਢ ਮਹੀਨੇ ਤੋਂ ਨਿਯੁਕਤੀ ਦੀ ਉਡੀਕ ਵਿੱਚ ਹਨ। ਪੰਜਾਬੀ ਦੇ 142, ਅੰਗਰੇਜ਼ੀ ਦੇ 154, ਹਿੰਦੀ ਦੇ 30, ਭੂਗੋਲ ਦੇ 15, ਐਜੂਕੇਸ਼ਨ ਦੇ 03 ਸਹਾਇਕ ਪ੍ਰੋਫ਼ੈਸਰ ਅਤੇ 67 ਲਾਇਬ੍ਰੇਰੀਅਨ ਕਾਲਜਾਂ ਵਿਚ ਨਿਯੁਕਤ ਹੋਣੋਂ ਰਹਿੰਦੇ ਹਨ। ਇਹ ਸਮੁੱਚੀ 1158 ਭਰਤੀ ਦਾ ਲਗਭਗ 34% ਹਿੱਸਾ ਹੈ।

## ਸ਼ਹਿਰ 'ਚ ਆਵਾਜਾਈ ਦਿੱਕਤਾਂ ਦੂਰ ਹੋਣਗੀਆਂ: ਅਜੀਤਪਾਲ ਸਿੰਘ ਕੋਹਲੀ

# ਵਿਧਾਇਕ ਨੇ ਲੀਲਾ ਭਵਨ ਮਾਰਕੀਟ ਐਸੋਸੀਏਸ਼ਨ ਦੀ ਮੰਗ 'ਤੇ ਦੂਰ ਕਰਵਾਈ ਆਵਾਜਾਈ ਰੁਕਾਵਟ

**ਪਟਿਆਲਾ, 10 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਹੈ ਕਿ ਪਟਿਆਲਾ ਸ਼ਹਿਰ ਵਿੱਚ ਆਵਾਜਾਈ ਦਿੱਕਤਾਂ ਦੂਰ ਕੀਤੀਆਂ ਜਾਣਗੀਆ। ਵਿਧਾਇਕ ਕੋਹਲੀ ਨੇ ਅੱਜ ਲੀਲਾ ਭਵਨ ਮਾਰਕੀਟ ਐਸੋਸੀਏਸ਼ਨ ਦੀ ਮੰਗ 'ਤੇ ਲੀਲਾ ਭਵਨ ਤੋਂ ਬਡੂੰਗਰ ਚੌਂਕ ਨੂੰ ਜਾਂਦੀ ਸੜਕ 'ਤੇ ਤਿੰਨ ਕੱਟ ਬੰਦ ਕਰਨ ਲਈ ਲਗਾਏ ਗਏ ਬੈਰੀਕੇਡਿੰਗ ਹਟਵਾਏ।



ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਇਨਕਮ ਟੈਕਸ ਰੋਡ ਵਿਖੇ ਬੈਰੀਕੇਡਿੰਗ ਹਟਵਾਉਂਦੇ ਹੋਏ। ਉਨ੍ਹਾਂ ਦੇ ਨਾਲ ਲੀਲਾ ਭਵਨ ਮਾਰਕੀਟ ਐਸੋਏਸ਼ਨ ਦੇ ਪ੍ਰਧਾਨ ਰਾਕੇਸ਼ ਜੈਨ ਤੇ ਹਨੀ ਲੂਥਰਾ ਵੀ ਮੌਜੂਦ ਸਨ।

ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸ਼ਹਿਰ ਵਿੱਚ ਲੱਗਣ ਵਾਲੇ ਜਾਮ ਨਾਲ ਨਜਿੱਠਣ ਲਈ ਕਈ ਸੜਕਾਂ ਉਪਰ ਕੱਟ ਬੰਦ ਕਰਕੇ ਟ੍ਰੈਫਿਕ ਪੁਲਿਸ ਵੱਲੋਂ ਟਰਾਇਲ ਕੀਤਾ ਜਾ ਰਿਹਾ ਹੈ ਤਾਂ ਕਿ ਸਥਾਨਕ ਵਸਨੀਕਾਂ ਅਤੇ ਰਾਹਗੀਰਾਂ ਨੂੰ ਟ੍ਰੈਫਿਕ ਜਾਮ ਤੋਂ ਰਾਹਤ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਕਈ ਤਰ੍ਹਾਂ ਦੇ ਨਵੇਂ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਕਿ ਲੋਕਾਂ ਨੂੰ ਕੋਈ ਦਿੱਕਤ ਨਾ ਆਵੇ ਅਤੇ ਸ਼ਹਿਰ ਵਿੱਚ ਜਾਮ ਵੀ ਨਾ ਲੱਗਣ।

ਵਿਧਾਇਕ ਨੇ ਦੱਸਿਆ ਕਿ ਇਸੇ ਤਹਿਤ ਹੀ ਟ੍ਰੈਫਿਕ ਪੁਲਿਸ ਨੇ ਇਨਕਮ ਟੈਕਸ ਰੋਡ 'ਤੇ ਵੀ ਕੱਟ ਬੰਦ ਕੀਤੇ ਸਨ ਪਰੰਤੂ ਇਸ ਨੂੰ ਖੁਲ੍ਹਵਾਉਣ ਲਈ ਲੀਲਾ ਭਵਨ ਮਾਰਕੀਟ ਐਸੋਏਸ਼ਨ ਦੇ ਪ੍ਰਧਾਨ ਰਾਕੇਸ਼ ਜੈਨ ਤੇ ਹਨੀ ਲੂਥਰਾ ਨੇ ਮੰਗ ਕੀਤੀ ਸੀ ਕਿ ਅਜਿਹਾ ਹੋਣ ਨਾਲ ਸਾਰੀ ਲੀਲਾ ਭਵਨ ਮਾਰਕੀਟ ਲਈ ਸਮੱਸਿਆ ਪੈਦਾ ਹੋ ਰਹੀ ਹੈ, ਜਿਸ ਲਈ ਉਨ੍ਹਾਂ ਨੇ ਮੌਕੇ 'ਤੇ ਪੁੱਜਕੇ ਇਸ ਸਮੱਸਿਆ ਦਾ ਹੱਲ ਕਰਵਾਇਆ ਹੈ।

ਇਸ ਮੌਕੇ ਮਾਰਕੀਟ ਐਸੋਸੀਏਸ਼ਨ ਨੇ ਮੰਗ ਰੱਖੀ ਕਿ ਲੀਲਾ ਭਵਨ ਨੇੜਲੇ ਸਕੂਲਾਂ ਦੀ ਛੁੱਟੀ ਸਮੇਂ ਇੱਕ ਘੰਟੇ ਦੇ ਸਮੇਂ ਲਈ ਚਾਵਲਾ ਚਿਕਨ ਤੋਂ ਐਚ.ਡੀ.ਐਫ.ਸੀ. ਬੈਂਕ ਨੂੰ ਜਾਂਦੀ ਸੜਕ ਨੂੰ ਇਕ ਤਰਫ਼ਾ ਕੀਤਾ ਜਾਵੇ, ਜਿਸ 'ਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਮੌਕੇ 'ਤੇ ਹੀ ਟ੍ਰੈਫਿਕ ਪੁਲਿਸ ਨੂੰ ਹਦਾਇਤ ਕੀਤੀ। ਇਸ ਤੋਂ ਬਿਨ੍ਹਾਂ ਇਨਕਮ ਟੈਕਸ ਰੋਡ 'ਤੇ ਆਵਾਜਾਈ ਵਿੱਚ ਰੁਕਾਵਟਾਂ ਦੂਰ ਕਰਨ ਲਈ ਟ੍ਰੈਫਿਕ ਪੁਲਿਸ ਨੂੰ ਇੱਕ ਮੁਲਾਜਮ ਤਾਇਨਾਤ ਕਰਨ ਲਈ ਵੀ ਕਿਹਾ ਗਿਆ ਤਾਂ ਕਿ ਲੋਕਾਂ ਨੂੰ ਆਵਾਜਾਈ ਵਿੱਚ ਕੋਈ ਸਮੱਸਿਆ ਨਾ ਆਵੇ। ਇਸ ਮੌਕੇ ਲੀਲਾ ਭਵਨ ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਜੈਨ ਤੇ ਹਨੀ ਲੂਥਰਾ ਤੇ ਹੋਰ ਦੁਕਾਨਦਾਰਾਂ ਨੇ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ ਹੈ।

# ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਕੈਂਪ 11 ਤੋਂ 22 ਨਵੰਬਰ ਤੱਕ

**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਸੇਵਾਮੁਕਤ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਨਾਲ ਸਬੰਧਿਤ ਸਮੂਹ ਸਾਬਕਾ ਸੈਨਿਕਾਂ/ਵਿਧਵਾਵਾਂ ਜੋ ਸਪਰਸ਼ ਪ੍ਰਣਾਲੀ ਰਾਹੀਂ ਭਾਰਤੀ ਸੈਨਾਵਾਂ (ਆਰਮੀ, ਏਅਰ ਫੋਰਸਿਜ਼, ਨੇਵੀ) ਦੀ ਪੈਨਸ਼ਨ ਪ੍ਰਾਪਤ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਆਪਣਾ ਜੀਵਨ ਪ੍ਰਮਾਣ ਪੱਤਰ ਸਪਰਸ਼ ਉਪਰ ਅੱਪਲੋਡ ਕਰਨ ਵਿੱਚ ਸਮੱਸਿਆ ਆ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਜੀਵਨ ਪ੍ਰਮਾਣ ਪੱਤਰ ਸਬੰਧੀ ਪੇਸ਼ ਆ ਰਹੀ ਮੁਸ਼ਕਲ ਨੂੰ ਹੱਲ ਕਰਨ ਲਈ ਸਾਬਕਾ ਸੈਨਿਕਾਂ/ਵਿਧਵਾਵਾਂ (ਜੋ ਪੈਨਸ਼ਨ ਪ੍ਰਾਪਤ ਕਰ ਰਹੇ ਹਨ) ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਮਿਤੀ 11 ਨਵੰਬਰ 2024 ਤੋਂ 22 ਨਵੰਬਰ 2024 ਤੱਕ ਸਮਾਂ ਸਵੇਰੇ 10.00 ਤੋਂ ਦੁਪਹਿਰ 03:00 ਵਜੇ ਤੱਕ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਪਟਿਆਲਾ ਵਿਖੇ ਲਗਾਏ ਜਾ ਰਹੇ ਕੈਂਪ ਵਿੱਚ ਅਸਲ ਦਸਤਾਵੇਜ਼ਾਂ ਸਮੇਤ ਜਿਵੇਂ ਕਿ (ਸਰਵਿਸ ਪਾਰਟੀਕੁਲਰਜ, ਪੀ.ਪੀ.ਓ, ਸਪਰਸ਼ ਨਾਲ ਲਿੰਕ ਮੋਬਾਇਲ ਨੰਬਰ) ਸ਼ਾਮਲ ਹੋ ਕੇ ਇਸ ਕੈਂਪ ਦਾ ਲਾਭ ਲੈ ਸਕਦੇ ਹਨ।

# ਟੈਂਪੂ ਟਰੈਵਲਰ ਦੇ ਕੈਂਟਰ ਨਾਲ ਟਕਰਾਉਣ ਕਾਰਨ 5 ਦੀ ਮੌਤ, 24 ਜ਼ਖ਼ਮੀ

**ਫ਼ਿਰੋਜ਼ਾਬਾਦ (ਯੂਪੀ), 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਰਾ-ਲਖਨਊ ਐਕਸਪ੍ਰੈਸ ਵੇਅ 'ਤੇ ਇਕ ਟੈਂਪੂ ਟਰੈਵਲਰ ਦੇ ਇਕ ਖੜ੍ਹੇ ਕੈਂਟਰ ਨਾਲ ਟਕਰਾ ਜਾਣ ਕਾਰਨ 5 ਲੋਕਾਂ ਦੀ ਮੌਤ ਹੋ ਗਈ ਅਤੇ 24 ਜ਼ਖਮੀ ਹੋ ਗਏ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਇਕ ਟੈਂਪੂ ਟਰੈਵਲਰ ਮਥੁਰਾ ਤੋਂ ਲਖਨਊ 30 ਸਵਾਰੀਆਂ ਨੂੰ ਲੈ ਕੇ ਜਾ ਰਿਹਾ ਸੀ।

ਪੁਲਿਸ ਸੁਪਰਡੈਂਟ (ਦਿਹਾਤੀ) ਅਖਿਲੇਸ਼ ਭਦੌਰੀਆ ਨੇ ਦੱਸਿਆ ਕਿ ਟੈਂਪੂ ਟਰੈਵਲਰ 'ਚ ਸਵਾਰ ਲੋਕ ਸ਼ੁੱਕਰਵਾਰ ਰਾਤ ਕਰੀਬ 10.30 ਵਜੇ ਮਥੁਰਾ ਤੋਂ ਮੁੰਡਨ ਸਮਾਰੋਹ ਤੋਂ ਵਾਪਸ ਆ ਰਹੇ ਸਨ, ਜਦੋਂ ਇਹ ਆਗਰਾ-ਲਖਨਊ ਐਕਸਪ੍ਰੈਸਵੇਅ 'ਤੇ ਸਾਈਡ 'ਤੇ ਖੜ੍ਹੇ ਇਕ ਕੈਂਟਰ ਨਾਲ ਟਕਰਾ ਗਿਆ। ਚਾਰ ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇਕ ਨੇ ਹਸਪਤਾਲ 'ਚ ਦਮ ਤੋੜ ਦਿੱਤਾ।

ਐਸਪੀ ਨੇ ਦੱਸਿਆ ਕਿ ਕੁੱਲ 30 ਯਾਤਰੀਆਂ ਵਿੱਚੋਂ 24 ਜ਼ਖ਼ਮੀ ਹੋਏ ਹਨ ਅਤੇ ਸੈਫ਼ਈ ਤੇ ਸ਼ਿਕੋਹਾਬਾਦ ਦੇ ਹਸਪਤਾਲਾਂ ਵਿੱਚ ਦਾਖ਼ਲ ਹਨ। ਟੈਂਪੂ ਟਰੈਵਲਰ ਦੇ ਡਰਾਈਵਰ ਨੇ ਇਕ ਢਾਬੇ 'ਤੇ ਖਾਣਾ ਖਾਣ ਮੌਕੇ ਸ਼ਰਾਬ ਪੀਤੀ ਸੀ ਜਿਸ ਦੇ ਨਤੀਜੇ ਵਜੋਂ ਉਹ ਸੁਸਤ ਸੀ ਅਤੇ ਇਸ ਕਾਰਨ ਇਹ ਘਟਨਾ ਵਾਪਰੀ।

# ਮੋਗਾ-ਅੰਮ੍ਰਿਤਸਰ ਸੜਕ 'ਤੇ ਧੁੰਦ ਕਾਰਨ ਪੰਜ ਵਾਹਨਾਂ ਦੀ ਟੱਕਰ; ਜਾਨੀ ਨੁਕਸਾਨ ਤੋਂ ਹੋਇਆ ਬਚਾਅ

**ਧਰਮਕੋਟ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ-ਅੰਮ੍ਰਿਤਸਰ ਸ਼ਾਹਰਾਹ ਉੱਤੇ ਸਥਿਤ ਪਿੰਡ ਮੱਲੂਬਾਣੀਆ ਨੇੜੇ ਸ਼ਨਿੱਚਰਵਾਰ ਤੜਕਸਾਰ ਵਾਪਰੇ ਸੜਕੀ ਹਾਦਸੇ ਵਿੱਚ ਝੋਨੇ ਦੇ ਭਰੇ ਤਿੰਨ ਟਰੱਕ ਅਤੇ ਦੋ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ, ਪਰ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਸਰਦੀ ਦੀ ਪਹਿਲੀ ਧੁੰਦ ਦੇ ਸ਼ੁਰੂਆਤੀ ਦਿਨ ਅੱਜ ਤੜਕਸਾਰ 3 ਵਜੇ ਦੇ ਕਰੀਬ ਪਿੰਡ ਮੱਲੂਬਾਣੀਆ ਪਾਸ ਮੰਡੀਆਂ ਵਿੱਚੋਂ ਕੋਟ ਈਸੇ ਖਾਂ ਵੱਲ ਝੋਨੇ ਦੀ ਢੋਆ-ਢੁਆਈ ਕਰ ਰਹੇ ਪਰ ਖਰਾਬ ਹਾਲਤ ਵਿੱਚ ਖੜ੍ਹੇ ਟਰੱਕ ਇਕ ਨਾਲ ਉਪਰੋ-ਥੱਲੇ ਦੋ ਹੋਰ ਝੋਨੇ ਦੇ ਭਰੇ ਟਰੱਕ ਟਕਰਾਅ ਗਏ।



ਇਸੇ ਦੌਰਾਨ ਹੀ ਇਕ ਸਕਾਰਪੀਓ (ਪੀਬੀ 29ਏਬੀ 1286) ਅਤੇ ਇਕ ਸਵਿਫ਼ਟ ਕਾਰ ਵੀ ਇਨ੍ਹਾਂ ਟਰੱਕਾਂ ਨਾਲ ਆ ਕੇ ਟਕਰਾ ਗਈਆਂ। ਇਸ ਕਾਰਨ ਦੋ ਟਰੱਕ ਅਤੇ ਦੋਵੇਂ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਲੇਕਿਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਪੁਲੀਸ ਚੌਕੀ ਬਘੇਲੇਵਾਲਾ ਦੇ ਇੰਚਾਰਜ ਅਨਵਰ ਮਸੀਹ ਨੇ ਦੱਸਿਆ ਕਿ ਇਹ ਹਾਦਸਾ ਖਰਾਬ ਖੜ੍ਹੇ ਟਰੱਕ ਕਾਰਨ ਵਾਪਰਿਆ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਮੌਕੇ 'ਤੇ ਘਟਨਾ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਟਰੱਕਾਂ ਵਾਲਿਆਂ ਦੀ ਆਪਸੀ ਸਹਿਮਤੀ ਹੋਣ ਕਾਰਨ ਕੋਈ ਪੁਲੀਸ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਹੈ।

# ਕੈਨੇਡਾ ਵਿੱਚ ਖਾਲਿਸਤਾਨੀ ਸਮਰਥਕ ਮੌਜੂਦ, ਪਰ ਉਹ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੇ: ਟਰੂਡੋ

**ਚੰਡੀਗੜ੍ਹ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਲਕ ਦੀ ਰਾਜਧਾਨੀ ਓਟਵਾ ਸਥਿਤ ਪਾਰਲੀਮੈਂਟ ਹਿੱਲ ਵਿਖੇ ਦੀਵਾਲੀ ਦੇ ਜਸ਼ਨ ਸਮਾਗਮ ਦੌਰਾਨ ਦਿੱਤੇ ਇਕ ਬਿਆਨ ਵਿੱਚ ਕਿਹਾ ਕਿ 'ਕੈਨੇਡਾ ਵਿੱਚ ਖਾਲਿਸਤਾਨ ਦੇ ਸਮਰਥਕ' ਹਨ, ਪਰ ਉਹ ਸਮੁੱਚੇ ਤੌਰ 'ਤੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰਦੇ।

ਕੈਨੇਡਾ ਦੇ ਅੰਦਰ ਖਾਲਿਸਤਾਨੀ-ਸਮਰਥਨ ਆਧਾਰ ਦੀ ਮੌਜੂਦਗੀ ਨੂੰ ਸਵੀਕਾਰ ਕਰਨ ਦੀ ਟਰੂਡੋ ਦੀ ਇਹ ਪਹਿਲੀ ਟਿੱਪਣੀ ਸੀ। ਹਾਲਾਂਕਿ, ਉਨ੍ਹਾਂ ਨਾਲ ਹੀ ਇਹ ਕਿਹਾ ਕਿ "ਉਹ ਸਮੁੱਚੇ ਤੌਰ 'ਤੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰਦੇ।"



ਜ਼ਿਕਰਯੋਗ ਹੈ ਕਿ ਕਥਿਤ ਖਾਲਿਸਤਾਨੀ ਵੱਖਵਾਦੀਆਂ ਨੇ ਬਰੈਂਪਟਨ ਵਿੱਚ ਇੱਕ ਮੰਦਰ ਦੇ ਅਹਾਤੇ ਦੇ ਅੰਦਰ ਹਿੰਦੂ-ਕੈਨੇਡੀਅਨ ਸ਼ਰਧਾਲੂਆਂ 'ਤੇ ਹਮਲਾ ਕੀਤਾ ਸੀ। ਇਸ ਘਟਨਾ ਦੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੰਦਾ ਕੀਤੀ ਸੀ, ਜਿਨ੍ਹਾਂ ਨੇ ਕਿਹਾ ਸੀ ਕਿ ਹਰੇਕ ਕੈਨੇਡੀਅਨ ਨੂੰ ਆਜ਼ਾਦੀ ਅਤੇ ਸੁਰੱਖਿਅਤ ਢੰਗ ਨਾਲ ਆਪਣੇ ਵਿਸ਼ਵਾਸ ਦਾ ਪਾਲਣ ਕਰਨ ਦਾ ਅਧਿਕਾਰ ਹੈ। ਟਰੂਡੋ ਨੇ ਭਾਈਚਾਰੇ ਦੀ ਸੁਰੱਖਿਆ ਅਤੇ ਇਸ ਘਟਨਾ ਦੀ ਜਾਂਚ ਲਈ ਤੁਰੰਤ ਕਾਰਵਾਈ ਕਰਨ ਲਈ ਸਥਾਨਕ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਇੱਕ ਬਿਆਨ ਵਿੱਚ ਵਿਦੇਸ਼ ਮੰਤਰਾਲੇ ਨੇ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਸੀ।

ਗੌਰਤਲਬ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ ਵਿੱਚ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਲਾਏ ਗਏ ਦੋਸ਼ਾਂ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਗੰਭੀਰ ਤਣਾਅ ਵਿੱਚ ਆ ਗਏ ਸਨ। ਨਵੀਂ ਦਿੱਲੀ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕੇ ਦੱਸਦਿਆਂ ਰੱਦ ਕਰ ਦਿੱਤਾ ਸੀ।

# ਡਿਪਟੀ ਕਮਿਸ਼ਨਰ ਵੱਲੋਂ ਐਸ.ਡੀ.ਐਜ਼ ਤੇ ਖੇਤੀਬਾੜੀ ਅਧਿਕਾਰੀਆਂ ਨੂੰ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕਰਨ ਦੀ ਹਦਾਇਤ

**ਪਟਿਆਲਾ, 10 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਲਈ ਡੀ.ਏ.ਪੀ. ਖਾਦ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਵਿਚਲੇ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕਰਨ ਦੀਆਂ ਹਦਾਇਤਾਂ ਕਰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਖਾਦ ਵਿਕਰੇਤਾ ਡੀ.ਏ.ਪੀ. ਖਾਦ ਦਾ ਭੰਡਾਰਨ ਨਾ ਕਰੇ ਅਤੇ ਕਿਸਾਨਾਂ ਨੂੰ ਖਾਦ ਲਈ ਕੋਈ ਮੁਸ਼ਕਲ ਪੇਸ਼ ਨਾ ਆਵੇ।

ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਕਿਹਾ ਕਿ ਉਹ ਖੁਦ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਜਾਂਚ ਕਰਨ ਲਈ ਅਚਨਚੇਤ ਦੌਰੇ ਕਰਨਗੇ ਅਤੇ ਸਮੂਹ ਐਸ.ਡੀ.ਐਮਜ਼ ਵੀ ਆਪਣੀ ਸਬ ਡਵੀਜ਼ਨ ਅੰਦਰ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਚੈਕਿੰਗ ਕਰਨ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਖਾਦ ਵਿਕਰੇਤਾ ਵੱਲੋਂ ਖਾਦ ਦੀ ਜਮ੍ਹਾਂਖੋਰੀ ਜਾ ਕਾਲਾਬਾਜ਼ਾਰੀ ਕੀਤੀ ਜਾਂਦੀ ਹੈ, ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਨੂੰ ਡੀ.ਏ.ਪੀ. ਦੇ ਬਦਲ ਵਜੋਂ ਵਰਤੀਆਂ ਜਾਣ ਵਾਲੀਆਂ 20:20:0:13, ਐਨ.ਪੀ.ਕੇ. 12:32:16, 15:15: 15, 16:16:16 ਅਤੇ ਸੁਪਰ ਫਾਸਫੇਟ (ਸਿੰਗਲ), ਟ੍ਰਿਪਲ ਫਾਸਫੇਟ ਆਦਿ ਦੀ ਵਰਤੋਂ ਬਾਰੇ ਵੱਡੇ ਪੱਧਰ 'ਤੇ ਜਾਗਰੂਕਤਾ ਫਲਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੀਟਿੰਗਾਂ/ਸੈਮੀਨਾਰ/ਕੈਂਪ/ਸੋਸ਼ਲ ਮੀਡੀਆ ਆਦਿ ਰਾਹੀਂ ਡੀ.ਏ.ਪੀ. ਦੇ ਬਦਲਾਂ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਬਦਲਵੇਂ ਸਰੋਤਾਂ ਦੀ ਵਰਤੋਂ ਵੀ ਕਰ ਸਕਣ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ 24 ਘੰਟੇ ਤਾਇਨਾਤ ਹੈ ਤੇ ਜੇਕਰ ਕਿਸਾਨਾਂ ਨੂੰ ਡੀ.ਏ.ਪੀ ਖਾਦ ਲੈਣ ਸਮੇਂ ਖਾਦ ਵਿਕਰੇਤਾ ਵੱਲੋਂ ਹੋਰ ਸਾਮਾਨ ਦਿੱਤਾ ਜਾਂਦਾ ਹੈ, ਮੁੱਲ ਜ਼ਿਆਦਾ ਵਸੂਲਿਆ ਜਾ ਰਿਹਾ ਹੈ ਜਾ ਫੇਰ ਖਰੀਦੇ ਸਾਮਾਨ ਦਾ ਬਿੱਲ ਨਹੀਂ ਦਿੱਤਾ ਜਾਂਦਾ ਤਾਂ ਕਿਸਾਨ ਇਸ ਦੀ ਸੂਚਨਾ ਤੁਰੰਤ ਖੇਤੀਬਾੜੀ ਵਿਭਾਗ ਨੂੰ ਦੇਣ ਤਾਂ ਜੋ ਅਜਿਹੇ ਖਾਦ ਵਿਕਰੇਤਾਵਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕੇ।

ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਡੀ.ਏ.ਪੀ ਖਾਦ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਲਈ ਕਿਸਾਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬਲਾਕ ਸਮਾਣਾ ਅਤੇ ਪਾਤੜਾਂ ਦੇ ਕਿਸਾਨ ਸਤੀਸ਼ ਕੁਮਾਰ (97589-00047), ਬਲਾਕ ਭੁਨਰਹੇੜੀ ਅਤੇ ਸਨੌਰ ਦੇ ਕਿਸਾਨ ਅਵਨਿੰਦਰ ਸਿੰਘ ਮਾਨ (80547-04471), ਬਲਾਕ ਖੇਤੀਬਾੜੀ ਅਫ਼ਸਰ ਨਾਭਾ ਦੇ ਕਿਸਾਨ ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਪਟਿਆਲਾ ਦੇ ਕਿਸਾਨ ਗੁਰਮੀਤ ਸਿੰਘ (97791-60950), ਬਲਾਕ ਰਾਜਪੁਰਾ ਦੇ ਕਿਸਾਨ ਜਪਿੰਦਰ ਸਿੰਘ (79735-74542) ਅਤੇ ਬਲਾਕ ਘਨੌਰ ਦੇ ਕਿਸਾਨ ਅਨੁਰਾਗ ਅੱਤਰੀ (97819-90390) ਨਾਲ ਡੀ.ਏ.ਪੀ ਖਾਦ ਸਬੰਧੀ ਆਪਣੀ ਸ਼ਿਕਾਇਤ ਆਦਿ ਦਰਜ਼ ਕਰਵਾਉਣ ਲਈ ਸੰਪਰਕ ਕਰ ਸਕਦੇ ਹਨ।

## ਬ੍ਰਹਮਪੁਰਾ ਵੱਲੋਂ ਭਾਰਤ-ਕੈਨੇਡਾ ਦਰਮਿਆਨ ਸਾਂਤੀ ਤੇ ਸਦਭਾਵਨਾ ਨੂੰ ਕਾਇਮ ਰੱਖਣ ਲਈ ਵਿਆਪਕ ਯੋਜਨਾਬੰਦੀ ਦੀ ਮੰਗ

**ਏਜੰਸੀਆਂ**

ਜੈਤੋ, 10 ਨਵੰਬਰ। ਸ੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਰਵਿੰਦਰ



ਸਿੰਘ ਬ੍ਰਹਮਪੁਰਾ ਨੇ ਕੈਨੇਡਾ ਵਿੱਚ ਧਾਰਮਿਕ ਸਥਾਨਾਂ 'ਤੇ ਹੋਈ ਦਖਲ ਅੰਦਾਜੀ ਵਿਰੁੱਧ ਆਪਣੀ ਸੰਵੇਦਨਸੀਲ ਪ੍ਰਤੀਕਿਰਿਆ ਰੱਖੀ ਹੈ। ਬ੍ਰਹਮਪੁਰਾ ਨੇ ਸਿੱਖ ਕੌਮ ਨੂੰ ਨਿਸਾਨਾ ਬਣਾਉਣ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਅਜਿਹੀਆਂ ਕਾਰਵਾਈਆਂ ਨੂੰ ਅਤਿ ਨਿੰਦਣਯੋਗ ਕਰਾਰ ਦਿੱਤਾ ਜਿਸ ਵਿੱਚ ਸਿੱਖਾਂ ਨੂੰ ਜਾਣਬੁੱਝ ਕੇ ਨਿਸਾਨਾ ਬਣਾਇਆ ਜਾ ਰਿਹਾ ਹੈ। ਕੈਨੇਡਾ ਅਤੇ ਭਾਰਤ ਦਰਮਿਆਨ ਡੂੰਘੇ ਸੰਬੰਧਾਂ ਨੂੰ ਉਜਾਗਰ ਕਰਦੇ ਹੋਏ, ਖਾਸਤੌਰ 'ਤੇ ਕੈਨੇਡਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਮੱਦੇਨਜਰ, ਸਾਬਕਾ ਵਿਧਾਇਕ ਬ੍ਰਹਮਪੁਰਾ ਨੇ ਦੋਵਾਂ ਪ੍ਰਧਾਨ ਮੰਤਰੀਆਂ ਜਸਟਿਨ ਟਰੂਡੋ ਅਤੇ ਨਰਿੰਦਰ ਮੋਦੀ ਤੋਂ ਵਿਚਾਰਸੀਲ ਅਤੇ ਸੁਹਿਰਦ ਟਿੱਪਣੀਆਂ ਕਰਨ ਦੀ ਅਪੀਲ ਕੀਤੀ ਹੈ। ਇਸ ਗੱਲ 'ਤੇ ਜੋਰ ਦਿੰਦੇ ਹੋਏ ਕਿ ਸਮੂਚਾ ਸਿੱਖ ਭਾਈਚਾਰਾ ਅੰਦਰੂਨੀ ਤੌਰ 'ਤੇ ਸਾਰੇ ਧਾਰਮਿਕ ਸਥਾਨਾਂ ਦਾ ਸਤਿਕਾਰ ਕਰਦਾ ਹੈ ਅਤੇ ਧਾਰਮਿਕ ਸਥਾਨਾਂ 'ਤੇ ਹਮਲਿਆਂ ਵਿਚ ਕਿਸੇ ਵੀ ਸਮੂਲੀਅਤ ਨੂੰ ਰੱਦ ਕਰਦੇ ਹੋਏ, ਬ੍ਰਹਮਪੁਰਾ ਨੇ ਭਾਰਤ ਵਿਚ 1984 ਦੇ ਸਿੱਖ ਕਤਲੇਆਮ ਤੋਂ ਬਾਅਦ ਸਿੱਖਾਂ ਲਈ ਨਿਆਂ ਦੀ ਘਾਟ ਵੱਲ ਧਿਆਨ ਖਿੱਚਿਆ ਅਤੇ ਸਿੱਖ ਕੌਮ ਅੱਜ ਵੀ ਇਨਸਾਫ ਦੀ ਉਡੀਕ ਵਿੱਚ ਲੰਮੇ ਸਮੇਂ ਤੋਂ ਇੰਤਜਾਰ ਕਰ ਰਹੀ ਹੈ। ਸਿੱਖ ਕੌਮ ਦੇ ਸਾਂਤਮਈ ਸਹਿਹੋਂਦ ਦੇ ਇਤਿਹਾਸ ਦਾ ਹਵਾਲਾ ਦਿੰਦੇ ਹੋਏ ਅਤੇ ਸਿੱਖ ਅਕਸ ਦੀ ਰਾਖੀ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਬ੍ਰਹਮਪੁਰਾ ਨੇ ਸ੍ਰੀ ਅਕਾਲ ਤਖਤ ਸਾਹਿਬ, ਅਤੇ ਜਥੇਦਾਰ ਸਾਹਿਬਾਨਾਂ ਦੀ ਸਿੱਖ ਕਦਰਾਂ-ਕੀਮਤਾਂ ਅਤੇ ਸਿੱਖਾਂ ਨੂੰ ਸਾਂਤੀ ਦੇ ਸਮਰਥਕ ਹੋਣ ਦੀ ਪੈਰਵਾਈ ਕਰਨ ਲਈ ਪ੍ਰਸੰਸਾ ਕੀਤੀ। ਅਮਨ-ਸਾਂਤੀ ਨੂੰ ਬਰਕਰਾਰ ਰੱਖਣ ਲਈ ਦੋਵਾਂ ਸਰਕਾਰਾਂ ਦੁਆਰਾ ਮਜਬੂਤ ਕੂਟਨੀਤਕ ਰਣਨੀਤੀਆਂ ਦੀ ਵਕਾਲਤ ਕਰਦੇ ਹੋਏ, ਵਿਸੇਸ ਤੌਰ 'ਤੇ ਖੁਸਹਾਲ ਭਵਿੱਖ ਦੀ ਮੰਗ ਕਰਨ ਵਾਲੇ ਕੈਨੇਡਾ ਵਿਚ ਮਹੱਤਵਪੂਰਨ ਭਾਰਤੀ ਪ੍ਰਵਾਸੀਆਂ ਨੂੰ ਦੇਖਦੇ ਹੋਏ, ਬ੍ਰਹਮਪੁਰਾ ਨੇ ਦੋਹਾਂ ਰਾਸਟਰਾਂ ਵਿਚਕਾਰ ਸਾਂਤੀ ਅਤੇ ਸਦਭਾਵਨਾ ਨੂੰ ਉਤਸਾਹਿਤ ਕਰਨ ਦੇ ਉਦੇਸ ਨਾਲ ਵਿਆਪਕ ਯੋਜਨਾਬੰਦੀ ਦੀ ਮੰਗ ਕੀਤੀ।

## ਭੈਣਾਂ ਦੇ ਖਾਤਿਆਂ 'ਚ ਆਉਣਗੇ 1250 ਰੁਪਏ, ਸਰਕਾਰ ਨੇ ਜਾਰੀ ਕੀਤੀ ਰਕਮ

**ਸਰਦੂਲ ਸਿੰਘ**

ਮੱਧ ਪ੍ਰਦੇਸ਼ 10 ਨਵੰਬਰ। ਮੱਧ ਪ੍ਰਦੇਸ ਸਰਕਾਰ ਦੀ ਅਭਿਲਾਸੀ ਅਤੇ ਬਹੁਤ ਚਰਚਿਤ ਯੋਜਨਾ, ਲਾਡਲੀ ਬ੍ਰਾਹਮਣ ਯੋਜਨਾ ਦੇ ਤਹਿਤ ਨਵੰਬਰ ਮਹੀਨੇ ਵਿੱਚ ਰਾਜ ਭਰ ਦੀਆਂ ਲੱਖਾਂ ਔਰਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਸਕੀਮ ਅਧੀਨ 18ਵੀਂ ਕਿਸਤ ਦਾ ਤਬਾਦਲਾ ਅੱਜ, 10 ਨਵੰਬਰ 2024 ਨੂੰ ਕੀਤਾ ਜਾਵੇਗਾ। ਮੁੱਖ ਮੰਤਰੀ ਡਾ: ਮੋਹਨ ਯਾਦਵ ਇੰਦੌਰ ਤੋਂ ਇਕ ਕਲਿੱਕ 'ਤੇ ਲਾਡਲੀਆਂ ਭੈਣਾਂ ਦੇ ਖਾਤਿਆਂ 'ਚ ਰਾਸੀ ਟਰਾਂਸਫਰ ਕਰਨਗੇ। ਇਸ ਰਾਸੀ ਨਾਲ ਸੂਬੇ ਭਰ ਦੀਆਂ 1.29 ਕਰੋੜ ਪਿਆਰੀਆਂ ਭੈਣਾਂ ਨੂੰ ਲਾਭ ਹੋਵੇਗਾ। ਇਸ ਯੋਜਨਾ ਦੇ ਤਹਿਤ ਸਾਰੇ ਯੋਗ ਮਹਿਲਾ ਲਾਭਪਾਤਰੀਆਂ ਦੇ ਖਾਤਿਆਂ ਵਿੱਚ 1250 ਰੁਪਏ ਦੀ ਰਕਮ ਟਰਾਂਸਫਰ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪੈਨਸਨ ਲੈਣ ਵਾਲੀਆਂ ਭੈਣਾਂ ਨੂੰ 650 ਰੁਪਏ ਦੀ ਵਾਧੂ ਰਾਸੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਖੁਦ ਟਵੀਟ ਕਰਕੇ ਇਸ ਮਹੱਤਵਪੂਰਨ ਫੰਡ ਟਰਾਂਸਫਰ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਨੂੰ ਔਰਤਾਂ ਲਈ ਅਹਿਮ ਕਦਮ ਦੱਸਿਆ। ਇਸ ਵਾਰ ਖਰਗੋਨ ਜ਼ਿਲ੍ਹੇ ਦੀਆਂ 3 ਲੱਖ 20 ਹਜਾਰ 481 ਲਾਡਲੀਆਂ ਭੈਣਾਂ ਦੇ ਖਾਤਿਆਂ ਵਿੱਚ ਕੁੱਲ 39 ਕਰੋੜ 9 ਲੱਖ 38 ਹਜਾਰ 250 ਰੁਪਏ ਟਰਾਂਸਫਰ ਕੀਤੇ ਜਾਣਗੇ। ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਭਾਰਤੀ ਅਵਾਸਿਆ ਨੇ ਇਸ ਦੀ ਪੁਸਟੀ ਕਰਦਿਆਂ ਕਿਹਾ ਕਿ ਇਹ ਰਕਮ ਸਾਰੀਆਂ ਭੈਣਾਂ ਦੇ ਬੈਂਕ ਖਾਤਿਆਂ ਵਿੱਚ ਇਕੱਠੀ ਜਮ੍ਹਾਂ ਕਰਵਾਈ ਜਾਵੇਗੀ। ਕਿਸਤ ਦੀ ਰਕਮ ਸਾਰੀਆਂ ਭੈਣਾਂ ਨੂੰ ਉਨ੍ਹਾਂ ਦੀ ਜ਼ਿਲ੍ਹਾ ਪੰਚਾਇਤ ਦੇ ਆਧਾਰ 'ਤੇ ਦਿੱਤੀ ਜਾਵੇਗੀ। ਇਹ ਰਕਮ




ਵੱਖ-ਵੱਖ ਜ਼ਿਲ੍ਹਾ ਪੰਚਾਇਤਾਂ ਅਧੀਨ ਲਾਭਪਾਤਰੀ ਔਰਤਾਂ ਦੇ ਖਾਤਿਆਂ ਵਿੱਚ ਹੇਠ ਲਿਖੇ ਅਨੁਸਾਰ ਤਬਦੀਲ ਕੀਤੀ ਜਾਵੇਗੀ: ਮੁੱਖ ਮੰਤਰੀ ਲਾਡਲੀ ਬਹਿਨ ਯੋਜਨਾ ਦਾ ਉਦੇਸ ਰਾਜ ਦੀਆਂ ਔਰਤਾਂ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੀ ਸਮਾਜਿਕ ਸਥਿਤੀ ਵਿੱਚ ਸੁਧਾਰ ਕਰਨਾ ਹੈ। ਇਸ ਸਕੀਮ ਤਹਿਤ ਹਰ ਮਹੀਨੇ ਲੱਖਾਂ ਔਰਤਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਤਾਂ ਜੋ ਉਹ ਆਪਣੀਆਂ ਰੋਜਾਨਾ ਲੋੜਾਂ ਪੂਰੀਆਂ ਕਰ ਸਕਣ। ਸੂਬਾ ਸਰਕਾਰ ਔਰਤਾਂ ਦੇ ਸਸਕਤੀਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ ਅਤੇ ਇਸ ਸਕੀਮ ਰਾਹੀਂ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਹਰ ਲੋੜਵੰਦ ਔਰਤ ਨੂੰ ਸਮੇਂ ਸਿਰ ਸਹਾਇਤਾ ਮਿਲੇ। ਇਸ ਰਾਸੀ ਨੂੰ ਪ੍ਰਾਪਤ ਕਰਨ ਨਾਲ ਔਰਤਾਂ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਸੁਤੰਤਰ ਬਣਾਉਣ ਦੇ ਨਾਲ-ਨਾਲ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਮਜਬੂਤ ਕਰਨ ਦੇ ਯੋਗ ਹੋ ਜਾਣਗੀਆਂ। ਸਾਰੇ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਗਈ ਰਕਮ ਦੀ ਸੂਚਨਾ ਇਕ ਮੈਸੇਜ ਦੇ ਰਾਹੀਂ ਦਿੱਤੀ ਜਾਵੇਗੀ। ਇਸ ਸਕੀਮ ਤਹਿਤ ਟਰਾਂਸਫਰ ਕੀਤੀ ਜਾਣ ਵਾਲੀ ਰਾਸੀ ਬਾਰੇ ਜ਼ਿਲ੍ਹਾ ਅਧਿਕਾਰੀਆਂ ਅਤੇ ਬੈਂਕ ਵੱਲੋਂ ਲਾਭਪਾਤਰੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਇਸ ਸਕੀਮ ਦੇ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਸਮੇਂ-ਸਮੇਂ 'ਤੇ ਅਪਡੇਟ ਕਰਦੇ ਰਹਿਣ ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਕੋਈ ਵੀ ਵਿੱਤੀ ਸਹਾਇਤਾ ਮਿਲ ਸਕੇ। ਇਸ ਯੋਜਨਾ ਦੀ ਸਫਲਤਾ ਰਾਜ ਭਰ ਦੀਆਂ ਔਰਤਾਂ ਵਿੱਚ ਇੱਕ ਨਵਾਂ ਵਿਸਵਾਸ ਅਤੇ ਉਮੀਦ ਪੈਦਾ ਕਰ ਰਹੀ ਹੈ। ਇਸ ਨਾਲ ਔਰਤਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਉਹ ਆਪਣੇ ਪਰਿਵਾਰਾਂ ਦੀ ਭਲਾਈ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੇ ਯੋਗ ਹੋ ਰਹੀਆਂ ਹਨ।

## ਕੇਵਲ ਸਿੰਘ ਢਿੱਲੋਂ ਨੇ ਹੱਲ ਕਰਵਾਇਆ ਕਿਸਾਨਾਂ ਦਾ ਮਸਲਾ, ਕੇਂਦਰ ਨੇ ਪੂਰੀ ਕੀਤੀ ਮੰਗ

ਬਰਨਾਲਾ 10 ਨਵੰਬਰ। ਬਰਨਾਲਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਦੇ ਯਤਨਾਂ ਸਦਕਾ ਹਲਕੇ ਦੇ ਪਿੰਡਾਂ ਵਿਚ ਕਿਸਾਨਾਂ ਨੂੰ ਖਾਦ ਪਹੁੰਚਣੀ ਸੁਰੂ ਹੋ ਗਈ। ਅੱਜ ਪਿੰਡ ਨੰਗਲ ਅਤੇ ਠੁੱਲੇਵਾਲ ਦੇ ਕਿਸਾਨਾਂ ਵੱਲੋਂ ਕੇਵਲ ਸਿੰਘ ਢਿੱਲੋ ਦਾ ਖਾਦ ਦੇ ਪ੍ਰਬੰਧ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪਿਛਲੇ ਦਿਨਾਂ ਵਿਚ ਪਿੰਡਾਂ ਵਿਚ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਕਿਸਾਨਾਂ ਨੇ ਖਾਦ ਦੀ ਘਾਟ ਬਾਰੇ ਮਾਮਲਾ ਧਿਆਨ ਵਿਚ ਲਿਆਂਦਾ ਸੀ। ਜਿਸ ਤੋਂ ਬਾਅਦ ਉਨ੍ਹਾਂ ਨੇ 5 ਨਵੰਬਰ ਨੂੰ ਖਾਦ ਮੰਤਰੀ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੂੰ ਚਿੱਠੀ ਲਿਖ ਕੇ ਬਰਨਾਲਾ ਦੇ ਕਿਸਾਨਾਂ ਨੂੰ ਖਾਦ ਪੂਰੀ ਕਰਨ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਪਾਰਟੀ ਦੇ ਸੂਬਾ ਇੰਚਾਰਜ ਵਿਜੇ ਰੁਪਾਣੀ ਵੱਲੋਂ ਵੀ ਬਰਨਾਲਾ ਵਿਖੇ ਜੇ.ਪੀ. ਨੱਢਾ ਨਾਲ



ਫੋਨ ਉੱਪਰ ਇਹ ਮਾਮਲਾ ਧਿਆਨ ਵਿਚ ਲਿਆਂਦਾ ਗਿਆ ਸੀ। ਜਿਸ ਤੋਂ ਬਾਅਦ ਤੁਰੰਤ ਬਰਨਾਲਾ ਹਲਕੇ ਦੀਆਂ ਸਹਿਕਾਰੀ ਸਭਾਵਾਂ ਵਿਚ ਕਿਸਾਨਾਂ ਲਈ ਖਾਦ ਪਹੁੰਚਣੀ ਸੁਰੂ ਹੋ ਗਈ ਹੈ ਅਤੇ ਕਿਸਾਨਾਂ ਦੀ ਇਸ ਵੱਡੀ ਸਮੱਸਿਆ ਦਾ ਹੱਲ ਹੋ ਗਿਆ ਹੈ। ਇਸ ਨਾਲ ਸਾਡੇ ਕਿਸਾਨ ਭਰਾ ਹੁਣ ਕਣਕ ਦੀ ਬਿਜਾਈ ਸਮਾਂ ਰਹਿੰਦਿਆਂ ਕਰ ਸਕਣਗੇ। ਉਨ੍ਹਾਂ ਡੀਏਪੀ ਖਾਦ ਦਾ ਪ੍ਰਬੰਧ ਕਰਨ ਲਈ ਖਾਦ ਮੰਤਰੀ ਅਤੇ ਕੌਮੀ ਪ੍ਰਧਾਨ ਜੇਪੀ ਨੱਢਾ ਅਤੇ ਪੰਜਾਬ ਬੀਜੇਪੀ ਇੰਚਾਰਜ ਵਿਜੇ ਰੁਪਾਣੀ ਦਾ ਧੰਨਵਾਦ ਕੀਤਾ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਹਮੇਸਾ ਬਰਨਾਲਾ ਦੇ ਕਿਸਾਨਾਂ ਅਤੇ ਹਰ ਵਰਗ ਨਾਲ ਡੱਟ ਕੇ ਖੜੇ ਹਨ। ਪੰਜਾਬ ਦੀਆਂ ਆਮ ਆਦਮੀ ਪਾਰਟੀ ਦੀ ਸਰਕਾਰ ਸਾਡੇ ਕਿਸਾਨ ਭਰਾਵਾਂ ਨੂੰ ਇਸ ਔਖੀ ਘੜੀ ਵਿਚ ਕਿਨਾਰਾ ਕਰਕੇ ਸਮੱਸਿਆਵਾਂ ਦਾ ਹੱਲ ਕੀਤੇ ਬਿਨਾਂ ਭੱਜ ਗਈ। ਜਿਸ ਕਰਕੇ ਕੇਂਦਰ ਦੀ ਬੀਜੇਪੀ ਸਰਕਾਰ ਨੇ ਸਾਡੇ ਕਿਸਾਨ ਭਰਾਵਾਂ ਦੀ ਬਾਂਹ ਫੜੀ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਦੇ ਲੋਕਾਂ ਲਈ ਖਾਦ ਦਾ ਇਕ ਹੋਰ ਰੈਕ ਬਹੁਤ ਜਲਦ ਪਹੁੰਚ ਜਾਵੇਗਾ, ਜਿਸ ਨਾਲ ਬਰਨਾਲਾ ਦੇ ਕਿਸਾਨਾਂ ਲਈ ਖਾਦ ਆਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿਚ ਬੀਜੇਪੀ ਦੀ ਸਰਕਾਰ ਬਣ ਜਾਂਦੀ ਹੈ ਤੇ ਲੋਕਾਂ ਦਾ ਫਤਵਾ ਉਨ੍ਹਾਂ ਦੇ ਹੱਕ ਵਿੱਚ ਆਉਂਦਾ ਹੈ ਤਾਂ ਫਸਲਾਂ ਦੀ ਖਰੀਦ, ਖਾਦ ਸਮੇਤ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

## ਸੈਰ ਕਰਨ ਨਿਕਲੇ ਲੋਕਾਂ ਨੂੰ ਤੇਜ ਰਫਤਾਰ ਵਾਹਨ ਨੇ ਮਾਰੀ ਜੋਰਦਾਰ ਟੱਕਰ, 3 ਦੀ ਮੌਤ

ਕੋਲਕਾਤਾ 10 ਨਵੰਬਰ। ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ 'ਚ ਸਨੀਵਾਰ ਨੂੰ ਹਾਈਵੇਅ 'ਤੇ ਇਕ ਤੇਜ ਰਫਤਾਰ ਵਾਹਨ ਦੀ ਲਪੇਟ 'ਚ ਆਉਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਮੁਤਾਬਕ ਇਹ ਹਾਦਸਾ ਮਾਲਦਾ ਦੇ ਹਰਿਸਚੰਦਰਪੁਰ ਇਲਾਕੇ 'ਚ ਵਾਪਰਿਆ ਹੈ। ਸਵੇਰ ਦੀ ਸੈਰ ਲਈ ਨਿਕਲੇ ਲੋਕਾਂ ਨੂੰ ਇੱਕ ਪਿਕਅੱਪ ਵੈਨ ਨੇ ਪਿੱਛੇ ਤੋਂ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਗੱਡੀ ਬੇਕਾਬੂ ਹੋ ਕੇ ਸੜਕ ਕਿਨਾਰੇ ਖਾਈ ਵਿੱਚ ਜਾ ਡਿੱਗੀ। ਅਧਿਕਾਰੀਆਂ ਨੇ ਦੱਸਿਆ ਕਿ ਮੌਕੇ 'ਤੇ ਹੀ ਤਿੰਨ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਦਲੀਪ ਸਾਹਾ (49), ਫੇਕਣ ਲਾਲ ਰਾਮ (60) ਅਤੇ ਸੁਰੇਸ ਖੇਤਾਨ (60) ਵਜੋਂ ਹੋਈ। ਉਨ੍ਹਾਂ ਦੱਸਿਆ ਕਿ ਲਾਸਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਵਾਹਨ ਦੇ ਡਰਾਈਵਰ ਨੂੰ ਗੰਭੀਰ ਹਾਲਤ ਵਿੱਚ ਨੇੜਲੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ

## ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਅ ਲਈ 48 .ਫ਼ੀਸਦੀ ਤੋਂ ਵੱਧ ਪਸ਼ੂਆਂ ਦਾ ਟੀਕਾਕਰਨ ਕੀਤਾ: ਗੁਰਮੀਤ ਖੁੱਡੀਆਂ

**ਕਿਸ਼ਨ ਪਾਲ**

ਚੰਡੀਗੜ੍ਹ 10 ਨਵੰਬਰ। ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਪਸ਼ੂਆਂ ਨੂੰ ਮੂੰਹ-ਖੁਰ ਦੀ ਬਿਮਾਰੀ (ਐੱਫ.ਐੱਮ.ਡੀ.) ਤੋਂ ਬਚਾਉਣ ਲਈ 21 ਅਕਤੂਬਰ ਨੂੰ ਸੁਰੂ ਕੀਤੀ ਗਈ ਸੂਬਾ ਪੱਧਰੀ ਟੀਕਾਕਰਨ ਮੁਹਿੰਮ ਦੇ 18 ਦਿਨਾਂ ਦੇ ਅੰਦਰ ਹੀ ਸੂਬੇ ਭਰ ਦੇ 48 ਫ਼ੀਸਦ ਤੋਂ ਵੱਧ ਪਸ਼ੂਆਂ ਨੂੰ ਵੈਕਸੀਨ ਲਗਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਟੀਕਾਕਰਨ ਮੁਹਿੰਮ ਦੀ ਪ੍ਰਭਾਵਸੀਲਤਾ ਦਾ ਮੁਲਾਂਕਣ ਕਰਨ ਲਈ ਉੱਡਣ ਦਸਤਿਆਂ ਦੀਆਂ ਪੰਜ ਟੀਮਾਂ ਦਾ ਗਠਨ ਵੀ ਕੀਤਾ ਗਿਆ ਹੈ। ਹਰੇਕ ਟੀਮ ਨੂੰ ਚਾਰ ਤੋਂ ਪੰਜ ਜ਼ਿਲ੍ਹੇ ਦਿੱਤੇ ਗਏ ਹਨ। ਇਹ ਟੀਮਾਂ ਐੱਫ.ਐੱਮ.ਡੀ. ਟੀਕਾਕਰਨ ਸਬੰਧੀ ਅੰਕੜਿਆਂ ਦੀ ਚੈਕਿੰਗ ਤੇ ਤਸਦੀਕ ਕਰਨ ਦੇ ਨਾਲ-ਨਾਲ ਪਸ਼ੂ ਫਾਰਮਾਂ ਦਾ ਦੌਰਾ ਕਰਨਗੀਆਂ। ਉਨ੍ਹਾਂ ਦੱਸਿਆ ਕਿ ਸੂਬੇ ਭਰ ਦੇ ਕੁੱਲ 65,47,407 ਪਸ਼ੂਆਂ ਵਿੱਚੋਂ ਹੁਣ ਤੱਕ 31.48 ਲੱਖ ਤੋਂ ਵੱਧ ਪਸ਼ੂਆਂ ਨੂੰ ਪਸ਼ੂ ਪਾਲਣ ਵਿਭਾਗ ਦੀਆਂ 816 ਟੀਮਾਂ ਵੱਲੋਂ ਐੱਫ.ਐੱਮ.ਡੀ. ਵੈਕਸੀਨ ਲਗਾਈ ਜਾ ਚੁੱਕੀ ਹੈ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ 30 ਨਵੰਬਰ ਤੱਕ ਸਾਰੇ ਪਸ਼ੂਆਂ ਨੂੰ ਐੱਫ.ਐੱਮ.ਡੀ.



ਵੈਕਸੀਨ ਲਗਾਉਣ ਦੇ ਨਿਰਦੇਸ ਵੀ ਦਿੱਤੇ। ਪਸ਼ੂ ਪਾਲਕਾਂ ਨੂੰ ਇਸ ਮੁਹਿੰਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਸੂਬਾ ਪੱਧਰ 'ਤੇ ਕੰਟਰੋਲ ਰੂਮ ਸਥਾਪਤ ਕਰਨ ਦੇ ਨਾਲ-ਨਾਲ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰਾਂ ਦੇ ਦਫਤਰਾਂ ਵਿਖੇ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਵੀ ਬਣਾਏ ਗਏ ਹਨ। ਵਿਭਾਗ ਵੱਲੋਂ ਪਸ਼ੂ ਪਾਲਕਾਂ ਦੀ ਸਹਾਇਤਾ ਲਈ ਹੈਲਪਲਾਈਨ ਨੰਬਰ 0172-5086064 ਵੀ ਜਾਰੀ ਕੀਤਾ ਗਿਆ ਹੈ। ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਦੱਸਿਆ ਕਿ ਵਿਭਾਗ ਨੇ ਇਸ ਟੀਕਾਕਰਨ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ 1.08 ਕਰੋੜ ਰੁਪਏ ਦੀ ਲਾਗਤ ਨਾਲ ਸੂਈਆਂ ਸਮੇਤ 55.86 ਲੱਖ ਡਿਸਪੋਜਲ ਸਰਿੰਜਾਂ ਅਤੇ ਹੋਰ ਲੌਜਿਸਟਿਕਸ ਦੀ ਖਰੀਦ ਕੀਤੀ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜੋਰ ਦਿੱਤਾ ਕਿ ਸੂਬੇ ਦੇ ਸਮੁੱਚੇ ਪਸ਼ੂਧਨ ਦਾ ਟੀਕਾਕਰਨ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਕੋਲਡ ਚੇਨ ਨੂੰ ਮੇਨਟੇਨ ਕਰਨ ਅਤੇ ਪਸ਼ੂ ਪਾਲਕਾਂ ਨੂੰ ਟੀਕਾਕਰਨ ਮੁਹਿੰਮ ਦੇ ਲਾਭ ਬਾਰੇ ਜਾਗਰੂਕ ਕਰਨ ਲਈ ਕਿਹਾ।

## ਇਸ ਪਿੰਡ ਨੇ 10 ਜੀਆਂ ਵਾਲੇ ਪਰਿਵਾਰ ਨੂੰ ਪਿੰਡ ਛੱਡਣ ਲਈ ਕਿਹਾ, ਦੋ ਦਿਨਾਂ ਦਾ ਦਿੱਤਾ ਸਮਾਂ

ਤਪਾ ਮੰਡੀ 10 ਨਵੰਬਰ। ਇਥੋਂ ਦੇ ਨੇੜਲੇ ਪਿੰਡ ਮੌੜ ਨਾਭਾ ਵਿਖੇ ਸਮੂਹ ਪੰਚਾਇਤੀ ਵਲੋਂ ਸਰਬਸੰਮਤੀ ਨਾਲ ਇਕ ਪਰਿਵਾਰ ਨੂੰ ਪਿੰਡ ਵਿਚੋਂ ਬਾਹਰ ਕੱਢਣ ਦਾ ਮਤਾ ਪਾਸ ਕੀਤਾ ਗਿਆ। ਜਿਸ ਮਗਰੋਂ ਉਕਤ ਪਰਿਵਾਰ ਨੂੰ ਪਿੰਡ ਛੱਡਣ ਲਈ ਆਖਿਆ ਗਿਆ। ਇਸ ਪਰਿਵਾਰ ਵਿਚ ਪਰਿਵਾਰ ਦੇ ਮੁਖੀ ਆਸ਼ੂ ਖਾਨ ਅਤੇ ਉਸ ਦੀ ਪਤਨੀ ਤੋਂ ਇਲਾਵਾ 6 ਧੀਆਂ ਅਤੇ ਦੋ ਪੁੱਤਰਾਂ ਸ਼ਾਮਲ ਹਨ। ਪਿੰਡ ਵਾਸੀਆਂ ਨੇ ਆਖਿਆ ਕਿ ਆਸ਼ੂ ਖਾਨ ਨੂੰ ਪਰਿਵਾਰ ਸਮੇਤ ਪਿੰਡ ਛੱਡਣ ਲਈ ਦੋ ਦਿਨ ਦਾ ਸਮਾਂ ਦਿੱਤਾ ਗਿਆ। ਜਿਸ ਲਈ ਉਹ ਆਪਣਾ ਬੋਰੀਆ ਬਿਸਤਰਾ ਲਪੇਟ ਸਕੇ। ਮੀਡੀਆ ਰਿਪੋਰਟਾਂ ਮੁਤਾਬਕ ਮੂਲ ਰੂਪ ਨਾਲ ਉਤਰ ਪ੍ਰਦੇਸ਼ ਵਾਸੀ ਆਸ਼ੂ ਖਾਨ ਜਿਸ ਨੂੰ ਦਸ ਦਿਨ ਪਹਿਲਾਂ ਗਊ ਹੱਤਿਆ ਸੰਬੰਧੀ ਅਤੇ ਗਊਆਂ ਦਾ ਮਾਸ ਸਪਲਾਈ ਕਰਨ ਦੇ ਦੋਸ਼ ਵਿਚ ਲੋਕਾਂ ਵਲੋਂ ਘੇਰਿਆ ਗਿਆ ਸੀ, ਜਿਸ ਉਪਰੰਤ ਸ਼ਹਿਣਾ ਪੁਲਸ ਨੇ ਉਸ 'ਤੇ ਪਰਚਾ ਦਰਜ ਕਰਨ ਉਪਰੰਤ ਉਸ ਨੂੰ ਗ੍ਰਿਫਤਾਰ ਕਰਦਿਆਂ ਜੇਲ੍ਹ ਭੇਜਿਆ ਪਰ ਜਮਾਨਤ ਹੋਣ ਉਪਰੰਤ ਘਰ ਆ ਜਾਣ 'ਤੇ ਬੀਤੇ ਦਿਨੀਂ ਵੱਡੀ ਗਿਣਤੀ ਪਿੰਡ ਵਾਸੀਆਂ, ਪੰਚਾਇਤੀ ਆਗੂਆਂ ਤੋਂ ਇਲਾਵਾ ਮੁਸਲਿਮ ਭਾਈਚਾਰੇ ਦੇ ਲੋਕਾਂ ਦਾ ਇਕੱਠ ਜੰਡ ਵਾਲੀ ਧਰਮਸ਼ਾਲਾ ਵਿਚ ਜੁੜਿਆ। ਇਸ ਮੌਕੇ ਪਿੰਡ ਵਾਸੀਆਂ ਨੇ ਅਤੇ ਸਮੂਹ ਪੰਚਾਇਤਾਂ ਨੇ ਸਰਬਸੰਮਤੀ ਨਾਲ ਫੈਸਲਾ ਲੈਂਦਿਆਂ ਕਿਹਾ ਕਿ ਆਸ਼ੂ ਯੂਨਸ ਖਾਨ ਕਈ ਸਾਲਾਂ ਤੋਂ ਪਿੰਡ ਵਿਚ ਰਹਿ ਰਿਹਾ ਸੀ ਪਰ 14 ਅਕਤੂਬਰ ਦੀ ਰਾਤ ਨੂੰ ਉਸ ਨੂੰ ਗਊ ਦੇ ਵੱਛੇ ਨਾਲ ਜੁਲਮ ਕਰਦਿਆਂ ਲੋਕਾਂ ਵਲੋਂ ਦਬੋਚਿਆ ਗਿਆ। ਇਸ ਨਾਲ ਸਮੁੱਚੇ ਧਰਮ ਦੇ ਲੋਕਾਂ ਨੂੰ ਠੇਸ ਪਹੁੰਚੀ ਹੈ। ਮੁਸਲਿਮ ਭਾਈਚਾਰੇ ਦੇ ਹਾਜਰ ਲੋਕਾਂ ਨੇ ਕਿਹਾ ਕਿ ਪੰਜਾਬ ਵਿਚ ਵੱਸਦੇ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਆਪਸੀ ਭਾਈਚਾਰੇ ਕਰਕੇ ਅਤੇ ਦੂਜੇ ਧਰਮਾ ਦਾ ਸਤਿਕਾਰ ਕਰਦੇ ਹਨ ਅਤੇ ਅਜਿਹਾ ਕਰਨਾ ਗੁਨਾਹ ਮੰਨਦੇ ਹਨ। ਲਿਹਾਜਾ ਇਸ ਲਈ ਇਸ ਨੂੰ ਇਸਲਾਮ ਧਰਮ ਦੇ ਕਾਇਦੇ ਕਾਨੂੰਨਾਂ ਨੂੰ ਵੀ ਛਿੱਕੇ ਟੰਗ ਕੇ ਜੁਲਮ ਕੀਤਾ ਜੋ ਕਿਸੇ ਤਰ੍ਹਾਂ ਵੀ ਬਖਸ਼ਣਯੋਗ ਨਹੀਂ ਹੈ। ਜਾਰੀ ਮਤੇ ਰਾਹੀਂ ਕਿਹਾ ਕਿ ਆਸ਼ੂ ਖਾਨ ਦੇ ਕਾਰੇ ਨਾਲ ਪਿੰਡ ਵਾਸੀਆਂ ਅਤੇ ਮੁਸਲਿਮ ਭਾਈਚਾਰੀ ਦੀ ਆਪਸੀ ਏਕਤਾ ਅਖੰਡਤਾ ਨੂੰ ਢਾਹ ਲੱਗੀ ਹੈ ਅਤੇ ਪਿੰਡ ਵਾਸੀਆਂ ਅਤੇ ਪੰਚਾਇਤਾਂ ਨੇ ਫੈਸਲਾ ਲਿਆ ਕਿ ਆਸ਼ੂ ਖਾਨ ਇਸ ਪਿੰਡ ਨੂੰ ਛੱਡ ਕੇ ਚਲਿਆ ਜਾਵੇ। ਪਿੰਡ ਦੇ ਲੋਕਾਂ ਨੇ ਇਹ ਵੀ ਕਿਹਾ ਕਿ ਆਸ਼ੂ ਖਾਨ ਦੇ ਕੀਤੇ ਗੁਨਾਹ ਕਾਰਨ ਕੋਈ ਵੀ ਅਣਹੋਣੀ ਘਟਨਾ ਵਾਪਰ ਸਕਦੀ ਹੈ। ਲਿਹਾਜਾ ਇਹ ਗੁਨਾਹ ਮੁਆਫ ਨਹੀਂ ਕੀਤਾ ਜਾ ਸਕਦਾ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਨੂੰ ਅਦਾਲਤ ਨੇ ਸੁਣਾਈ ਮਿਸਾਲੀ ਸਜਾ

ਫਤਹਿਗੜ੍ਹ ਸਾਹਿਬ 10 ਨਵੰਬਰ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਮਾਣਯੋਗ ਅਦਾਲਤ ਵੱਲੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਅਧੀਨ ਆਉਂਦੇ ਪਿੰਡ ਤਰਖਾਣ ਮਾਜਰਾ ਤੇ ਪਿੰਡ ਜੱਲਾ ਵਿਖੇ ਸਾਲ 2020 ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਦੇ ਕਥਿਤ ਮੁਲਜਮ ਨੂੰ ਸਜਾ ਸੁਣਾਈ ਗਈ ਹੈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਰ ਐਸੋਸੀਏਸਨ ਦੇ ਪ੍ਰਧਾਨ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੇ ਕਿਹਾ ਕਿ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਨਾਭਾ ਦੇ ਪਿੰਡ ਦੇ ਰਹਿਣ ਵਾਲੇ ਸਹਿਜਵੀਰ ਸਿੰਘ ਵੱਲੋਂ 12 ਅਕਤੂਬਰ 2020 ਨੂੰ ਪਿੰਡ ਤਰਖਾਣ ਮਾਜਰਾ ਤੇ ਪਿੰਡ ਜੱਲਾ ਦੇ ਗੁਰਦੁਆਰਾ ਸਾਹਿਬ ਦੇ ਅੰਦਰ ਵੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਬੇਅਦਬੀ ਕੀਤੀ ਗਈ ਸੀ, ਜਿਸ ਮਾਮਲੇ 'ਚ ਮੁਲਜਮ ਸਹਿਜਵੀਰ ਖਿਲਾਫ ਥਾਣਾ ਸਰਹਿੰਦ ਵਿਖੇ 2 ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਦੋਵੇਂ ਹੀ ਮਾਮਲਿਆਂ 'ਚ ਫਤਹਿਗੜ੍ਹ ਸਾਹਿਬ ਦੀ ਮਾਣਯੋਗ ਅਦਾਲਤ ਨੇ ਸਹਿਜਵੀਰ ਨੂੰ 5-5 ਸਾਲ ਦੀ ਕੈਦ ਅਤੇ 5-5 ਹਜਾਰ ਜੁਰਮਾਨੇ ਦੀ ਸਜਾ ਸੁਣਾਈ ਹੈ। ਇਹ ਦੋਵੇਂ ਹੀ ਸਜਾਵਾਂ ਨਾਲੋਂ-ਨਾਲ 5 ਸਾਲ ਚੱਲਣਗੀਆਂ।


## ਖੁੱਲ੍ਹੇ ਨਾਲੇ 'ਚ ਡਿੱਗ ਕੇ 14 ਸਾਲ ਦੇ ਮੁੰਡੇ ਦੀ ਮੌ.ਤ, ਪਰਿਵਾਰ 'ਚ ਪਿਆ ਚੀਕ-ਚਿਹਾੜਾ

ਨਵੀਂ ਦਿੱਲੀ 10 ਨਵੰਬਰ। 14 ਸਾਲ ਦੇ ਮੁੰਡੇ ਦੀ ਖੁੱਲ੍ਹੇ ਨਾਲੇ 'ਚ ਡੁੱਬਣ ਕਾਰਨ ਮੌਤ ਹੋ ਗਈ। ਸਥਾਨਕ ਲੋਕਾਂ ਨੇ ਮੁੰਡੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤ ਪਰ ਨਾਕਾਮ ਰਹੇ। ਘਟਨਾ ਦੀ ਸੂਚਨਾ ਪੁਲਸ ਅਤੇ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਇਸ ਤੋਂ ਬਾਅਦ ਟੀਮ ਮੌਕੇ 'ਤੇ ਪਹੁੰਚੀ ਅਤੇ ਰੈਸਕਿਊ ਸ਼ੁਰੂ ਕੀਤਾ। ਘੰਟਿਆਂ ਦੀ ਮੁਸ਼ੱਕਤ ਮਗਰੋਂ ਬੱਚੇ ਦੀ ਲਾਸ਼ ਨਾਲੇ ਵਿਚੋਂ ਕੱਢੀ ਗਈ। ਇਸ ਘਟਨਾ ਮਗਰੋਂ ਮੁੰਡੇ ਦੇ ਪਰਿਵਾਰ 'ਚ ਚੀਕ-ਚਿਹਾੜਾ ਮਚ ਗਿਆ। ਜਾਣਕਾਰੀ ਮੁਤਾਬਕ ਇਹ ਘਟਨਾ ਆਊਟਰ ਦਿੱਲੀ ਦੇ ਨਾਗਲੋਈ ਰਾਜਿੰਦਰ ਪਾਰਕ ਐਕਸਟੈਂਸ਼ਨ ਇਲਾਕੇ ਦੀ ਹੈ। ਇੱਥੇ 14 ਸਾਲ ਦਾ ਵਿਕਾਸ ਨਾਂ ਦਾ ਮੁੰਡਾ ਐਕਸਟੈਂਸ਼ਨ ਦੇ ਡੀ. ਬਲਾਕ ਇਲਾਕੇ ਵਿਚ ਪਰਿਵਾਰ ਨਾਲ ਰਹਿੰਦਾ ਸੀ। ਉਹ ਸ਼ੁੱਕਰਵਾਰ ਦੀ ਦੁਪਹਿਰ ਨੂੰ ਇਲਾਕੇ ਦੇ ਖੁੱਲ੍ਹੇ ਨਾਲੇ ਦੇ ਕਿਨਾਰੇ ਤੋਂ ਜਾ ਰਿਹਾ ਸੀ, ਤਾਂ ਅਚਾਨਕ ਉਹ ਨਾਲੇ 'ਚ ਡਿੱਗ ਗਿਆ। ਸਥਾਨਕ ਲੋਕਾਂ ਨੇ ਵੇਖਿਆ ਤਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਕ ਔਰਤ ਨੇ ਲੱਕੜ ਦੇ ਸਹਾਰੇ ਬੱਚੇ ਨੂੰ ਨਾਲੇ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੀ। ਜਿਸ ਤੋਂ ਬਾਅਦ ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਣ 'ਤੇ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਰੈਸਕਿਊ ਸ਼ੁਰੂ ਕੀਤੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਨਾਲਾ ਦਿੱਲੀ ਸਰਕਾਰ ਦੇ ਵਿਭਾਗ ਦੇ ਅੰਡਰ ਆਉਂਦਾ ਹੈ। ਇਸ ਨਾਲੇ ਦੀ ਕਦੇ ਸਫਾਈ ਨਹੀਂ ਹੁੰਦੀ।

## ਪੰਜਾਬ 'ਚ ਵੱਡੀ ਵਾਰਦਾਤ ! ਪਤਨੀ ਨੇ ਚੁੰਨੀ ਨਾਲ ਗਲਾ ਘੋਟ ਕੇ ਮਾਰ 'ਤਾ ਪਤੀ, ਫਿਰ ਬਣਾਈ ਹਾਰਟ ਅਟੈਕ ਦੀ ਕਹਾਣੀ

**ਏਜੰਸੀਆਂ**

ਲੁਧਿਆਣਾ 10 ਨਵੰਬਰ। ਇਸਕ 'ਚ ਅੰਨ੍ਹੀ ਹੋਈ ਪਤਨੀ ਨੇ ਆਪਣੇ ਆਸ਼ਿਕ ਦੇ ਨਾਲ ਰਲ ਕੇ ਚੁੰਨੀ ਨਾਲ ਗਲਾ ਘੋਟ ਕੇ ਪਤੀ ਦਾ ਕਤਲ ਕਰ ਦਿੱਤਾ। ਇਸ ਮਗਰੋਂ ਉਸ ਨੇ ਬੜੀ ਚਲਾਕੀ ਨਾਲ ਪੁਲਸ ਤੇ ਪਰਿਵਾਰ ਨੂੰ ਗੁੰਮਰਾਹ ਕਰਨ ਲਈ ਕਿਹਾ ਕਿ ਪਤੀ ਨੂੰ ਹਾਰਟ ਅਟੈਕ ਆਇਆ ਹੈ। ਘਟਨਾ ਦੀ ਸੂਚਨਾ ਮਗਰੋਂ ਪੁਲਸ ਅਧਿਕਾਰੀਆਂ ਸਮੇਤ ਥਾਣਾ ਡਾਬਾ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਵੱਲੋਂ ਸੀ.ਸੀ.ਟੀ.ਵੀ. ਫੁਟੇਜ ਵੇਖੇ ਜਾਣ 'ਤੇ ਪਤਨੀ ਦੀ ਸਾਰੀ ਪੋਲ ਖੁੱਲ੍ਹ ਗਈ। ਪੁਲਸ ਵੱਲੋਂ ਸਖਤੀ ਕੀਤੇ ਜਾਣ 'ਤੇ ਮਹਿਲਾ ਅਤੇ ਉਸ ਦੇ ਆਸ਼ਿਕ ਨੇ ਸੱਚ ਕਬੂਲ ਲਿਆ। ਪੁਲਸ ਨੇ ਮ੍ਰਿਤਕ ਦੀ ਪਤਨੀ ਕਿਰਨ ਅਤੇ ਉਸ ਦੇ ਆਸ਼ਿਕ ਲਵਕੁਸ਼ ਨੂੰ ਕਾਬੂ ਕਰ ਲਿਆ ਹੈ। ਮੁਲਜਮਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕਰ ਲਿਆ ਗਿਆ ਹੈ ਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਦੀਪ ਨੇ ਦੱਸਿਆ ਕਿ ਉਹ ਹੋਜਰੀ ਵਿਚ ਓਵਰਲਾਕ ਦਾ ਕੰਮ ਕਰਦਾ ਹੈ। ਉਸ ਦਾ ਭਰਾ ਰਾਜਕੁਮਾਰ ਵੀ ਓਵਰਲਾਕ ਦਾ ਕੰਮ ਕਰਦਾ ਸੀ। ਉਹ ਡਾਬਾ ਦੇ ਮਹਾ ਸਿੰਘ ਨਗਰ ਵਿਚ ਆਪਣੀ ਪਤਨੀ ਨਾਲ ਰਹਿੰਦਾ ਸੀ। ਬੀਤੇ ਬੁੱਧਵਾਰ ਉਸ ਦੀ ਭਾਬੀ ਨੇ ਪਰਿਵਾਰ ਨੂੰ ਦੱਸਿਆ ਕਿ ਰਾਜਕੁਮਾਰ ਨੂੰ ਅਚਾਨਕ ਕੁਝ ਹੋ ਗਿਆ ਹੈ। ਪਤਾ ਲੱਗਣ 'ਤੇ ਉਹ ਪਰਿਵਾਰ ਸਮੇਤ ਉੱਥੇ ਪਹੁੰਚ ਗਿਆ। ਉਨ੍ਹਾਂ ਨੂੰ ਸ਼ੱਕ ਹੋਇਆ ਤਾਂ ਇਸ ਬਾਰੇ ਪੁਲਸ ਨੂੰ ਸੂਚਨਾ ਦਿੱਤੀ। ਥਾਣਾ ਡਾਬਾ ਦੀ ਪੁਲਸ




ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ ਤਾਂ ਮ੍ਰਿਤਕ ਦੀ ਪਤਨੀ ਤੇ ਉਸ ਦਾ ਆਸ਼ਿਕ ਲਵਕੁਸ਼ ਸਵੇਰੇ 3-4 ਵਾਰ ਕਮਰੇ ਦੇ ਅੰਦਰ-ਬਾਹਰ ਗਏ। ਜਦੋਂ ਪੁਲਸ ਨੇ ਉਨ੍ਹਾਂ ਲੋਕਾਂ ਤੋਂ ਪੁੱਛਗਿੱਛ ਸ਼ੁਰੂ ਕੀਤੀ ਤਾਂ ਉਹ ਵਾਰ-ਵਾਰ ਆਪਣੇ ਬਿਆਨ ਬਦਲਦੇ ਰਹੇ। ਪਹਿਲਾਂ ਉਸ ਦੀ ਪਤਨੀ ਨੇ ਕਿਹਾ ਕਿ ਉਸ ਦੇ ਪਤੀ ਨੂੰ ਹਾਰਟ ਅਟੈਕ ਆਇਆ ਸੀ। ਇਸ ਮਗਰੋਂ ਉਸ ਨੇ ਕਿਹਾ ਕਿ ਉਸ ਨੇ ਖੁਦਕੁਸ਼ੀ ਕੀਤੀ ਹੈ ਤੇ ਉਨ੍ਹਾਂ ਨੇ ਉਸ ਦੀ ਲਾਸ਼ ਨੂੰ ਹੇਠਾਂ ਉਤਾਰਿਆ। ਸ਼ੱਕ ਹੋਣ 'ਤੇ ਪੁਲਸ ਨੇ ਦੋਹਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਦੋਹਾਂ ਨੇ ਆਪਣਾ ਜੁਰਮ ਕਬੂਲ ਲਿਆ। ਪੁੱਛਗਿੱਛ ਵਿਚ ਪਤਾ ਲੱਗਿਆ ਕਿ ਮੁਲਜਮ ਲਵਕੁਸ਼ ਮ੍ਰਿਤਕ ਰਾਜਕੁਮਾਰ ਦਾ ਸਹੁਰਿਆਂ ਵੱਲੋਂ ਰਿਸ਼ਤੇਦਾਰ ਸੀ, ਜਿਸ ਕਾਰਨ ਕਿਰਨ ਤੇ ਉਸ ਦਾ ਮੇਲ-ਜੋਲ ਸੀ। ਦੋਹਾਂ ਵਿਚਾਲੇ ਨਾਜਾਇਜ ਸਬੰਧ ਬਣ ਗਏ, ਜਿਸ ਬਾਰੇ ਰਾਜਕਮਾਰ ਨੂੰ ਭਿਣਕ ਵੀ ਨਹੀਂ ਲੱਗੀ। ਦੋਹਾਂ ਨੇ ਰਲ ਕੇ ਰਾਜ ਕੁਮਾਰ ਨੂੰ ਰਾਹ ਹਟਾਉਣ ਲਈ ਪਲਾਨ ਬਣਾਇਆ ਸੀ ਤੇ ਪਲਾਨ ਪੂਰਾ ਕਰਨ ਲਈ ਕਿਰਨ ਪਹਿਲਾਂ ਆਪਣੇ ਪੇਕੇ ਚਲੀ ਗਈ ਸੀ। ਬੁੱਧਵਾਰ ਸਵੇਰੇ ਹੀ ਉਹ ਘਰ ਆਈ ਤੇ ਲਵਕੁਸ਼ ਵੀ ਉਸ ਦੇ ਮਗਰ ਆ ਗਿਆ। ਉਨ੍ਹਾਂ ਨੇ ਚੁੰਨੀ ਨਾਲ ਰਾਜਕੁਮਾਰ ਦਾ ਗਲਾ ਘੋਟ ਦਿੱਤਾ ਤੇ ਫ਼ਿਰ ਚੁੰਨੀ ਖਾਲੀ ਪਲਾਟ ਵਿਚ ਸੁੱਟੀ ਦਿੱਤੀ। ਪੁਲਸ ਵੱਲੋਂ ਚੁੰਨੀ ਵੀ ਬਰਾਮਦ ਕਰ ਲਈ ਗਈ ਹੈ। ਮੁਲਜਮਾਂ ਤੋਂ ਪੁੱਛਗਿੱਛ ਜਾਰੀ ਹੈ।

## ਸਹੁੰ ਚੁੱਕ ਸਮਾਗਮ ਦੀਆਂ ਤਿਆਰੀਆਂ ਮੁਕੰਮਲ, 10,000 ਤੋਂ ਵੱਧ ਸਰਪੰਚਾਂ ਨੂੰ ਹਲਫ ਚੁਕਾਉਣਗੇ ਮਾਨ

**ਏਜੰਸੀਆਂ**

ਲੁਧਿਆਣਾ/ਚੰਡੀਗੜ੍ਹ 10 ਨਵੰਬਰ। ਸੂਬੇ ਵਿੱਚ ਲੋਕਤੰਤਰ ਦੇ ਜਸ਼ਨ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਪੁਖਤਾ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਲੁਧਿਆਣਾ ਦੇ ਪਿੰਡ ਧਨਾਨਸੂ ਵਿਖੇ ਸਥਿਤ ਸਾਈਕਲ ਵੈਲੀ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਨਵੇਂ ਚੁਣੇ ਸਰਪੰਚਾਂ ਨੂੰ ਅਹੁਦੇ ਦਾ ਹਲਫ ਦਿਵਾਉਣਗੇ। ਸੂਬਾ ਸਰਕਾਰ ਦੇ ਇਸ ਨਿਵੇਕਲੀ ਕਿਸਮ ਦੇ ਸਮਾਗਮ ਦੇ ਮੁੱਖ ਮਹਿਮਾਨ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੋਣਗੇ। ਇਹ ਸਮਾਗਮ ਕਰਵਾਉਣ ਦਾ ਉਪਰਾਲਾ ਹੇਠਲੇ ਪੱਧਰ 'ਤੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰੇਗਾ ਕਿਉਂਕਿ ਪੰਚਾਇਤਾਂ ਨੂੰ 'ਲੋਕਤੰਤਰ ਦੇ ਥੰਮ' ਵਜੋਂ ਜਾਣਿਆ ਜਾਂਦਾ ਹੈ। ਰਾਜ ਪੱਧਰੀ ਸਮਾਗਮ ਦੌਰਾਨ ਸੂਬੇ ਵਿੱਚ ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾਂ ਵਿੱਚ ਸੂਬਾ ਭਰ ਦੇ 23 ਜ਼ਿਲ੍ਹਿਆਂ ਵਿੱਚ ਨਵੀਆਂ ਚੁਣੀਆਂ 13,147 ਗ੍ਰਾਮ ਪੰਚਾਇਤਾਂ ਵਿੱਚੋਂ 19 ਜ਼ਿਲ੍ਹਿਆਂ ਦੇ 10,031 ਸਰਪੰਚਾਂ ਨੂੰ ਮੁੱਖ ਮੰਤਰੀ ਵੱਲੋਂ ਅਹੁਦੇ ਦਾ ਹਲਫ ਦਿਵਾਇਆ ਜਾਵੇਗਾ। ਬਾਕੀ ਚਾਰ ਜ਼ਿਲ੍ਹਿਆਂ ਸ੍ਰੀ ਮੁਕਤਸਰ ਸਾਹਿਬ, ਹੁਸ਼ਿਆਰਪੁਰ, ਬਰਨਾਲਾ ਅਤੇ ਗੁਰਦਾਸਪੁਰ ਦੇ ਸਰਪੰਚਾਂ ਅਤੇ 23 ਜ਼ਿਲ੍ਹਿਆਂ ਦੇ 81,808 ਨਵੇਂ ਚੁਣੇ ਪੰਚਾਂ ਨੂੰ ਚਾਰ ਵਿਧਾਨ ਸਭਾ ਹਲਕਿਆਂ ਗਿੱਦੜਬਾਹਾ, ਚੱਬੇਵਾਲ, ਬਰਨਾਲਾ ਅਤੇ ਡੇਰਾ ਬਾਬਾ ਨਾਨਕ ਦੀਆਂ ਜ਼ਿਮਨੀ ਚੋਣਾਂ ਤੋਂ ਬਾਅਦ ਸਹੁੰ ਚੁਕਾਈ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਪੰਚਾਇਤੀ ਚੋਣਾਂ ਕਰਵਾਉਣ ਵਿੱਚ ਨਵੇਂ ਦਿਸਹੱਦੇ ਕਾਇਮ ਕੀਤੇ ਹਨ ਅਤੇ ਇਹ ਪੰਚਾਇਤੀ ਚੋਣਾਂ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ ਤੋਂ ਬਿਨਾਂ ਹੋਈਆਂ ਸਨ ਤਾਂ ਕਿ ਪਿੰਡਾਂ ਨੂੰ ਸਿਆਸੀ ਧੜੇਬੰਦੀ ਦੇ ਪਰਛਾਵੇਂ ਤੋਂ ਦੂਰ ਰੱਖਿਆ ਜਾ ਸਕੇ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਸੂਬਾ ਸਰਕਾਰ ਨੇ ਵਡੇਰੇ ਜਨਤਕ ਹਿੱਤ ਵਿੱਚ ਪਾਰਟੀ ਦੇ ਚੋਣ ਨਿਸ਼ਾਨ ਉਤੇ ਪੰਚਾਇਤੀ ਚੋਣ ਲੜਨ ਉਤੇ ਪਾਬੰਦੀ ਲਾਉਣ ਦਾ ਇਤਿਹਾਸਕ ਫੈਸਲਾ ਲਿਆ ਸੀ। ਸੂਬਾ ਸਰਕਾਰ ਦੇ ਇਸ ਫੈਸਲੇ ਦਾ ਉਦੇਸ਼ ਪਿੰਡਾਂ ਦੇ ਧੜੇਬੰਦੀ ਨਾਲ ਪੈਦਾ ਹੁੰਦੇ ਕੁੜੱਤਣ ਵਾਲੇ ਮਾਹੌਲ ਨੂੰ ਖਤਮ ਕਰਨਾ ਸੀ ਤਾਂ ਕਿ ਪੇਂਡੂ ਇਲਾਕਿਆਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਨੇਕ ਕਾਰਜ ਰਾਹੀਂ ਸੂਬਾ ਸਰਕਾਰ ਨੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਵਿਸ਼ੇਸ਼ ਉਪਰਾਲੇ ਕੀਤੇ ਹਨ ਜਿਸ ਨਾਲ ਪਿੰਡਾਂ ਦੇ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ। ਪੰਚਾਇਤੀ ਚੋਣਾਂ ਮੌਕੇ ਇਕ ਹੋਰ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਧੜੇਬੰਦੀ ਦੀਆਂ ਸੰਕੀਰਣ ਵਲਗਣਾਂ ਤੋਂ ਉਪਰ ਉੱਠ ਕੇ ਸਰਬਸੰਮਤੀ ਨਾਲ ਪੰਚਾਇਤ ਚੁਣਨ ਦੀ ਅਪੀਲ ਕੀਤੀ ਸੀ ਤਾਂ ਕਿ ਪਿੰਡਾਂ ਵਿੱਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ




ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਪਿੰਡਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਮੁੱਖ ਮੰਤਰੀ ਦੀ ਅਪੀਲ ਨੂੰ ਵੱਡਾ ਹੁੰਗਾਰਾ ਦਿੰਦਿਆਂ ਸੂਬੇ ਵਿੱਚ 3037 ਸਰਪੰਚ ਸਰਬਸੰਮਤੀ ਨਾਲ ਚੁਣੇ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਫਿਰੋਜ਼ਪੁਰ ਜ਼ਿਲ੍ਹੇ ਵਿੱਚ 336 ਸਰਪੰਚ, ਗੁਰਦਾਸਪੁਰ ਵਿੱਚ 335 ਸਰਪੰਚ ਅਤੇ ਤਰਨ ਤਾਰਨ ਵਿੱਚ 334 ਸਰਪੰਚਾਂ ਦੀ ਚੋਣ ਸਰਬਸੰਮਤੀ ਨਾਲ ਹੋਈ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਸਮਾਗਮ ਦੀ ਸਫਲਤਾ ਲਈ ਢੁਕਵੇਂ ਇਤਜ਼ਾਮ ਕੀਤੇ ਗਏ ਹਨ ਕਿਉਂ ਜੋ ਇਸ ਸਮਾਗਮ ਵਿੱਚ ਸੂਬਾ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਪੰਚਾਇਤੀ ਨੁਮਾਇੰਦੇ ਤੇ ਹੋਰ ਲੋਕ ਸ਼ਿਰਕਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਮਾਗਮ ਵਿੱਚ ਪਹੁੰਚ ਰਹੇ ਲੋਕਾਂ ਦੀ ਸਹੂਲਤ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੱਡੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਤਾਂ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਟ੍ਰੈਫਿਕ ਦੀ ਸੁਚਾਰੂ ਵਿਵਸਥਾ, ਵਾਹਨਾਂ ਦੀ ਪਾਰਕਿੰਗ ਅਤੇ ਹੋਰ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ ਤਾਂ ਕਿ ਦੂਰ-ਨੇੜੇ ਤੋਂ ਪਹੁੰਚਣ ਵਾਲੇ ਲੋਕ ਸੁਖਾਲੇ ਢੰਗ ਨਾਲ ਸਮਾਗਮ ਵਾਲੀ ਥਾਂ ਉਤੇ ਪਹੁੰਚ ਸਕਣ।

## ਪੰਜਾਬ ਦੇ ਵਾਹਨ ਚਾਲਕਾਂ ਲਈ ਖਤਰੇ ਦੀ ਘੰਟੀ ! ਜਾਰੀ ਹੋ ਗਏ ਸਖਤ ਹੁਕਮ

ਚੰਡੀਗੜ੍ਹ 10 ਨਵੰਬਰ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੈਲਮੇਟ ਵਿਵਾਦ 'ਤੇ ਇਕ ਵਾਰ ਫਿਰ ਸਥਿਤੀ ਸਪੱਸ਼ਟ ਕਰਦਿਆਂ ਸਖ਼ਤ ਹੁਕਮ ਜਾਰੀ ਕੀਤੇ ਹਨ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਅਨਿਲ ਖੇਤਰਪਾਲ ਦੀ ਡਿਵੀਜ਼ਨ ਬੈਂਚ ਨੇ ਕਿਹਾ ਕਿ ਚਾਰ ਸਾਲ ਤੋਂ ਵੱਡੀ ਉਮਰ ਦੇ ਬੱਚਿਆਂ ਲਈ ਦੋਪਹੀਆ ਵਾਹਨਾਂ 'ਤੇ ਹੈਲਮਟ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਸ ਸਬੰਧੀ ਹਾਈ ਕੋਰਟ ਨੇ ਕੇਂਦਰ ਨੂੰ ਖਰੜਾ ਤਿਆਰ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਸ ਤੋਂ ਇਲਾਵਾ ਔਰਤਾਂ ਦੇ ਹੈਲਮੇਟ ਪਾਉਣ 'ਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਹਾਈ ਕੋਰਟ ਨੇ ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਦੀਆਂ ਔਰਤਾਂ ਦੇ ਚਲਾਨਾਂ ਦੇ ਵੇਰਵੇ ਮੰਗੇ ਹਨ। ਪਿੱਛੇ ਬੈਠੀਆਂ ਔਰਤਾਂ ਬਾਰੇ ਵੀ ਹਦਾਇਤਾਂ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਹਾਈ ਕੋਰਟ ਨੇ ਦੋਪਹੀਆ ਵਾਹਨ ਦੇ ਪਿੱਛੇ ਬੈਠੀ ਔਰਤ ਦੇ ਹੈਲਮੇਟ ਨਾ ਪਾਉਣ 'ਤੇ ਚਲਾਨ ਕੱਟਣ ਦੇ ਹੁਕਮ ਦਿੱਤੇ ਸਨ ਪਰ ਇਹ ਹੁਕਮ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ। ਇਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਸੀ, ਜਿਸ 'ਚ ਕਿਹਾ ਗਿਆ ਸੀ ਕਿ ਸਿੱਖ ਹੈਲਮੇਟ ਕਿਵੇਂ ਪਾ ਸਕਦੇ ਹਨ। ਇਸ 'ਤੇ ਹਾਈ ਕੋਰਟ ਦੀ ਦਲੀਲ ਸੀ ਕਿ ਸਿਰਫ਼ ਦਸਤਾਰਧਾਰੀ ਸਿੱਖ ਮਰਦਾਂ ਤੇ ਔਰਤਾਂ ਨੂੰ ਹੀ ਹੈਲਮਟ ਪਾਉਣ ਤੋਂ ਛੋਟ ਹੋਵੇਗੀ, ਭਾਵੇਂ ਉਹ ਦੋਪਹੀਆ ਵਾਹਨ ਚਲਾ ਰਹੇ ਹੋਣ ਜਾਂ ਪਿੱਛੇ ਬੈਠੇ ਹੋਣ। ਹਾਈ ਕੋਰਟ ਨੇ ਪਿਛਲੇ ਹੁਕਮਾਂ ਤੋਂ ਬਾਅਦ ਦੋਵਾਂ ਸੂਬਿਆਂ ਤੇ ਚੰਡੀਗੜ੍ਹ ਤੋਂ ਚਲਾਨ ਦੇ ਵੇਰਵੇ ਮੰਗੇ ਹਨ। ਇਹ ਪੁੱਛਿਆ ਗਿਆ ਹੈ ਕਿ ਮਹਿਲਾ ਦੋਪਹੀਆ ਵਾਹਨ ਚਾਲਕਾਂ ਦੇ ਕਿੰਨੇ ਚਲਾਨ ਕੀਤੇ ਗਏ ਅਤੇ ਕਿੰਨੇ ਚਲਾਨ ਅਜਿਹੇ ਕੀਤੇ ਗਏ ਜਿਨ੍ਹਾਂ ਵਿਚ ਔਰਤਾਂ ਦੋਪਹੀਆ ਵਾਹਨਾਂ ਦੇ ਪਿੱਛੇ ਬਿਨਾਂ ਹੈਲਮਟ ਤੋਂ ਬੈਠੀਆ ਪਾਈਆਂ ਗਈਆਂ।